SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

11ਵਾਂ ਸਾਲ
# ਦੇਸ਼ ਦੁਆਬਾ
ਹਫਤਾਵਾਰੀ
VOL -11 ISSUE -37
December 21, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਅਦਾਰਾ ਦੇਸ਼ ਦੁਆਬਾ ਵੱਲੋਂ ਕੁੱਲ ਲੋਕਾਈ ਨੂੰ ਕ੍ਰਿਸਮਿਸ ਦੀਆਂ ਲੱਖ-ਲੱਖ ਵਧਾਈਆਂ।

# ਅਰਜਨਟੀਨਾ ਨੇ ਜਿੱਤ ਲਿਆ ਫੀਫਾ ਵਿਸ਼ਵ ਕੱਪ





ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 5 'ਤੇ

## ਸ੍ਰੀ ਗੁਰੂ ਰਵਿਦਾਸ ਸਭਾਵਾਂ ਪਿਟਸਬਰਗ ਅਤੇ ਬੇ-ਏਰੀਆ ਨੇ ਮਨਾਇਆ ਡਾ. ਅੰਬੇਡਕਰ ਜੀ ਦਾ 66ਵਾਂ ਪ੍ਰੀਨਿਰਵਾਣ ਦਿਵਸ



ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸੰਦੀਪ ਲੋਈ, ਪ੍ਰਿਯੰਕਾ ਯਾਦਵ ਅਤੇ ਤਕਸ਼ਿਕ ਦਾ ਸਿਰੋਪੇ ਨਾਲ ਸਨਮਾਨ ਕੀਤਾ ਗਿਆ।

**(ਰਿਪੋਰਟ ਦੇਖੋ ਅੰਬੇਦਕਰ ਟਾਈਮਜ਼ ਵਿਚ)**



ਪ੍ਰਿਯੰਕਾ ਯਾਦਵ ਅਤੇ ਸੰਦੀਪ ਲੋਈ ਦਾ ਸਿਰੋਪਾਓ ਨਾਲ ਸਨਮਾਨ ਕਰਦੇ ਹੋਏ ਚੇਅਰਮੈਨ ਵਿਨੋਦ ਕੁਮਾਰ ਚੁੰਬਰ ਅਤੇ ਹੋਰ।

# ਚੀਨ 'ਚ ਕੋਰੋਨਾ ਦੀ ਵਾਪਸੀ ਕਾਰਨ ਦੁਨੀਆਂ ਹੋਈ ਚੌਕਸ

## ਐਂਬੂਲੈਂਸ ਲਈ ਰੋਜ਼ਾਨਾ ਆ ਰਹੇ ਹਜ਼ਾਰਾਂ ਫੋਨ, ਸਸਕਾਰ ਲਈ ਲੰਬੀਆਂ ਲਾਈਨਾਂ

**ਬੀਜਿੰਗ (ਬਿਊਰੋ)-** ਚੀਨ 'ਚ ਇਕ ਵਾਰ ਫਿਰ ਕੋਰੋਨਾ ਦਾ ਜ਼ਬਰਦਸਤ ਧਮਾਕਾ ਹੋਇਆ ਹੈ, ਇਸ ਕਾਰਨ ਦੁਨੀਆ ਵਿਚ ਫਿਰ ਡਰ ਦਾ ਮਾਹੌਲ ਫੈਲਣਾ ਆਰੰਭ ਹੋ ਗਿਆ ਹੈ। ਜ਼ੀਰੋ ਕੋਵਿਡ ਨੀਤੀ ਦੇ ਬਾਵਜੂਦ ਚੀਨ ਵਿਚ ਕੋਰੋਨਾ ਕਾਰਨ ਸਥਿਤੀ ਬੇਕਾਬੂ ਹੋ ਗਈ ਹੈ। ਹਸਪਤਾਲ ਮਰੀਜ਼ਾਂ ਨਾਲ ਭਰੇ ਪਏ ਹਨ। ਸ਼ਮਸ਼ਾਨਘਾਟ 'ਚ ਵੀ ਥਾਂ ਘੱਟ ਹੈ। ਸਸਕਾਰ ਲਈ ਘੰਟਿਆਂਬੱਧੀ ਇੰਤਜ਼ਾਰ ਕਰਨਾ ਪੈਂਦਾ ਹੈ। ਕੋਰੋਨਾ ਦੇ ਮਾਮਲਿਆਂ ਦੇ ਵਿਚਕਾਰ, ਮਾਹਿਰਾਂ ਨੇ ਅਨੁਮਾਨ ਲਗਾਇਆ ਹੈ ਕਿ ਚੀਨ ਵਿਚ ਲੱਖਾਂ ਲੋਕਾਂ ਦੀ ਮੌਤ ਹੋ ਸਕਦੀ ਹੈ।

ਛੂਤ ਦੀਆਂ ਬਿਮਾਰੀਆਂ ਦੇ ਮਾਹਿਰ ਐਰਿਕ ਫਾਜ਼ਿਲ ਡਿੰਗ ਨੇ ਮਹਾਮਾਰੀ ਦੇ ਵੱਡੇ ਪੱਧਰ 'ਤੇ ਫੈਲਣ ਬਾਰੇ ਚਿਤਾਵਨੀ ਜਾਰੀ ਕੀਤੀ ਹੈ। ਅੰਦਾਜ਼ੇ ਮੁਤਾਬਕ ਅਗਲੇ 90 ਦਿਨਾਂ 'ਚ ਦੇਸ਼ ਦਾ 60 ਫੀਸਦੀ ਤੋਂ ਜ਼ਿਆਦਾ ਭਾਵ ਦੁਨੀਆ ਦੀ 10 ਫੀਸਦੀ ਆਬਾਦੀ ਕੋਰੋਨਾ ਮਹਾਮਾਰੀ ਨਾਲ ਪ੍ਰਭਾਵਿਤ ਹੋਣ ਵਾਲੀ ਹੈ। ਇਸ ਕਾਰਨ ਲੱਖਾਂ ਲੋਕਾਂ ਦੀ ਮੌਤ ਹੋ ਸਕਦੀ ਹੈ। ਚੀਨ ਕੋਰੋਨਾ ਨਾਲ ਹੋਈਆਂ ਮੌਤਾਂ ਦੇ ਅੰਕੜਿਆਂ ਨੂੰ ਲੁਕਾ ਰਿਹਾ ਹੈ। ਚੀਨ ਨੇ ਬੀਜਿੰਗ ਵਿੱਚ ਇੱਕ ਵੀ ਕੋਰੋਨਾ ਮੌਤ ਦਾ ਜ਼ਿਕਰ ਨਹੀਂ ਕੀਤਾ ਹੈ। ਹਾਲਾਂਕਿ, ਅਧਿਕਾਰੀਆਂ ਨੇ 19 ਤੋਂ 23 ਨਵੰਬਰ ਦਰਮਿਆਨ ਚਾਰ ਮੌਤਾਂ ਦੇ ਵੇਰਵੇ ਦਿੱਤੇ ਸਨ।



ਚੀਨ ਮੌਤ ਦੇ ਅੰਕੜਿਆਂ ਨੂੰ ਲੁਕਾ ਰਿਹਾ ਹੈ, ਪਰ ਸ਼ਮਸ਼ਾਨਘਾਟ ਅਸਲ ਕਹਾਣੀ ਬਿਆਨ ਕਰ ਰਹੇ ਹਨ। ਵਾਲ ਸਟਰੀਟ ਜਰਨਲ ਮੁਤਾਬਕ ਸ਼ਮਸ਼ਾਨਘਾਟ ਦੇ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਬੀਜਿੰਗ ਦਾ ਡੋਂਗਜਿਆਓ ਸ਼ਮਸ਼ਾਨਘਾਟ ਲਾਸ਼ਾਂ ਨਾਲ ਭਰ ਗਿਆ ਹੈ। ਇੱਥੇ ਕੰਮ ਕਰਨ ਵਾਲੀ ਇਕ ਔਰਤ ਨੇ ਕਿਹਾ ਕਿ ਸਾਡੇ ਕੋਲ ਸਾਹ ਲੈਣ ਦੀ ਵੀ ਫੁਰਸਤ ਨਹੀਂ ਹੈ। ਅਸੀਂ ਇਸ ਸਮੇਂ 24 ਘੰਟੇ ਕੰਮ ਕਰ ਰਹੇ ਹਾਂ। ਦਿਨ-ਰਾਤ ਅਸੀਂ ਲਾਸ਼ਾਂ ਦਾ ਸਸਕਾਰ ਕਰਨ ਵਿੱਚ ਲੱਗੇ ਹੋਏ ਹਾਂ। ਉਨ੍ਹਾਂ ਦੱਸਿਆ ਕਿ ਪਹਿਲਾਂ 30 ਤੋਂ 40 ਲਾਸ਼ਾਂ ਆਉਂਦੀਆਂ ਸਨ, ਹੁਣ 200 ਆ ਰਹੀਆਂ ਹਨ। 2,000 ਲਾਸ਼ਾਂ ਸਸਕਾਰ ਲਈ ਕਤਾਰ ਵਿੱਚ ਹਨ। ਹਰ ਰੋਜ਼ ਐਂਬੂਲੈਂਸ ਲਈ 30 ਹਜ਼ਾਰ ਤੋਂ ਵੱਧ ਕਾਲਾਂ ਆ ਰਹੀਆਂ ਹਨ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212 (NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN Broker Realtor RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ

**MARTYRDOM DAY OF GURU GOBIND SINGH JI & 4 SAHIBZADAS**

Shri Guru Ravidass Temple, Pittsburg (CA) will observe Martyrdom Day of four Sahibzadas of Guru Gobind Singh Ji on December 25th, 2022 (Sunday) with the recitation of Path, Sukhmani Sahib. The honorable Sangat is humbly requested to join in paying our tributes to the heroic deeds and sacrifices of Vadde Sahibzade Baba Ajit Singh Ji, Baba Jujhar Singh Ji, Chhote Sahibzade Baba Zorabar Singh Ji, Baba Fateh Singh Ji and Mata Gujri Ji to save their religion.



**February 3-4-5, 2023**
**Gurupurb Sri Guru Ravidass Ji**

ਸਗਲ ਭਵਨ ਕੇ ਨਾਇਕਾ
ਇਕੁ ਛਿਨੁ ਦਰਸੁ ਦਿਖਾਇ ਜੀ

Sri Guru Ravidass Sabha CA, Pittsburg is celebrating the 646th Parkash Utsav of SATGURU RAVIDASS JI on Sunday, February 5, 2023 at the temple as per program noted below:

**ARAMBH SHRI AKHAND PATH**
**February 3, 2023 (Friday)**
**9:30 AM**
**Nishan Sahib Hoisting Ceremony**
**February 4, 2023**
**(Saturday) at 11:00 AM.**

**December 31, 2022**
**Rain Sabai New Year's celebrations**

We will be celebrating New Year's Eve at Gurughar in welcoming the New Year 2023. Let us start the New Year with a prayer for love, happiness and prosperity of our Sangat. Raggi jatha of Bhai Lakhan Singh and Gurughar Jatha of Giani Balwinder Singh ji will do the Shabad Kirtan.

**January 13, 2023**
**Lohri Celebrations**

Lohri will be celebrated in Gurghar in the evening. Sukhmani Sahib path and Langar sewa will be hosted by Suman family.

**BHOG SHRI AKHAND PATH**
**February 5, 2023 (Sunday) 9:30 AM,**
**KIRTAN DIWAN** - After Bhog Ceremony until 2:00 PM

Sangat will perform Langer and Path Sewa for this program. Jatha of Giani Balwinder Singh ji's and other Kirtankars will enhance this Kirtan Diwan along with distinguished Speakers and community leaders well versed with life and teachings of Satguru Ravidass ji.

**We need volunteers to help with this event.**

For **STALLS or any SEWA**, please contact **President Vinod Kumar at (408) 718-2506** or **Chairperson Kulwant Banga at (925) 698-3059.**

**We need your help and support.**

**"NANAK NAM CHARDI KALA TERE BHANE SARBAT DA BHALA"**

**www.sriguruavidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ



**4 ਸਾਹਿਬਜ਼ਾਦਿਆਂ ਅਤੇ ਸ੍ਰੀ ਚਮਕੌਰ ਸਾਹਿਬ ਜੀ ਦੇ ਸ਼ਹੀਦਾਂ ਨੂੰ ਸਮਰਪਿਤ ਮਹਾਨ ਸ਼ਹੀਦੀ ਸਮਾਗਮ ਮਿਤੀ 23, 24, 25 ਦਸੰਬਰ 2022**

ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ (ਕੈਲੇਫੋਰਨੀਆ) ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਮਾਤਾ ਗੁਜਰੀ ਜੀ ਤੇ 4 ਸਾਹਿਬਜ਼ਾਦਿਆਂ ਅਤੇ ਸ੍ਰੀ ਚਮਕੌਰ ਸਾਹਿਬ ਜੀ ਦੇ ਸ਼ਹੀਦਾਂ ਨੂੰ ਸਮਰਪਿਤ ਮਹਾਨ ਸ਼ਹੀਦੀ ਸਮਾਗਮ ਮਿਤੀ 23, 24, 25 ਦਸੰਬਰ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਬੜੀ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਮਿਤੀ 23 ਦਸੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ, ਜਿਹਨਾਂ ਦੇ ਭੋਗ ਮਿਤੀ 25 ਦਸੰਬਰ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਢਾਡੀ ਹਰ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ।















**ਗੁਰੂ ਘਰ ਦੇ ਮੌਜੂਦਾ ਸੇਵਾਦਾਰ**

ਗੁਰਨਾਮ ਸਿੰਘ ਭੰਡਾਲ (ਚੇਅਰਮੈਨ), ਪਰਸ਼ੋਤਮ ਸੂਦ (ਵਾਈਸ ਚੇਅਰਮੈਨ), ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ), ਮੋਹਿੰਦਰ ਸਿੰਘ ਰੱਤੂ (ਵਾਈਸ ਪ੍ਰਧਾਨ), ਕੁਲਦੀਪ ਸਿੰਘ (ਜਨਰਲ ਸਕੱਤਰ), ਦਲਵਿੰਦਰ ਰੱਲ੍ਹ (ਵਾਈਸ ਜਨਰਲ ਸਕੱਤਰ), ਰਾਮ ਸੇਵਕ ਭਾਟੀਆ (ਕੈਸ਼ੀਅਰ), ਜਗਮੇਲ ਸਿੰਘ, ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ), ਕ੍ਰਿਸ਼ਨ ਸਿੰਘ (ਵਾਈਸ ਸਟੇਜ ਸਕੱਤਰ), ਅਸ਼ੋਕ ਕੁਮਾਰ (ਮੀਡੀਆ ਪਰਸਨ), ਲਖਬੀਰ ਸੂਦ (ਡਾਇਰੈਕਟਰ), ਜਸਵਿੰਦਰ ਸਿੰਘ (ਡਾਇਰੈਕਟਰ)

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

| ਸ੍ਰੀ ਗੁਰਨਾਮ ਸਿੰਘ ਭੰਡਾਲ | ਸ੍ਰੀ ਸ਼ਿੰਗਾਰਾ ਸਿੰਘ ਰੱਲ | ਭਾਈ ਗੁਰਦਿਆਲ ਸਿੰਘ | ਸ੍ਰੀ ਕ੍ਰਿਸ਼ਨ ਸਿੰਘ |
|---|---|---|---|
| (530) 218-4468 | (530) 713-1823 | (530) 441-4165 | (916) 694-3546 |

**Shri Guru Ravidass Temple 1480 HAYNE AVE YUBA CITY, CA. Ph- 530-674-2564**

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਡਾ. ਬੀ. ਆਰ. ਅੰਬੇਦਕਰ ਦਾ ਮਹਾਂਪ੍ਰੀਨਿਰਵਾਣ ਦਿਵਸ ਬੀਤੇ ਦਿਨੀਂ ਗੁਰੂ ਘਰ ਯੂਨੀਅਨ ਸਿਟੀ (ਕੈਲੇਫੋਰਨੀਆ) ਵਿਖੇ ਮਨਾਇਆ ਗਿਆ। ਇਸ ਮੌਕੇ ਦੂਰੋਂ-ਨੇੜਿਉਂ ਆਈਆਂ ਸ਼ਖਸੀਅਤਾਂ ਨੇ ਡਾ. ਅੰਬੇਦਕਰ ਜੀ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਸ੍ਰੀ ਸੰਦੀਪ ਲੋਈ (ਸ਼ਿਕਾਗੋ ਤੋਂ) ਨੇ ਇਸ ਮੌਕੇ ਗੁਰੂ ਘਰ ਦੀ ਨਵੀਂ ਉਸਾਰੀ ਜਾ ਰਹੀ ਬਿਲਡਿੰਗ ਲਈ ਦਾਨ ਵੀ ਦਿੱਤਾ। ਇਸ ਮੌਕੇ ਵਿਨੋਦ ਕੁਮਾਰ ਚੁੰਬਰ (ਚੇਅਰਮੈਨ), ਨਰੇਸ਼ ਕੁਮਾਰ ਗੱਡੂ (ਜਨਰਲ ਸਕੱਤਰ) ਤੇ ਰਣਧੀਰ ਸੁੰਮਨ ਅਤੇ ਹੋਰ ਬੁਲਾਰਿਆਂ ਨੇ ਆਪਣੇ ਵਿਚਾਰ ਰੱਖਦਿਆਂ ਡਾ. ਅੰਬੇਦਕਰ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਇਕ ਦਿਨ ਪਹਿਲਾਂ ਮਿਸ਼ਨਰੀ ਸ੍ਰੀ ਸੰਦੀਪ ਲੋਈ ਸ਼ਿਕਾਗੋ ਤੋਂ ਅਤੇ ਮਿਸ. ਪ੍ਰਿਯੰਕਾ ਯਾਦਵ ਅਤੇ ਹੋਰਾਂ ਨੇ ਗੁਰੂ ਘਰ ਦੀ ਉਸਾਰੀ ਜਾ ਰਹੀ ਬਿਲਡਿੰਗ ਦੇ ਦਰਸ਼ਨ ਕੀਤੇ ਅਤੇ ਉਹਨਾਂ ਦਾ ਸਿਰੋਪਾਓ ਨਾਲ ਸਨਮਾਨ ਵੀ ਕੀਤਾ ਗਿਆ। ਸਮਾਗਮ ਦੀਆਂ ਕੁਝ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ।















# SKY TRANSPORT SOLUTIONS

**STRIVE FOR MORE**

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376



## ਫੀਫਾ ਵਿਸ਼ਵ ਕੱਪ

# ਅਰਜਨਟੀਨਾ ਨੇ ਜਿੱਤ ਲਿਆ ਫੀਫਾ ਵਿਸ਼ਵ ਕੱਪ

ਵਿਸ਼ਵ ਕੱਪ ਫ਼ਾਈਨਲ 'ਚ ਅਰਜਨਟੀਨਾ ਦੀ ਜਿੱਤ ਲਿਓਨਲ ਮੈਸੀ ਦੇ ਨਾਮ ਰਹੀ। ਉਨ੍ਹਾਂ ਇਹ ਜਿੱਤ ਐਮਬਾਪੇ ਦੇ ਤਿੰਨ ਗੋਲਾਂ ਦੇ ਫ਼ਰਾਂਸ ਵਲੋਂ ਦਿੱਤੇ ਸਖ਼ਤ ਮੁਕਾਬਲੇ ਨੂੰ ਪਾਰ ਕਰ ਹਾਸਿਲ ਕੀਤੀ। ਮੈਚ ਦੌਰਾਨ ਮੈਸੀ, ਐਮਬਾਪੇ ਤੇ ਗੋਲਕੀਪਰ ਐਮਿਲਿਆਨੋ ਮਾਰਟੀਨੇਜ਼ ਦਾ ਜਾਦੂ ਸਭ ਨੂੰ ਕੀਲ ਗਿਆ। ਜਦੋਂ ਵਿਸ਼ਵ ਕੱਪ ਮੈਸੀ ਦੇ ਹੱਥਾਂ ਵਿੱਚ ਆਇਆ ਉਨ੍ਹਾਂ ਕਿਹਾ, "ਮੈਂ ਬਹੁਤ ਸ਼ਿੱਦਤ ਨਾਲ ਇਸ ਨੂੰ ਚਾਹੁੰਦਾ ਹਾਂ। ਮੈਨੂੰ ਲੱਗ ਰਿਹਾ ਸੀ ਰੱਬ ਮੈਨੂੰ ਇਹ ਦੇਵੇਗਾ। ਇਹ ਮੇਰਾ ਪਲ ਹੈ।"

ਐਮਬਾਪੇ ਦੇ ਇੱਕ ਹੋਰ ਪੈਨਲਟੀ ਨੂੰ ਗੋਲ ਵਿੱਚ ਤਬਦੀਲ ਕਰਨ ਤੋਂ ਬਾਅਦ ਦੋਵਾਂ ਟੀਮਾਂ ਦੇ ਸਕੋਰ 3-3 ਤੱਕ ਪਹੁੰਚ ਗਿਆ ਤੇ ਇਸ ਨਤੀਜਾ ਸੀ ਪੈਨਲਟੀ ਸ਼ੂਟ ਆਊਟ। ਦੋਵਾਂ ਟੀਮਾਂ ਵੱਲੋਂ ਸ਼ਾਨਦਾਰ ਖੇਡ ਦਿਖਾਈ ਗਈ। ਪਹਿਲਾਂ ਮੈਚ ਇੱਕ ਪਾਸੜ ਲੱਗ ਰਿਹਾ ਸੀ ਪਰ ਫਿਰ ਫਰਾਂਸ ਨੇ ਮੁੜ ਵਾਪਸੀ ਕੀਤੀ ਤੇ ਮੈਚ ਵਿੱਚ ਰੋਮਾਂਚ ਪੈਦਾ ਹੋਇਆ। ਐਮਬਾਪੇ ਨੇ ਫਰਾਂਸ ਵੱਲੋਂ ਸ਼ਾਨਦਾਰ ਖੇਡ ਦਿਖਾਈ ਤੇ ਮੈਚ ਵਿੱਚ ਤਿੰਨ ਗੋਲ ਕੀਤੇ। ਅਰਜਨਟੀਨਾ ਟੀਮ ਦੇ ਹੀਰੋ ਮੈਸੀ ਰਹੇ ਜਿਨ੍ਹਾਂ ਨੇ ਪਹਿਲਾਂ ਤਾਂ ਮੈਚ ਵਿੱਚ ਦੋ ਗੋਲ ਕੀਤੇ ਤੇ ਉਸ ਮਗਰੋਂ ਪੈਨਲਟੀ ਸ਼ੂਟ ਆਊਟ ਵਿੱਚ ਵੀ ਪਹਿਲਾ ਗੋਲ ਕੀਤਾ। ਪੈਨਲਟੀ ਸ਼ੂਟ ਆਊਟ ਵਿੱਚ ਫਰਾਂਸ ਦੇ ਖਿਡਾਰੀਆਂ ਵੱਲੋਂ ਕਿੱਕਾਂ ਮਿਸ ਕੀਤੀਆਂ ਗਈਆਂ ਪਰ ਮੈਸੀ ਦੇ ਟੀਮ ਦੇ ਖਿਡਾਰੀਆਂ ਨੇ 5 ਵਿੱਚੋਂ 4 ਕਿੱਕਾਂ ਗੋਲ ਪੋਸਟ ਵਿੱਚ ਪਹੁੰਚਾਈਆਂ ਜਿਸ ਤੋਂ ਬਾਅਦ ਅਰਜਨਟੀਨਾ ਦੀ ਜਿੱਤ ਪੱਕੀ ਹੋ ਗਈ।

### ਐਮਬਾਪੇ ਨੇ ਹੈਟ੍ਰਿਕ ਮਾਰੀ, ਮਿਲਿਆ ਗੋਲਡਨ ਬੂਟ

ਐਮਬਾਪੇ ਨੇ ਅਰਜਨਟੀਨਾ ਦੀ ਉਮੀਦ ਕਾਇਮ ਰੱਖੀ ਤੇ ਇਸ ਮੈਚ ਦਾ ਲਗਾਤਾਰ ਤੀਜਾ ਗੋਲ ਕੀਤਾ। ਐਮਬਾਪੇ ਤੇ ਮੈਸੀ ਵਿਚਾਲੇ ਗੋਲਡਨ ਬੂਟ ਨੂੰ ਲੈ ਕੇ ਮੁਕਾਬਲਾ ਸੀ ਜੋ ਆਖਿਰਕਾਰ ਐਮਬਾਪੇ ਨੇ ਜਿੱਤ ਲਿਆ। ਉਨ੍ਹਾਂ ਨੂੰ ਇਸ ਫੀਫਾ ਵਿਸ਼ਵ ਕੱਪ ਦਾ ਗੋਲਡਨ ਬੂਟ ਮਿਲਿਆ।

### ਮੈਸੀ ਨੇ ਕੀਤਾ ਇੱਕ ਹੋਰ ਗੋਲ

ਜਦੋਂ ਲਗ ਰਿਹਾ ਸੀ ਕਿ ਮੈਚ ਦਾ ਪੈਨਲਟੀ ਸ਼ੂਟ ਆਊਟ ਤੱਕ ਜਾਣਾ ਤੈਅ ਹੋਇਆ। ਉਦੋਂ ਅਰਜਨਟੀਨਾ ਨੇ ਮੁੜ ਵਾਪਸੀ ਕੀਤੀ। ਅਰਜਨਟੀਨਾ ਦੀ ਮੁੜ ਵਾਪਸੀ ਦੇ ਹੀਰੋ ਵੀ ਮੈਸੀ ਹੀ ਰਹੇ ਤੇ ਉਨ੍ਹਾਂ ਨੇ ਇੱਕ ਗੋਲ ਕੀਤਾ।

### ਫਰਾਂਸ ਨੇ ਕੀਤੀ ਸ਼ਾਨਦਾਰ ਵਾਪਸੀ

ਚੈਂਪੀਅਨ ਖਿਡਾਰੀ ਪੂਰੀ ਟੀਮ ਦਾ ਹੌਂਸਲਾ ਆਪਣੇ ਪਰਫੌਰਮੈਂਸ ਰਾਹੀਂ ਵਧਾ ਸਕਦੇ ਹਨ, ਇਸ ਐਮਬਾਪੇ ਨੇ ਇਹ ਸਾਬਿਤ ਕਰ ਦਿੱਤਾ। ਜਦੋਂ ਉਨ੍ਹਾਂ ਦੀ ਪੂਰੀ ਟੀਮ ਦਾ ਮਨੋਬਲ ਥੱਲੇ ਜਾ ਚੁੱਕਿਆ ਸੀ ਉਸ ਵੇਲੇ ਐਮਬਾਪੇ ਨੇ ਪਹਿਲਾਂ ਪੈਨਲਟੀ ਰਾਹੀਂ ਪਹਿਲਾ ਗੋਲ ਕੀਤਾ ਤੇ ਕੁਝ ਸਕਿੰਟਾਂ ਵਿੱਚ ਹੀ ਦੂਜਾ ਗੋਲ ਕਰ ਦਿੱਤਾ। ਇਨ੍ਹਾਂ ਗੋਲਾਂ ਨੇ ਫਰਾਂਸ ਨੂੰ ਵਾਪਸ ਮੈਚ ਵਿੱਚ ਲਿਆ ਦਿੱਤਾ।

### ਸ਼ੁਰੂਆਤ ਵਿੱਚ ਕਿਵੇਂ ਫਰਾਂਸ ਦੀ ਰਹੀ ਮਾੜੀ ਪਰਫੌਰਮੈਂਸ

ਕਤਰ ਦੇ ਲੁਸੇਲ ਆਈਕੋਨਿਟ ਸਟੇਡੀਅਮ ਵਿੱਚ ਮੌਜੂਦ ਬੀਬੀਸੀ ਪੱਤਰਕਾਰ ਕ੍ਰਿਸ ਬੇਵਨ ਅਨੁਸਾਰ ਅਰਜਨਟੀਨਾ ਨੇ ਸ਼ਾਨਦਾਰ ਖੇਡ ਖੇਡੀ ਪਰ ਇਹ ਸਮਝ ਨਹੀਂ ਆ ਰਿਹਾ ਕਿ ਫਰਾਂਸ ਨੇ ਇੰਨਾ ਮਾੜਾ ਖੇਡ ਕਿਉਂ ਖੇਡਿਆ। ਉਹ ਅਰਜਨਟੀਨਾ ਦੇ ਖੇਤਰ ਵਿੱਚ ਦਾਖਿਲ ਹੀ ਨਹੀਂ ਹੋ ਸਕੇ। ਕੇਵਲ ਇੱਕ ਮੌਕਾ ਹੀ ਉਹ ਪੈਦਾ ਕਰ ਸਕੇ ਪਰ ਇਸ ਤੋਂ ਇਲਾਵਾ ਉਹ ਅਰਜਨਟੀਨਾ ਲਈ ਕੋਈ ਖ਼ਤਰਾ ਪੈਦਾ ਨਹੀਂ ਕਰ ਸਕੇ। ਭਾਵੇਂ ਫਰਾਂਸ ਨੇ ਸ਼ੁਰੂਆਤ ਵਿੱਚ ਹੀ ਆਪਣੇ ਸਬਸਟੀਟਿਊਸ਼ਨ ਕੀਤੇ ਪਰ ਉਹ ਵੀ ਕੰਮ ਨਹੀਂ ਆਏ।

### ਐਂਜਲ ਡੀ ਮਾਰਿਆ ਨੇ ਦੂਜਾ ਗੋਲ ਕੀਤਾ

ਅਰਜਨਟੀਨਾ ਨੇ ਸ਼ੁਰੂ ਤੋਂ ਹੀ ਆਪਣਾ ਦਬਦਬਾ ਬਣਾ ਕੇ ਰੱਖਿਆ ਤੇ ਉਹ ਨਜ਼ਰ ਵੀ ਆਇਆ। ਮੈਸੀ ਨੇ ਆਪਣੇ ਸੱਜੇ ਪਾਸੇ ਜੁਲੀਅਨ ਅਲਵਾਰੇਜ਼ ਨੂੰ ਪਾਸੇ ਦਿੱਤਾ ਜਿਸ ਨੇ ਐਲਿਕਸ ਅਲਿਸਟ ਨੂੰ ਦਿੱਤਾ। ਉਨ੍ਹਾਂ ਦੀ ਲੋਅ ਬੌਲ ਐਂਜਲ ਜੀ ਮਾਰੀਆ ਲਈ ਸ਼ਾਨਦਾਰ ਮੌਕਾ ਬਣੀ ਜਿਨ੍ਹਾਂ ਨੇ ਬੌਲ ਨੂੰ ਗੋਲ ਤੱਕ ਪਹੁੰਚਾਇਆ।

### ਮੈਸੀ ਨੇ ਕੀਤਾ ਪਹਿਲਾ ਗੋਲ

ਮੈਸੀ ਨੇ ਪੈਨਲਟੀ ਰਾਹੀਂ ਅਰਜਨਟੀਨਾ ਲਈ ਪਹਿਲਾ ਗੋਲ ਕੀਤਾ। ਗੋਲ ਕਰਦਿਆਂ ਹੀ ਪੂਰਾ ਸਟੇਡੀਅਮ ਸ਼ੋਰ ਨਾਲ ਭਰ ਗਿਆ।



### ਅਰਜਨਟੀਨਾ ਨੇ ਕੀਤੇ ਸ਼ੁਰੂਆਤੀ ਹਮਲੇ

ਅਰਜਨਟੀਨਾ ਨੇ ਪਹਿਲੇ 15 ਮਿੰਟਾਂ ਦੀ ਖੇਡ ਵਿੱਚ ਕਈ ਹਮਲੇ ਕੀਤੇ। ਇਨ੍ਹਾਂ ਹਮਲਿਆਂ ਨੂੰ ਭਾਵੇਂ ਰਜਨਟੀਨਾ ਗੋਲ ਵਿੱਚ ਬਦਲਣ ਵਿੱਚ ਨਾਕਾਮ ਰਹੇ। ਫਰਾਂਸ ਦੇ ਸਟਾਰ ਖਿਡਾਰੀ ਕਿਲੀਅਨ ਐਮਬਾਪੇ ਐਕਸ਼ਨ ਵਿੱਚ ਖਾਸੇ ਨਜ਼ਰ ਨਹੀਂ ਆਏ। ਉਹ ਪਹਿਲੇ 15 ਮਿੰਟਾਂ ਵਿੱਚ ਕੇਵਲ ਤਿੰਨ ਵਾਰ ਹੀ ਬਾਲ ਨੂੰ ਛੂਹ ਸਕੇ।

ਫਰਾਂਸ ਦੀ ਟੀਮ ਨੂੰ ਉਨ੍ਹਾਂ ਦੇ ਪਿਛਲੇ 10 ਵਿਸ਼ਵ ਕੱਪ ਵਿੱਚ ਕੋਈ ਵੀ ਦੱਖਣੀ ਅਮਰੀਕੀ ਟੀਮ ਨਹੀਂ ਹਰਾ ਸਕੀ ਹੈ। 1978 ਵਿੱਚ ਅਰਜਨਟੀਨਾ ਨੇ ਹੀ ਫਰਾਂਸ ਨੂੰ ਹਰਾਇਆ ਸੀ।

ਅਰਜਨਟੀਨਾ ਦੀ ਟੀਮ ਨੇ ਕਤਰ ਵਿੱਚ ਹੁਣ ਤੱਕ ਦੇ ਆਪਣੇ ਮੁਕਾਬਲਿਆਂ ਵਿੱਚ ਹਮੇਸ਼ਾ ਪਹਿਲਾ ਗੋਲ ਕੀਤਾ ਹੈ। ਹੁਣ ਤੱਕ ਅਰਜਨਟੀਨਾ ਤੇ ਫਰਾਂਸ ਵਿਚਾਲੇ 12 ਮੁਕਾਬਲੇ ਹੋ ਚੁੱਕੇ ਹਨ ਜਿਨ੍ਹਾਂ ਵਿੱਚ 6 ਮੁਕਾਬਲੇ ਅਰਜਨਟੀਨਾ ਨੇ ਜਿੱਤੇ ਹਨ, 3 ਮੁਕਾਬਲੇ ਫਰਾਂਸ ਨੇ ਜਿੱਤੇ ਹਨ ਤੇ 3 ਮੁਕਾਬਲੇ ਬਰਾਬਰੀ ਉੱਤੇ ਖ਼ਤਮ ਹੋਏ ਹਨ।

### ਫੀਫਾ ਵਿਸ਼ਵ ਕੱਪ 2022 ਵਿੱਚ ਹੋਏ ਵੱਡੇ ਉਲਟਫੇਰ

ਅਰਜਨਟੀਨਾ ਆਪਣਾ ਪਹਿਲਾ ਮੈਚ ਸਾਊਦੀ ਅਰਬ ਤੋਂ ਹਾਰ ਗਿਆ ਸੀ ਤੇ ਇਸ ਮਗਰੋਂ ਅਰਜਨਟੀਨਾ ਨੇ ਵਾਪਸੀ ਕੀਤੀ ਤੇ ਫਾਇਨਲ ਤੱਕ ਪਹੁੰਚੀ। ਮੋਰੱਕੋ ਫੀਫਾ ਵਿਸ਼ਵ ਕੱਪ ਦੇ ਸੈਮੀਫਾਇਨਲ ਤੱਕ ਪਹੁੰਚਣ ਵਾਲਾ ਪਹਿਲਾ ਅਫਰੀਕੀ ਤੇ ਅਰਬ ਦੇਸ਼ ਬਣਿਆ। ਜਪਾਨ ਨੇ ਜਰਮਨੀ ਨੂੰ 1-0 ਨਾਲ ਮਾਤ ਦਿੱਤੀ ਸੀ। ਦੱਖਣੀ ਕੋਰੀਆ ਨੇ ਪੁਰਤਗਾਲ ਨੂੰ 2-1 ਨਾਲ ਹਰਾਇਆ ਸੀ। ਇਹ ਦੋਵੇਂ ਮੁਲਕ ਏਸ਼ੀਆਈ ਸਨ ਤੇ ਇਨ੍ਹਾਂ ਦੋਵਾਂ ਨੇ ਫੁੱਟਬਾਲ ਦੀਆਂ ਦਿੱਗਜ ਟੀਮਾਂ ਨੂੰ ਹਰਾਇਆ ਸੀ।

# ਅਰਜਨਟੀਨਾ ਦੇ ਘੱਟ ਤਜ਼ਰਬੇ ਵਾਲੇ ਕੋਚ ਨੇ ਕਿਵੇਂ ਖੜੀ ਕੀਤੀ ਵਿਸ਼ਵ ਜੇਤੂ ਟੀਮ

ਅਰਜਨਟੀਨਾ ਦੀ ਟੀਮ ਨੂੰ ਵਿਸ਼ਵ ਕੱਪ ਖਿਡਾਉਣ ਵਾਲਾ ਬਹੁਤ ਘੱਟ ਤਜਰਬੇ ਵਾਲਾ ਕੋਚ ਲਿਓਨਲ ਸਕਾਲੋਨੀ ਨੂੰ ਸਟਾਰ ਫੁੱਟਬਾਲ ਖਿਡਾਰੀ ਮੈਰਾਡੋਨਾ ਪਸੰਦ ਨਹੀਂ ਕਰਦੇ ਸੀ। ਪਰ ਹੁਣ ਹਰ ਪਾਸੇ ਉਨ੍ਹਾਂ ਦੇ ਹੀ ਨਾਂ ਦੀ ਚਰਚਾ ਚੱਲ ਰਹੀ ਹੈ। ਅਸਲ ਵਿਚ ਅਰਜਨਟੀਨਾ ਨੇ ਕਤਰ ਦੇ ਫੀਫਾ 2022 ਵਿਚ ਫਰਾਂਸ ਨੂੰ ਹਰਾ ਕੇ 36 ਸਾਲ ਬਾਅਦ ਵਿਸ਼ਵ ਕੱਪ ਜਿੱਤਿਆ ਹੈ। ਇਸ ਦਾ ਸਿਹਰਾ ਕਪਤਾਨ ਲਿਓਨਲ ਮੈਸੀ ਦੇ ਸਿਰ ਗਿਆ ਤਾਂ ਖੇਡ ਪ੍ਰਸ਼ੰਸਕਾਂ ਤੇ ਮਾਹਰਾਂ ਨੇ ਨਾਲ ਹੀ ਇੱਕ ਹੋਰ ਨਾਮ ਲਿਆ, ਉਹ ਟੀਮ ਦੇ ਕੋਚ ਲਿਓਨਲ ਸਕਾਲੋਨੀ। ਦੋਵੇਂ ਲਿਓਨਲ ਇਤਿਹਾਸ ਰਚਨ 'ਚ ਕਾਮਯਾਬ ਰਹੇ। ਇਸ ਜੋੜੀ ਨੇ ਅਰਜਨਟੀਨਾ ਦੀ ਕਤਰ ਵਿਸ਼ਵ ਕੱਪ ਜਿੱਤਣ ਲਈ ਅਗਵਾਈ ਕੀਤੀ। ਰਜਨਟੀਨਾ ਦੀ ਟੀਮ ਨੂੰ ਖਿਡਾਰੀਆਂ ਤੇ ਕੋਚ ਵਿਚਲੀ ਸਾਂਝ ਕਰਕੇ ਸਰਾਹਿਆ ਗਿਆ।

### ਟੀਮ ਨੂੰ ਦਬਾਅ 'ਚੋਂ ਕੱਢਣ ਦੀ ਕਲਾ

ਅਰਜਨਟੀਨਾ ਨੇ ਐਤਵਾਰ ਨੂੰ ਹੋਏ ਵਿਸ਼ਵ ਕੱਪ ਦੇ ਫਾਇਨਲ ਮੈਂਚ ਵਿਚ ਪਨੈਲਟੀ ਸ਼ੂਟ ਆਉਟ ਵਿੱਚ 4-2 ਨਾਲ ਫ਼ਰਾਂਸ ਨੂੰ ਹਰਾ ਕੇ ਆਪਣੇ ਨਾਮ ਵੱਕਾਰੀ ਕੱਪ ਕੀਤਾ ਸੀ। ਪਰ ਇਹ ਕਹਾਣੀ ਲਿਖਣੀ ਸੌਖੀ ਨਹੀਂ ਸੀ। ਅਰਜਨਟੀਨਾ ਦੀ ਟੀਮ ਨੇ ਮੈਚ ਦੌਰਾਨ ਦੋ ਵਾਰ ਦਬਾਅ ਤੇ ਤਣਾਅ ਮਹਿਸੂਸ ਕੀਤਾ, ਜੋ ਕਿਸੇ ਵੀ ਮੈਚ ਜਾਂ ਖਿਡਾਰੀ ਲਈ ਘਾਤਕ ਹੋ ਸਕਦਾ ਹੈ। ਇੱਕ ਵਾਰ ਉਦੋਂ ਜਦ ਫ਼ਰਾਂਸ ਦੇ ਐਮਬਾਪੇ ਨੇ, ਦੋ ਗੋਲ ਦਾਗ਼ ਕੇ ਆਪਣੀ ਟੀਮ ਨੂੰ ਅਰਜਨਟੀਨਾ ਦੇ ਬਰਾਬਰ ਲਿਆ ਖੜਾ ਕੀਤਾ। ਦੂਜੀ ਵਾਰ ਵਾਧੂ ਸਮੇਂ ਦੌਰਾਨ ਹੋਏ ਫ਼ਰਾਂਸ ਦੇ ਗੋਲ ਸਮੇਂ। ਅਜਿਹੀ ਸਥਿਤੀ ਵਿੱਚ ਸਕਾਲੋਨੀ ਹੀ ਜਾਣਦੇ ਸਨ ਕਿ ਟੀਮ ਨੂੰ ਹਿੰਮਤ ਹਾਰਨ ਤੋਂ ਕਿਵੇਂ ਬਚਾਉਣਾ ਹੈ ਤੇ ਮੈਸੀ ਤੇ ਅਰਜਨਟੀਨਾ ਦਾ ਸੁਫ਼ਨਾ ਪੂਰਾ ਕਿਵੇਂ ਕਰਨਾ ਹੈ। ਉਨ੍ਹਾਂ ਟੀਮ ਦਾ ਮਾਰਗਦਰਸ਼ਨ ਕਰਦਿਆਂ ਅਰਜਨਟੀਨਾ ਨੂੰ ਪਨੈਲਟੀ ਸ਼ੂਟ-ਅਉਟ ਵਿੱਚ ਆਪਣੀ ਚੰਗੀ ਖੇਡ ਦਾ ਪ੍ਰਦਰਸ਼ਨ ਕਰਨ ਲਈ ਪ੍ਰੇਰਿਆ। ਜਿਸਦਾ ਨਤੀਜਾ ਦੁਨੀਆ ਨੇ ਦੇਖਿਆ।

### ਫ਼ਾਈਨਲ ਲਈ ਕੋਚ ਦੀ ਰਣਨੀਤੀ

44 ਸਾਲਾ ਕੋਚ ਦੀ ਰਣਨੀਤੀ ਕਮਾਲ ਦੀ ਸੀ। ਉਨ੍ਹਾਂ ਨੇ 80 ਮਿੰਟਾਂ ਤੱਕ ਫਰਾਂਸ ਨੂੰ ਰੋਕੀ ਰੱਖਿਆ। ਫ਼ਿਰ ਫ਼ਰਾਂਸ ਦੇ ਕੈਲੀਅਨ ਐਮਬਾਪੇ ਦੀ ਜਾਦੂਈ ਖੇਡ ਦੇਖਣ ਨੂੰ ਮਿਲੀ ਤੇ ਉਨ੍ਹਾਂ ਫ਼ਰਾਂਸ ਨੂੰ ਅਰਜਨਟੀਨਾ ਦੇ ਬਰਾਬਰ ਲਿਆ ਖੜਾ ਕੀਤਾ। ਅਰਜਨਟੀਨਾ ਦੀ ਟੀਮ ਦਾ ਆਤਮਵਿਸ਼ਵਾਸ ਕੁੱਝ ਹਿੱਲਿਆ, ਕਈ ਖਿਡਾਰੀਆਂ ਦਾ ਦਿਲ ਡੋਲਿਆ ਤੇ ਅਜਿਹੇ ਪਲਾਂ ਵਿੱਚ ਜਦੋਂ ਕੋਈ ਖਿਡਾਰੀ ਜਵਾਬ ਭਾਲਦਾ ਹੈ, ਹੌਸਲਾ



ਲੱਭਦਾ ਹੈ ਸਕਾਲੋਨੀ ਉੱਥੇ ਮੌਜੂਦ ਸਨ, ਟੀਮ ਨੂੰ ਮੁੜ ਖੜਾ ਕਰਨ ਲਈ। ਜਦੋ ਮੈਸੀ ਆਪਣੀ ਜ਼ਿੰਦਗੀ ਦਾ ਬਹਿਤਰੀਨ ਵਿਸ਼ਵ ਕੱਪ ਖੇਡ ਰਹੇ ਸਨ, ਸਕਾਲੋਨੀ ਟੀਮ ਦਾ ਸੰਤੁਲਣ ਬਣਾਉਣ ਵਿੱਚ ਲੱਗੇ ਸਨ ਤੇ ਦੋਵੇਂ ਆਪੋ ਆਪਣੇ ਕੰਮਾਂ ਵਿੱਚ ਸਫ਼ਲ ਰਹੇ।

### ਤਜ਼ਰਬੇ ਦੀ ਘਾਟ ਤੇ ਦਰਮਿਆਨਾ ਖਿਡਾਰੀ

ਕਤਰ ਵਿੱਚ ਜਿੱਤ ਹਾਸਿਲ ਹੋਣ ਤੋਂ ਬਾਅਦ ਅਰਟਨਟੀਨਾ ਦੇ ਕੋਚ ਦਾ ਗੁਣਗਾਣ ਗਾਇਆ ਜਾਣਾ ਸ਼ੁਰੂ ਹੋ ਗਿਆ। ਇੱਕ ਅਜਿਹਾ ਕੋਚ ਜਿਸ ਕੋਲ ਤਜ਼ਰਬੇ ਦੀ ਘਾਟ ਸੀ ਤੇ ਡਿਏਗੋ ਮੈਰਾਡੋਨਾ ਨੂੰ ਨਾਪਸੰਦ ਸੀ। ਇੱਕ ਫ਼ੁੱਟਬਾਲ ਖਿਡਾਰੀ, ਜਿਸ ਦਾ ਭਵਿੱਖ ਅਨਿਸ਼ਚਿਤਤਾ ਨਾਲ ਭਰਿਆ ਸੀ। ਸਕਾਲੋਨੀ ਨੂੰ ਖਿਡਾਰੀ ਵਜੋਂ ਸੇਵਾਮੁਕਤ ਹੋਇਆਂ ਇੱਕ ਸਾਲ ਹੋ ਚੁੱਕਾ ਸੀ ਤੇ ਉਨ੍ਹਾਂ ਦੇ ਅੰਦਰਲਾ ਖਾਲੀਪਨ ਸਪੱਸ਼ਟ ਤੌਰ 'ਤੇ ਮਹਿਸੂਸ ਕੀਤਾ ਜਾ ਸਕਦਾ ਸੀ। ਉਨ੍ਹਾਂ ਦੀ ਭਵਿੱਖ ਪ੍ਰਤੀ ਚਿੰਤਾ ਨੂੰ ਨਜ਼ਰਅੰਦਾਜ ਨਹੀਂ ਸੀ ਕੀਤਾ ਜਾ ਸਕਦਾ। ਸਾਲ 2016 ਦੀ ਗੱਲ ਹੈ, ਜਦੋਂ ਸਾਬਕਾ ਫੁੱਟਬਾਲ ਖਿਡਾਰੀ ਨੇ ਨੇੜਲੇ ਇੱਕ ਕਲੱਬ ਵਿੱਚ ਬੱਚਿਆਂ ਨੂੰ ਟ੍ਰੇਨਿੰਗ ਦੇਣੀ ਸ਼ੁਰੂ ਕੀਤੀ।

### ਵਿਸ਼ਵ ਕੱਪ ਲਈ ਕੋਚ ਚੁਣੇ ਜਾਣਾ

ਜਿਸ ਸਮੇਂ ਸਕਾਲੋਨੀ ਬੱਚਿਆਂ ਨੂੰ ਟਰੇਨਿੰਗ ਦੇ ਰਹੇ ਸਨ, ਉਨ੍ਹਾਂ ਦੇ ਹਮਵਤਨ ਜੌਰਜ ਸੈਂਪਾਓਲੀ ਜੋ ਉਸ ਸਮੇਂ ਸੇਵਿਲਾ ਦੇ ਮੈਨੇਜਰ ਸਨ, ਨੂੰ ਸਕਾਲੋਨੀ ਵਿੱਚ ਇੱਕ ਚੰਗੇ ਕੋਚ ਦੀਆਂ ਸੰਭਾਵਨਾਵਾਂ ਨਜ਼ਰ ਆਈਆ। ਉਨ੍ਹਾਂ ਨੇ ਸਕਾਲੋਨੀ ਨੂੰ ਜੂਨੀਅਰ ਖਿਡਾਰੀਆਂ ਦੀ ਸਿਖਲਾਈ ਲਈ ਚੁਣਿਆ ਗਿਆ। ਸਕਾਲੋਨੀ ਅਰਜਨਟੀਨਾ ਫ਼ੁੱਟਬਾਲ ਐਸੋਸੀਏਸਨ (ਏਐਫ਼ਏ) ਲਈ ਕੰਮ ਕਰਦੇ ਸਨ ਤੇ ਉਹ ਵਿਸ਼ਵ ਕੱਪ ਲਈ ਤੀਜੇ ਕੋਚ ਵਜੋਂ ਵੀ ਸੇਵਾਵਾਂ ਨਿਭਾ ਰਹੇ ਸਨ। ਐਸੋਸੀਏਸ਼ਨ ਨਵੇਂ ਕੋਚ ਦੀ ਭਾਲ ਵਿੱਚ ਸੀ ਕਿਉਂਕਿ ਅਰਜਨਟੀਨਾ ਦੀ ਟੀਮ 2018 ਵਿੱਚ ਰੂਸ 'ਚ ਚੰਗਾ ਪ੍ਰਦਰਸ਼ਨ ਨਹੀਂ ਸੀ ਕਰ ਸਕੀ। ਕੋਚ ਤੇ ਖਿਡਾਰੀਆਂ ਦਰਮਿਆਨ ਮਤਭੇਦ ਦੀਆਂ ਖ਼ਬਰਾਂ ਵੀ ਸਾਹਮਣੇ ਆਈਆਂ। ਇਸ ਸਭ ਦੇ ਚਲਦਿਆਂ ਜੌਰਜ ਸੈਂਪਾਓਲੀ ਦੇ ਕਹਿਣ 'ਤੇ ਸਕਾਲੋਨੀ ਨੂੰ ਨਵਾਂ ਕੋਚ ਨਿਯੁਕਤ ਕੀਤਾ ਗਿਆ।

### ਅਰਜਨਟੀਨਾ ਫ਼ੁੱਟਬਾਲ ਨੂੰ ਮੁੜ ਲੀਹ 'ਤੇ ਪਾਉਣਾ

ਉਨ੍ਹਾਂ ਆਪਣਾ ਕੰਮ ਕੀਤਾ ਤੇ ਬ੍ਰਾਜ਼ੀਲ ਵਿੱਚ ਹੋਏ ਕੋਪਾ ਅਮਰੀਕਾ 2021 ਵਿੱਚ ਅਰਜਨਟੀਨਾ ਦੀ ਟੀਮ ਦਾ ਪ੍ਰਦਰਸ਼ਨ ਬਹੁਤ ਚੰਗਾ ਰਿਹਾ। ਇਸ ਮੌਕੇ ਟੀਮ ਨੂੰ 'ਸਕੈਲੋਨੈਟਾ' ਨਾਮ ਦਿੱਤਾ ਗਿਆ, ਜੋ ਬਾਅਦ ਵਿੱਚ ਆਮ ਜਾਣਿਆ ਜਾਣ ਲੱਗਿਆ। ਉਨ੍ਹਾਂ ਟੀਮ ਨੂੰ ਫਾਈਨਲ ਤੱਕ ਪਹੁੰਚਾਇਆ ਅਤੇ ਮੇਜ਼ਬਾਨ ਅਤੇ ਮੁੱਖ ਵਿਰੋਧੀ ਬ੍ਰਾਜ਼ੀਲ ਦੇ ਖਿਲਾਫ਼ ਜਿੱਤ ਦਰਜ ਕਰਵਾਈ। ਅਜਿਹਾ 28 ਸਾਲਾਂ ਬਾਅਦ ਹੋ ਸਕਿਆ ਸੀ। ਕਤਰ 2022 ਲਈ ਕੁਆਲੀਫਾਇੰਗ ਗੇੜ ਵਿੱਚ, ਅਰਜਨਟੀਨਾ ਟੀਮ ਆਪਣੇ ਪਿਛਲੇ ਸਾਲਾਂ ਦੇ ਮਾੜੇ ਪ੍ਰਦਰਸ਼ਨ ਨੂੰ ਭੁਲਾਉਣ ਵਿੱਚ ਕਾਮਯਾਬ ਰਹੀ ਤੇ ਇਨ੍ਹਾਂ ਮੁਕਾਬਲਿਆਂ ਵਿੱਚ 11 ਜਿੱਤੇ, ਛੇ ਡਰਾਅ ਰਹੇ। ਅਤੀਤ ਵਿੱਚ ਜੋ ਵੀ ਹੋਇਆ ਉਸ ਦੇ ਉਲਟ, ਮੈਸੀ ਤੇ ਉਸ ਦਾ ਸਾਥੀ ਕੋਚ ਅਰਜਨਟੀਨਾ ਨੂੰ ਵਿਸ਼ਵ ਕੱਪ ਵਿੱਚ ਜਿੱਤ ਦਰਜ ਕਰਵਾਉਣ ਤੱਕ ਲੈ ਆਏ। ਅਜਿਹਾ ਟੀਮ ਤੇ ਪ੍ਰਸ਼ੰਸਕਾ ਦੇ ਆਪਣੇ ਕੋਚ 'ਤੇ ਬੇਅੰਤ ਵਿਸ਼ਵਾਸ ਕਰਨ ਨਾਲ ਹੀ ਸੰਭਵ ਹੋ ਸਕਿਆ ਤੇ ਅਰਜਨਟੀਨਾ ਨੇ 1986 ਵਾਲੀ ਜਿੱਤ ਦੁਹਰਾਈ।

### ਸਨਾਲੋਕੀ ਵਿੱਚ ਟੀਮ ਦਾ ਵਿਸ਼ਵਾਸ

ਰੌਡਰਿਗੋ ਡਿ ਪੌਲ ਤੇ ਉਸ ਦੇ ਹੋਰ ਸਾਥੀ ਵਿਸ਼ਵ ਕੱਪ ਫ਼ਾਈਨਲ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਦੱਸ ਚੁੱਕੇ ਸਨ ਕਿ ਉਨ੍ਹਾਂ ਨੂੰ ਆਪਣੇ ਕੋਚ 'ਤੇ ਕਿੰਨਾਂ ਭਰੋਸਾ ਹੈ। ਪੌਲ ਨੇ ਕਿਹਾ ਸੀ ਕਿ, "ਜੇ ਹੁਣ ਸਵੇਰ ਦੇ 10 ਵੱਜ ਹੋਣ ਤੇ ਸਕਾਲੋਨੀ ਸਾਨੂੰ 'ਗੁੱਡ ਨਾਈਟ' ਕਹੇ ਤਾਂ ਅਸੀਂ ਇਹ ਸਾਡੇ ਲਈ ਰਾਤ ਹੀ ਹੈ।" ਹਾਲਾਂਕਿ ਕਤਰ 2022 ਦੀ ਸ਼ੁਰੂਆਤ 'ਚ ਅਰਜਨਟੀਨਾ ਸਾਊਦੀ ਅਰਬ ਹੱਥੋਂ ਹਾਰ ਗਿਆ ਸੀ। ਪਰ ਬਾਕੀ ਮੈਚਾਂ ਵਿੱਚ ਉਨ੍ਹਾਂ ਦੱਸ ਦਿੱਤਾ ਕਿ ਉਹ ਇਕੱਠਿਆਂ ਤੁਰਨ ਵਾਲੀ ਟੀਮ ਹੈ। ਸਕਾਲੋਨੀ ਇਸ ਨਿਯਮ ਨਾਲ ਚੱਲਦੇ ਹਨ ਕਿ ਜਦੋਂ ਖਿਡਾਰੀ ਇਕਾਗਰ ਮਨ ਹੋਣ ਤਾਂ ਸਾਰੇ ਇੱਕੋ ਮੇਜ਼ 'ਤੇ ਬੈਠਣ। ਸਭ ਖਿਡਾਰੀ ਇਮਾਨਦਾਰੀ ਨਾਲ ਖੇਡਣ ਤਾਂ ਜੋ ਉਹ ਇੱਕ ਦੂਜੇ ਦੀਆਂ ਅੱਖਾਂ ਵਿੱਚ ਦੇਖਣ ਲਾਇਕ ਹੋਣ। ਸਕਾਲੋਨੀ ਆਪਣੀ ਟੀਮ ਨੂੰ ਇਹ ਭਰੋਸਾ ਦਿਵਾਉਣ ਵਿੱਚ ਕਾਮਯਾਬ ਰਹੇ ਕਿ ਜਿੰਨੇ ਵੱਡੇ ਫ਼ੁੱਟਬਾਲ ਖਿਡਾਰੀ ਤੇ ਕੋਚ ਸਫ਼ੇਦ ਨੀਲੀਆਂ ਧਾਰੀਆਂ ਵਾਲੀਆਂ ਜਰਸੀਆਂ 'ਚ ਉਨ੍ਹਾਂ ਦੀ ਖੇਡ ਦੇਖਣ ਆਏ ਹਨ, ਉਹ ਸਭ ਉਨ੍ਹਾਂ ਦੀ ਜਿੱਤ ਚਾਹੁੰਦੇ ਹਨ। ਤੇ ਅਰਜਨਟੀਨਾ ਦੀ ਫ਼ੁੱਟਬਾਲ ਟੀਮ ਨੇ ਆਪਣ ਕੋਚ ਦੀ ਅਗਵਾਈ ਵਿੱਚ ਉਨ੍ਹਾਂ ਸਭ ਚਹੇਤਿਆਂ ਲਈ ਵਿਸ਼ਵ ਕੱਪ ਆਪਣੇ ਨਾਂ ਕਰ ਲਿਆ।

ਦੇਸ਼ ਦੁਆਬਾ

# ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਜਾਤ-ਪਾਤ ਆਧਾਰਿਤ ਸਮਾਜ

ਸਿੱਖ ਧਰਮ ਦੇ ਬਾਨੀ ਅਤੇ ਮਨੁੱਖਤਾ ਦੇ ਅਧਿਆਤਮਕ ਮਾਰਗ ਦਰਸ਼ਕ ਸ੍ਰੀ ਗੁਰੂ ਨਾਨਕ ਸਾਹਿਬ ਦੇ ਫਲਸਫੇ ਦਾ ਮੁੱਖ ਆਧਾਰ ਭਾਰਤੀ ਸਮਾਜ ਵਿਚਲੇ ਜਾਤ ਆਧਾਰਿਤ ਛੂਆ-ਛਾਤ ਅਤੇ ਔਰਤ ਜਾਤ ਦੇ ਪ੍ਰਤੀ ਵਿਤਕਰੇ ਤੋਂ ਮੁਕਤੀ ਹੈ। ਸ੍ਰੀ ਗੁਰੂ ਨਾਨਕ ਦੇਵ ਦਾ ਪੂਰਨ ਫਲਸਫਾ ਇਹਨਾਂ ਦੋਹਾਂ ਸਮਾਜਿਕ ਵਿਤਕਰਿਆਂ ਤੋਂ ਮੁਕਤੀ ਪਾਉਣ ਦੇ ਆਲੇ-ਦੁਆਲੇ ਹੀ ਘੁੰਮਦਾ ਹੈ-

ਨੀਚਾ ਅੰਦਰਿ ਨੀਚ ਜਾਤ, ਨੀਚੀ ਹੂ ਅਤਿ ਨੀਚ॥
ਨਾਨਕ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ॥
ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਉਪਰੋਕਤ ਦਰਸਾਏ ਗੁਰੂ ਨਾਨਕ ਸਾਹਿਬ ਜੀ ਦੇ ਗੁਰਬਾਣੀ ਵਿਚਲੇ ਸ਼ਬਦ ਉਨ੍ਹਾਂ ਦੇ ਫਲਸਫੇ ਦੀ ਸਾਫ-ਸਾਫ ਤਰਜਮਾਨੀ ਕਰਦੇ ਹਨ। ਉਨ੍ਹਾਂ ਵੱਲੋਂ ਜਾਤ ਅਤੇ ਔਰਤ ਪ੍ਰਤੀ ਵਿਤਕਰੇ ਦੇ ਖਿਲਾਫ ਵਿੱਢੀ ਗਈ ਮੁਹਿੰਮ ਸਿੱਖ ਧਰਮ ਨੂੰ ਬ੍ਰਾਹਮਣਵਾਦ ਦੇ ਕਰਮ ਕਾਂਡ, ਪੂਜਾ ਪਾਠ ਅਤੇ ਅਖੌਤੀ ਪਰੰਪਰਾਗਤ ਰੀਤੀਆਂ ਤੋਂ ਆਜ਼ਾਦ ਹੋ ਕੇ ਦੁਨਿਆਵੀ ਧਰਾਤਲ ਤੇ ਆਧਾਰਿਤ ਮਨੁੱਖੀ ਜੀਵਨ ਦੀ ਸਚਾਈ ਨਾਲ ਜੋੜਦੀ ਹੈ। ਉਨ੍ਹਾਂ ਵੱਲੋਂ ਧਰਮ ਦੇ ਨਾਲ ਜੋੜੇ ਹੋਏ ਤਮਾਮ ਸਮਾਜਿਕ ਸਬੰਧ ਜਿਵੇਂ ਪੂਰੀ ਖਲਕਤ ਵਿਚ ਉਸ ਮਾਲਕ -ਅਕਾਲ ਪੁਰਖ- ਨੂੰ ਹਾਜ਼ਿਰ ਨਾਜ਼ਿਰ ਮੰਨਦੇ ਹੋਏ ਉਸ ਨੂੰ ਇਕ ਕਰਕੇ ਜਾਨਣਾ, ਲੰਗਰ ਦੀ ਪ੍ਰਥਾ ਨਾਲ ਆਪਸੀ ਪ੍ਰੇਮ ਭਾਵਨਾ ਦਾ ਪੈਦਾ ਕਰਨਾ ਅਤੇ ਪ੍ਰਭੂ ਨੂੰ ਨਿਰੰਕਾਰ ਦੇ ਰੂਪ ਮੰਨਦੇ ਹੋਏ ਉਸ ਨੂੰ ਘਟ ਘਟ ਅਤੇ ਹਰ ਇਨਸਾਨ ਅੰਦਰ ਹਾਜ਼ਿਰ ਨਾਜ਼ਿਰ ਸਮਝਣ। ਬ੍ਰਾਹਮਣਵਾਦ ਦੀ ਵਿਵਸਥਾ ਤੇ ਆਧਾਰਿਤ ਉਨ੍ਹਾਂ ਸਾਰੇ ਸ਼ੂਦਰ ਅਤੇ ਅਤੀ ਸ਼ੂਦਰ ਲੋਕਾਂ ਨੂੰ ਤਰਾਸਦੀ ਭਰੀ ਜ਼ਿੰਦਗੀ ਤੋਂ ਰਾਹਤ ਦਿਵਾਈ। ਭਗਤੀ ਲਹਿਰ ਤੋਂ ਬਾਅਦ ਜੇਕਰ ਪਹਿਲੀ ਵਾਰ ਭਾਰਤ ਵਰਸ਼ ਵਿਚ ਕਿਰਤ ਦੀ ਕੋਈ ਠੋਸ ਗੱਲ ਹੋਈ ਹੈ ਤਾਂ ਉਹ ਬਾਬਾ ਨਾਨਕ ਤੋਂ ਹੁੰਦੀ ਹੈ। ਉਨ੍ਹਾਂ ਨੇ ਕਿਰਤ ਨੂੰ ਪਹਿਲ ਦੇ ਕੇ ਸਮਾਜ ਦੇ ਕਿਰਤ ਕਰਨ ਵਾਲੇ ਲੋਕਾਂ ਦੀ ਗੱਲ ਕੀਤੀ ਹੈ। ਉਨ੍ਹਾਂ ਵਿਚ ਦਰਸਾਇਆ ਗਿਆ ਹੈ ਜੀਵਨ ਮੁਕਤੀ ਦਾ ਮਾਰਗ ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਛਕਣਾ ਦੇ ਰਾਹ ਵਿਚੋਂ ਹੀ ਗੁਜ਼ਰਦਾ ਹੈ। ਉਨ੍ਹਾਂ ਨੇ ਖੁਦ ਕਰਤਾਰਪੁਰ ਸਾਹਿਬ ਵਿਖੇ ਹੱਥੀ ਕਿਰਤ ਕਰਕੇ ਕਿਰਤ ਨੂੰ ਉੱਚ ਕੋਟੀ ਦਾ ਮਾਣ ਬਖਸ਼ਿਆ। ਉਨ੍ਹਾਂ ਦੇ ਇਸ ਫਲਸਫੇ ਸਦਕਾ ਹੀ ਸਿੱਖ ਧਰਮ 'ਚ ਪ੍ਰਵੇਸ਼ ਕਰਨ ਵਾਲੇ ਗੁਰਮੁਖਾਂ ਵਿਚ ਇਸੇ ਲਈ ਬਹੁਤ ਗਿਣਤੀ ਮਜ਼ਲੂਮਾਂ ਅਤੇ ਕਿਰਤੀ ਲੋਕਾਂ ਦੀ ਹੈ। ਇਹ ਬਹੁਤ ਸਾਰੇ ਵਿਦਵਾਨਾਂ ਨੇ ਆਪਣੀਆਂ ਲਿਖਤਾਂ 'ਚ ਦਰਜ ਕੀਤਾ ਹੈ। ਸਿੱਖ ਧਰਮ ਇਕ ਅਜਿਹਾ ਧਰਮ ਹੈ ਜਿਸ ਵਿਚ ਜਾਤ ਪਾਤ ਲਈ ਕੋਈ ਥਾਂ ਨਹੀਂ ਹੈ। ਔਰਤ ਨੂੰ ਮਰਦ ਦੇ ਬਰਾਬਰ ਅਧਿਕਾਰ ਦਿੱਤਾ ਗਿਆ। ਸਿੱਖ ਸੰਸਥਾਵਾਂ ਵਿਚ ਜੇਕਰ ਜਾਤ-ਪਾਤ ਨਾਲ ਸੰਬਧਤ ਕੋਈ ਕੁਰੀਤੀ ਨਜ਼ਰ ਪੈਂਦੀ ਹੈ ਤਾਂ ਉਸ ਵਿਚ ਸਿੱਖ ਧਰਮ ਦਾ ਕੋਈ ਕਸੂਰ ਨਹੀਂ। ਇਹ ਤਾਂ ਸਾਮਾਜਿਕ ਤਾਣੇ ਬਾਣੇ ਨਾਲ ਸੰਬੰਧਿਤ ਲੋਕਾਂ ਦਾ ਫਰਜ਼ ਬਣਦਾ ਹੈ ਕਿ ਉਹ ਸੱਚੇ-ਸੁੱਚੇ ਧਰਮ ਦੇ ਪ੍ਰਤੀ ਮਨੁੱਖਤਾ ਦੇ ਪ੍ਰਤੀ ਬਰਾਬਰਤਾ ਦੇ ਫਲਸਫੇ ਨੂੰ ਅਮਲੀ ਰੂਪ ਦੇਣ ਲਈ ਪਹਿਲ ਕਰਦੇ ਹੋਏ ਸਮਾਜ ਵਿਚੋਂ ਜਾਤ ਪਾਤ ਦਾ ਮਲੀਆਮੇਟ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦੇ ਸੱਚੇ ਸਿੱਖ ਹੋਣ ਦਾ ਮਾਣ ਹਾਸਲ ਕਰਨ। ਉਨ੍ਹਾਂ ਦੇ ਫਲਸਫੇ ਦਾ ਅਧਾਰ ਵੀ ਜਾਤ ਪਾਤ ਦਾ ਖਾਤਮਾ ਹੀ ਹੈ ਜਿੰਨ੍ਹਾਂ ਨੇ ਆਪਣਾ ਸਾਰਾ ਜੀਵਨ ਇਸ ਮੰਤਵ ਨੂੰ ਪੂਰਾ ਕਰਨ ਲਈ ਲਗਾਇਆ।

ਨਿਰਸੰਦੇਹ ਸਿੱਖ ਧਰਮ 'ਚ ਜਾਤ-ਪਾਤ ਲਈ ਕੋਈ ਜਗ੍ਹਾ ਨਹੀਂ। ਹੁਣ ਜੇਕਰ ਜਾਤ ਨੂੰ ਧਰਾਤਲ ਦੇ ਅਧਾਰ ਤੇ ਖਤਮ ਕਰਨਾ ਹੈ ਤਾਂ ਗੁਰੂ ਨਾਨਕ ਸਾਹਿਬ ਦੇ ਸੱਚੇ ਸਿੱਖ ਬਣ ਕੇ ਸਾਨੂੰ ਆਪਣੇ ਅਧਿਆਤਮਿਕ ਅਤੇ ਦੁਨਿਆਵੀ ਦੋਨੋਂ ਖੇਤਰਾਂ 'ਚ ਜਾਤ-ਪਾਤ ਨੂੰ ਬਾਹਰ ਕਰਨਾ ਪਵੇਗਾ।

**-ਸੰਪਾਦਕ**

# ਕੁਦਰਤੀ ਆਫ਼ਤਾਂ ਦੀ ਮਾਰ ਤੋਂ ਦੇਸ ਨੂੰ ਕਿਵੇਂ ਬਚਾਇਆ ਜਾਵੇ?



ਡਾ. ਗੁਰਿੰਦਰ ਕੌਰ
001-408-493-9776

10 ਦਸੰਬਰ, 2020 ਨੂੰ ਕੌਂਸਿਲ ਔਨ ਅਨਰਜੀ, ਇਨਵਾਰਮੈਂਟ ਅਤੇ ਵਾਟਰ ਵੱਲੋਂ ਜਾਰੀ ਕੀਤੇ ਇਕ ਅਧਿਐਨ ਅਨੁਸਾਰ ਭਾਰਤ ਦੇ 75 ਫ਼ੀਸਦ ਜ਼ਿਲ੍ਹੇ ਬੁਰੀ ਤਰ੍ਹਾਂ ਮੌਸਮੀ ਤਬਦੀਲੀਆਂ ਕਾਰਨ ਆਉਣ ਵਾਲੀਆਂ ਕੁਦਰਤੀ ਆਫ਼ਤਾਂ (ਹੜ੍ਹ, ਸੋਕਾ, ਗਰਮ ਅਤੇ ਸਰਦ ਲਹਿਰਾਂ ਆਦਿ ਵਰਗੀਆਂ ਘਟਨਾਵਾਂ) ਦੀ ਲਪੇਟ ਵਿਚ ਆ ਚੁੱਕੇ ਹਨ। ਇਨ੍ਹਾਂ ਜ਼ਿਲ੍ਹਿਆਂ ਵਿਚ ਦੇਸ ਦੀ ਅੱਧੀ ਆਬਾਦੀ (63.8 ਕਰੋੜ ਲੋਕ) ਰਹਿੰਦੀ ਹੈ। ਇਹ ਦੋਵੇਂ ਤੱਥ ਆਉਣ ਵਾਲੇ ਸਮੇਂ ਵਿੱਚ ਭਾਰਤ ਵਾਸੀਆਂ ਦੇ ਧੁੰਦਲੇ ਭਵਿੱਖ ਦਾ ਸੰਕੇਤ ਦਿੰਦੇ ਹਨ ਜੋ ਕਿ ਇਕ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਇਸ ਅਧਿਐਨ ਵਿਚ ਪਿਛਲੇ ਪੰਜ ਦਹਾਕਿਆਂ (1970-2019) ਵਿਚ ਆਈਆਂ ਸਭ ਤਰ੍ਹਾਂ ਦੀਆਂ ਕੁਦਰਤੀ ਆਫ਼ਤਾਂ ਦੇ ਜ਼ਿਲ੍ਹਾ ਪੱਧਰ ਉੱਤੇ ਅੰਕੜੇ ਇਕੱਠੇ ਕਰ ਉਨ੍ਹਾਂ ਦਾ ਵਿਸਥਾਰਪੂਰਕ ਵਿਸ਼ੇਸ਼ਲਣ ਕੀਤਾ ਗਿਆ ਹੈ। ਇਸ ਅਧਿਐਨ ਅਨੁਸਾਰ 1970 ਤੋਂ 2005 ਵਿਚਕਾਰ ਬਹੁਤ ਹੀ ਨੁਕਸਾਨ ਕਰਨ ਵਾਲੀਆਂ 250 ਕੁਦਰਤੀ ਆਫ਼ਤਾਂ ਵਾਪਰੀਆਂ ਸਨ, ਪਰ 2005 ਤੋਂ ਬਾਅਦ ਦੇ ਸਮੇਂ ਦੌਰਾਨ ਇਹ ਗਿਣਤੀ ਵਧ ਕੇ 310 ਹੋ ਗਈ। ਪਹਾੜ/ਜ਼ਮੀਨ ਖਿਸਕਣ, ਬੱਦਲ ਫਟਣ, ਭਾਰੀ ਮੀਂਹ ਪੈਣ, ਗੜ੍ਹੇਮਾਰੀ ਆਦਿ ਵਰਗੀਆਂ ਘਟਨਾਵਾਂ ਵਿਚ ਪਿਛਲੇ ਪੰਜ ਦਹਾਕਿਆਂ ਵਿਚ 20 ਗੁਣਾ ਵਾਧਾ ਹੋਇਆ ਹੈ।

ਪਿਛਲੇ ਪੰਜ ਦਹਾਕਿਆਂ ਦੌਰਾਨ ਹੜ੍ਹ ਆਉਣ ਦੀਆਂ ਘਟਨਾਵਾਂ ਵਿਚ 8 ਗੁਣਾ ਵਾਧਾ ਹੋਇਆ ਹੈ। 1970 ਤੋਂ 2005 ਦੇ ਅਰਸੇ ਦੌਰਾਨ ਦੇਸ ਦੇ ਔਸਤਨ 19 ਜ਼ਿਲ੍ਹਿਆਂ ਵਿਚ ਹੜ੍ਹ ਆਉਂਦੇ ਸਨ, ਪਰ 2005 ਤੋਂ ਬਾਅਦ ਅਰਸੇ ਦੌਰਾਨ ਇਨ੍ਹਾਂ ਜ਼ਿਲ੍ਹਿਆਂ ਦੀ ਔਸਤ ਗਿਣਤੀ ਵਧ ਕੇ 55 ਹੋ ਗਈ। 2019 ਦੌਰਾਨ ਤਾਂ ਦੇਸ ਦੇ 151 ਜ਼ਿਲ੍ਹਿਆਂ ਨੇ ਭਿਆਨਕ ਹੜ੍ਹਾਂ ਦੀ ਮਾਰ ਸਹੀ ਹੈ ਜਿਸ ਕਾਰਨ ਦੇਸ ਦੇ 9.7 ਕਰੋੜ ਲੋਕ ਘਰੋਂ-ਬੇਘਰ ਹੋ ਗਏ ਸਨ। 1970 ਤੋਂ 2004 ਦਰਮਿਆਨ ਔਸਤਨ ਹਰ ਸਾਲ 3 ਭਿਆਨਕ ਹੜ੍ਹ ਆਉਂਦੇ ਸਨ ਪਰ 2005 ਤੋਂ ਇਨ੍ਹਾਂ ਦੀ ਗਿਣਤੀ ਵਧ ਕੇ 11 ਹੋ ਗਈ ਅਤੇ 2019 ਦੌਰਾਨ ਤਾਂ 16 ਭਿਆਨਕ ਹੜ੍ਹ ਰਿਕਾਰਡ ਕੀਤੇ ਗਏ। ਮੌਨਸੂਨ ਪੌਣਾ ਨਾਲ ਮੀਂਹ ਪੈਣ ਦੇ ਦਿਨਾਂ ਦੀ ਗਿਣਤੀ ਹਰ ਸਾਲ ਘਟਦੀ ਜਾ ਰਹੀ ਹੈ, ਪਰ ਇਕੋ ਦਿਨ ਥੋੜ੍ਹੇ ਸਮੇਂ ਵਿਚ ਮੀਂਹ ਪੈਣ ਦੀਆਂ ਘਟਨਾਵਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਸ਼ਹਿਰਾਂ ਵਿਚ ਆਉਣ ਵਾਲੇ ਹੜ੍ਹਾਂ ਦੀਆਂ ਘਟਨਾਵਾਂ ਵਿਚ ਵੀ ਸੰਨ 2000 ਤੋਂ ਬਾਅਦ ਤੇਜ਼ੀ ਨਾਲ ਵਾਧਾ ਹੋਇਆ ਹੈ।



ਹੜ੍ਹਾਂ ਦੀਆਂ ਘਟਨਾਵਾਂ ਵਿਚ ਵਾਧੇ ਦੇ ਨਾਲ ਨਾਲ ਦੇਸ ਵਿਚ ਸੋਕੇ ਦੀਆਂ ਘਟਨਾਵਾਂ ਵਿਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। 2005 ਤੋਂ ਬਾਅਦ ਸੋਕੇ ਦੀਆਂ ਘਟਨਾਵਾਂ ਵਿਚ 13 ਗੁਣਾ ਵਾਧਾ ਹੋਇਆ ਹੈ ਅਤੇ ਦੇਸ ਦੇ 68 ਫ਼ੀਸਦ ਜ਼ਿਲ੍ਹੇ ਸੋਕੇ ਜਾਂ ਸੋਕੇ ਵਰਗੀ ਸਥਿਤੀ ਦਾ ਸਾਹਮਣਾ ਕਰ ਰਹੇ ਸਨ। ਇਸ ਅਧਿਐਨ ਅਨੁਸਾਰ ਦੇਸ ਦੇ 40 ਫ਼ੀਸਦ ਜ਼ਿਲ੍ਹਿਆਂ ਵਿਚ ਬਹੁਤ ਹੀ ਹੈਰਾਨੀ ਵਾਲਾ ਇਕ ਵਰਤਾਰਾ ਸਾਹਮਣੇ ਆਇਆ ਹੈ ਕਿ ਰਵਾਇਤੀ ਤੌਰ ਉੱਤੇ ਸੋਕੇ ਨਾਲ ਪ੍ਰਭਾਵਿਤ ਜ਼ਿਲ੍ਹੇ ਜਿਵੇਂ ਔਰਗਾਬਾਦ, ਕੋਲਹਾਪੁਰ, ਸੰਗਲੀ, ਪੁਣੇ ਆਦਿ ਵਿਚ ਹੜ੍ਹਾਂ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ, ਜਦੋਂਕਿ ਦੂਜੇ ਪਾਸੇ ਹੜ੍ਹ ਪ੍ਰਭਾਵਿਤ ਜ਼ਿਲ੍ਹੇ ਜਿਵੇਂ ਕਟਕ, ਗੁੰਟਰ, ਕੁਰਨੂਲ ਆਦਿ ਸੋਕੇ ਦੀ ਮਾਰ ਝੱਲ ਰਹੇ ਹਨ। ਇਕੱਲੇ ਮਹਾਂਰਾਸ਼ਟਰ ਰਾਜ ਵਿਚ ਸੋਕੇ ਦੀਆਂ ਘਟਨਾਵਾਂ ਵਿਚ 7 ਗੁਣਾ ਅਤੇ ਹੜ੍ਹ ਆਉਣ ਦੀਆਂ ਘਟਨਾਵਾਂ ਵਿਚ 6 ਗੁਣਾ ਵਾਧਾ ਦਰਜ ਹੋਇਆ ਹੈ। ਇਨ੍ਹਾਂ ਕੁਦਰਤੀ ਆਫ਼ਤਾਂ ਦੇ ਨਾਲ ਨਾਲ 2005 ਤੋਂ ਬਾਅਦ ਚੱਕਰਵਾਤਾਂ ਦੀ ਮਾਰ ਥੱਲੇ ਆਉਣ ਵਾਲੇ ਜ਼ਿਲ੍ਹਿਆਂ ਦੀ ਗਿਣਤੀ 3 ਗੁਣਾ ਹੋ ਗਈ ਹੈ, ਜਦੋਂਕਿ ਉਨ੍ਹਾਂ ਦੀ ਆਮਦ ਦੀ ਗਿਣਤੀ ਅਤੇ ਮਾਰ ਦੀ ਗਹਿਰਾਈ ਵਿਚ ਦੁੱਗਣਾ ਵਾਧਾ ਆਂਕਿਆਂ ਗਿਆ ਹੈ। ਪੱਛਮੀ ਘਾਟਾਂ ਵਿਚ ਚੱਕਰਵਾਤਾਂ ਨਾਲ ਜੁੜੀਆਂ ਕੁਦਰਤੀ ਆਫ਼ਤਾਂ ਦੀਆਂ ਘਟਨਾਵਾਂ ਜਿਵੇਂ ਜ਼ਿਆਦਾ ਮੀਂਹ, ਹੜ੍ਹ, ਤੂਫ਼ਾਨ, ਜ਼ਮੀਨ ਦਾ ਖਿਸਕਣਾ ਆਦਿ ਵਿਚ ਪਿਛਲੇ 50 ਸਾਲਾਂ ਵਿਚ 12 ਗੁਣਾ ਵਾਧਾ ਆਂਕਿਆ ਗਿਆ। ਪਿੱਛਲੇ ਇਕ ਦਹਾਕੇ ਵਿਚ ਦੇਸ ਦੇ 258 ਜ਼ਿਲ੍ਹੇ ਚੱਕਰਵਾਤਾਂ ਦੀ ਆਮਦ ਨਾਲ ਪ੍ਰਭਾਵਿਤ ਹੋਏ ਹਨ।

ਕੌਂਸਿਲ ਔਨ ਅਨਰਜੀ, ਇੰਨਵਾਰਮੈਂਟ ਅਤੇ ਵਾਟਰ ਦਾ ਇਹ ਅਧਿਐਨ ਚੌਂਕਾ ਦੇਣ ਵਾਲਾ ਤਾਂ ਨਹੀਂ ਹੈ ਕਿਉਂਕਿ ਦੇਸ ਦੇ ਕਿਸੇ ਨਾ ਕਿਸੇ ਹਿੱਸੇ ਵਿਚ ਆਏ ਦਿਨ ਕੋਈ ਨਾ ਕੋਈ ਕੁਦਰਤੀ ਆਫ਼ਤ ਵਾਪਰਦੀ ਰਹਿੰਦੀ ਹੈ ਜਿਸ ਦੀ ਲੋਕਾਂ ਨੂੰ ਭਾਰੀ ਕੀਮਤ ਚੁਕਾਉਣੀ ਪੈ ਰਹੀ ਹੈ, ਪਰ ਜ਼ਿਆਦਾ ਚਿੰਤਾ ਦੀ ਗੱਲ ਇਹ ਹੈ ਕਿ ਪਿਛਲੇ ਇਕ ਦਹਾਕੇ ਦੌਰਾਨ ਕੁਦਰਤੀ ਆਫ਼ਤਾਂ ਦੀ ਆਮਦ ਦੀ ਗਿਣਤੀ ਅਤੇ ਉਨ੍ਹਾਂ ਦੀ ਮਾਰ ਦੀ ਗਹਿਰਾਈ ਵਿਚ ਪਿਛਲੇ 4 ਦਹਾਕਿਆਂ ਨਾਲੋਂ ਕਈ ਗੁਣਾ ਵਧ ਵਾਧਾ ਹੋ ਗਿਆ ਹੈ। 1 ਨਵੰਬਰ, 2014 ਨੂੰ ਆਈ. ਪੀ. ਸੀ. ਸੀ. ਦੁਆਰਾ ਜਾਰੀ ਕੀਤੀ ਰਿਪੋਰਟ ਦੇ ਆਧਾਰ ਉੱਤੇ ਸੰਯੁਕਤ ਰਾਸ਼ਟਰ ਨੇ ਮੌਸਮੀ ਤਬਦੀਲੀਆਂ ਕਾਰਨ ਆਉਣ ਵਾਲੀਆਂ ਆਫ਼ਤਾਂ ਸੰਬੰਧੀ ਚੇਤਾਵਨੀ ਦਿੱਤੀ ਸੀ ਕਿ ਆਉਣ ਵਾਲੇ ਸਮੇਂ ਦੌਰਾਨ ਜੇਕਰ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ ਤੇਜ਼ੀ ਨਾਲ ਕਮੀ ਨਾ ਕੀਤੀ ਗਈ ਤਾਂ ਦੁਨੀਆ ਦਾ ਕੋਈ ਵੀ ਦੇਸ ਕੁਦਰਤੀ ਆਫ਼ਤਾਂ ਦੀ ਮਾਰ ਦੇ ਖ਼ਤਰਨਾਕ ਪ੍ਰਭਾਵਾਂ ਤੋਂ ਬਚ ਨਹੀਂ ਸਕੇਗਾ। ਇਸ ਰਿਪੋਰਟ ਵਿਚ ਇਹ ਵੀ ਖ਼ੁਲਾਸਾ ਕੀਤਾ ਗਿਆ ਸੀ ਕਿ ਬਾਕੀ ਦੇਸਾਂ ਨਾਲੋਂ ਭਾਰਤ ਅਤੇ ਚੀਨ ਵਰਗੇ ਦੇਸ ਮੌਸਮੀ ਤਬਦੀਲੀਆਂ ਨਾਲ ਵੱਧ ਖ਼ਤਰਿਆਂ ਦੇ ਸਨਮੁੱਖ ਹੋਣਗੇ। ਮੌਸਮੀ ਤਬਦੀਲੀਆਂ ਨਾਲ ਅਨਾਜ-ਪਦਾਰਥਾਂ ਅਤੇ ਪਾਣੀ ਦੀ ਥੁੜ੍ਹ ਵੀ ਪੈਦਾ ਹੋ ਸਕਦੀ ਹੈ। ਇੰਨੀ ਸਖ਼ਤ ਚੇਤਾਵਨੀ ਦੇ ਬਾਵਜੂਦ ਵੀ ਭਾਰਤ ਸਰਕਾਰ ਨੇ ਪਿਛਲੇ 5 ਸਾਲਾਂ ਵਿਚ ਕੁਦਰਤੀ ਆਫ਼ਤਾਂ ਨਾਲ ਸਿਝਣ ਲਈ ਕੋਈ ਪੁਖਤਾ ਉਪਰਾਲੇ ਨਹੀਂ ਕੀਤੇ ਹਨ।

ਦੇਸ ਵਿਚ ਹੜ੍ਹ ਅਤੇ ਸੋਕੇ ਦੀਆਂ ਘਟਨਾਵਾਂ ਦੀ ਵਧਦੀ ਗਿਣਤੀ ਲਈ ਮਨੁੱਖੀ ਗਤੀਵਿਧੀਆਂ ਧਰਤੀ ਦੇ ਔਸਤ ਤਾਪਮਾਨ ਵਿਚ ਹੋਏ ਵਾਧੇ ਕਾਰਨ ਆਉਣ ਵਾਲੀਆਂ ਮੌਸਮੀ ਤਬਦੀਲੀਆਂ ਦੇ ਨਾਲ ਨਾਲ ਇੱਥੋਂ ਦੀ ਭੂਗੋਲਿਕ ਸਥਿਤੀ ਅਤੇ ਸਥਾਨਕ ਕਾਰਨ ਵੀ ਜ਼ਿੰਮੇਵਾਰ ਹਨ। ਸਭ ਤੋਂ ਪਹਿਲਾਂ ਜੇਕਰ ਅਸੀਂ ਭੂਗੋਲਿਕ ਸਥਿਤੀ ਦੀ ਗੱਲ ਕਰੀਏ ਤਾਂ ਦੇਸ ਦੇ ਉੱਤਰ ਵੱਲ ਦੁਨੀਆ ਦੇ ਸਭ ਤੋਂ ਉੱਚੇ ਅਤੇ ਨਵੇਂ ਬਰਫ਼ ਨਾਲ ਲੱਦੇ ਪਹਾੜ ਹਨ। ਤਾਪਮਾਨ ਵਿਚ ਹੋਏ ਵਾਧੇ ਨਾਲ ਜਦੋਂ ਗਰਮੀਆਂ ਵਿਚ ਪਹਾੜਾਂ ਤੋਂ ਬਰਫ਼ ਤੇਜ਼ੀ ਨਾਲ ਪਿਘਲਦੀ ਹੈ ਤਾਂ ਮੈਦਾਨੀ ਇਲਾਕਿਆਂ ਵਿਚ ਆ ਕੇ ਇਹ ਪਾਣੀ ਹੜ੍ਹ ਦਾ ਰੂਪ ਧਾਰਨ ਕਰ ਲੈਂਦਾ ਅਤੇ ਭਾਰੀ ਤਬਾਹੀ ਮਚਾਉਂਦਾ ਹੈ। ਦੂਜਾ ਮੌਸਮੀ ਤਬਦੀਲੀਆਂ ਨਾਲ ਸਾਡੇ ਦੇਸ ਵਿਚ ਮੌਨਸੂਨ ਪੌਣਾਂ ਕਦੇ ਨਿਸਚਤ ਸਮੇਂ ਤੋਂ ਪਹਿਲਾਂ ਕਦੇ ਪਿੱਛੋਂ ਆਉਂਦੀਆਂ ਹਨ ਜਿਸ ਨਾਲ ਹੜ੍ਹ ਜਾਂ ਸੋਕੇ ਦੀਆਂ ਘਟਨਾਵਾਂ ਵਿਚ ਵਾਧਾ ਹੁੰਦਾ ਹੈ। ਮੌਨਸੂਨ ਪੌਣਾਂ ਨੂੰ ਵੀ ਐਲ-ਨੀਨੋ ਅਤੇ ਲਾ-ਨੀਨਾ ਦੀਆਂ ਘਟਨਾਵਾਂ ਵੀ ਪ੍ਰਭਾਵਿਤ ਕਰਦੀਆਂ ਹਨ ਜਿਨ੍ਹਾਂ ਦੀ ਆਮਦ ਵਿਚ ਮੌਸਮੀ ਤਬਦੀਲੀਆਂ ਕਾਰਨ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਮੌਸਮੀ ਤਬਦੀਲੀਆਂ ਦੇ ਨਾਲ ਨਾਲ ਜੰਗਲਾਂ ਦੀ ਅੰਧਾਧੁੰਦ ਕਟਾਈ, ਦਰਿਆਵਾਂ ਉੱਤੇ ਡੈਮਾਂ ਦੀ ਵਧਦੀ ਉਸਾਰੀ, ਦਰਿਆਵਾਂ ਦੇ ਵਹਾਅ ਖੇਤਰਾਂ ਵਿਚ ਕਬਜ਼ੇ ਕਰਨਾ, ਧਰਤੀ ਨੂੰ ਪੱਧਰਾ ਕਰਨਾ ਆਦਿ ਕਾਰਨ ਵੀ ਹਨ। ਦਰਿਆਵਾਂ ਉੱਤੇ ਜ਼ਿਆਦਾ ਡੈਮ ਬਣਨ ਕਾਰਨ ਮੀਂਹ ਦਾ ਬਹੁਤਾ ਪਾਣੀ ਡੈਮਾਂ ਵਿੱਚ ਇੱਕਠਾ ਕਰ ਲਿਆ ਜਾਂਦਾ ਹੈ ਅਤੇ ਬਹੁਤ ਥੋੜ੍ਹਾ ਪਾਣੀ ਦਰਿਆਵਾਂ ਵਿਚ ਛੱਡਿਆ ਜਾਂਦਾ ਹੈ ਜਿਸ ਕਾਰਨ ਸਾਲ ਦਾ ਬਹੁਤਾ ਸਮਾਂ ਦਰਿਆਵਾਂ ਦੇ ਵਹਾਅ ਖੇਤਰ ਖ਼ਾਲੀ ਪਏ ਰਹਿੰਦੇ ਹਨ। ਲੋਕ ਹੌਲੀ ਹੌਲੀ ਦਰਿਆਵਾਂ ਦੇ ਖ਼ਾਲੀ ਪਏ ਵਹਾਅ ਖੇਤਰਾਂ ਉੱਤੇ ਘਰ ਜਾਂ ਇਮਾਰਤਾਂ ਬਣਾ ਲੈਂਦੇ ਹਨ ਜਿਸ ਨਾਲ ਦਰਿਆਵਾਂ ਦੇ ਵਹਾਅ ਖੇਤਰ ਬਹੁਤ ਜ਼ਿਆਦਾ ਸੁੰਗੜ ਗਏ ਹਨ। ਜ਼ਿਆਦਾ ਮੀਂਹ ਪੈਣ ਦੀ ਸੂਰਤ ਵਿਚ ਇਨ੍ਹਾਂ ਵਹਾਅ ਖੇਤਰਾਂ ਵਿਚ ਵੱਸੇ ਲੋਕ ਬੁਰੀ ਤਰ੍ਹਾਂ ਹੜ੍ਹਾਂ ਦੀ ਲਪੇਟ ਵਿਚ ਆ ਜਾਂਦੇ ਹਨ। ਮੌਨਸੂਨ ਪੌਣਾਂ ਨਾਲ ਜ਼ਿਆਦਾ ਜਾਂ ਥੋੜ੍ਹਾ ਮੀਂਹ ਪੈਣ ਦੀ ਅਨਿਸ਼ਚਤਾ ਹਮੇਸ਼ਾਂ ਬਣੀ ਰਹਿੰਦੀ ਹੈ ਜਿਸ ਲਈ ਡੈਮ ਅਧਿਕਾਰੀ ਪਹਿਲਾਂ ਤਾਂ ਡੈਮਾਂ ਵਿਚ ਮੀਂਹ ਦਾ ਪਾਣੀ ਇੱਕਠਾ ਕਰਦੇ ਰਹਿੰਦੇ ਹਨ ਅਤੇ ਜੇਕਰ ਅਚਾਨਕ ਜ਼ਿਆਦਾ ਮੀਂਹ ਪੈ ਜਾਂਦਾ ਹੈ ਤਾਂ ਲੋਕਾਂ ਨੂੰ ਬਿਨਾਂ ਸੂਚਿਤ ਕੀਤੇ ਡੈਮ ਨੂੰ ਬਚਾਉਣ ਲਈ ਉਸ ਦੇ ਫਾਟਕ ਖੋਲ੍ਹ ਦਿੰਦੇ ਹਨ। 2018 ਵਿਚ ਕੇਰਲ ਵਿਚ 35 ਡੈਮਾਂ ਦੇ ਇਕ ਦਮ ਫਾਟਕ ਖੋਲ੍ਹਣ ਨਾਲ ਭਾਰੀ ਹੜ੍ਹ ਆਇਆ ਸੀ। ਦੇਸ ਵਿਚ ਇਸ ਤਰ੍ਹਾਂ ਵਾਪਰੀ ਹੜ੍ਹ ਦੀ ਇਹ ਪਹਿਲੀ ਘਟਨਾ ਨਹੀਂ ਸੀ। ਇਸ ਤਰ੍ਹਾਂ ਹੜ੍ਹ ਆਉਣ ਦੀਆਂ ਘਟਨਾਵਾਂ 2011 ਵਿਚ ਓਡੀਸ਼ਾ, 2013 ਵਿਚ ਉਤਰਾਖੰਡ, 2015 ਵਿਚ ਤਾਮਿਲਨਾਡੂ ਅਤੇ 2016 ਵਿਚ ਬਿਹਾਰ ਆਦਿ ਰਾਜਾਂ ਵਿਚ ਪਹਿਲਾਂ ਵੀ ਵਾਪਰ ਚੁੱਕੀਆਂ ਹਨ।

ਸ਼ਹਿਰਾਂ ਵਿਚ ਹੜ੍ਹ ਦੀਆਂ ਵਧਦੀਆਂ ਘਟਨਾਵਾਂ ਲਈ ਮੌਸਮੀ ਤਬਦੀਲੀਆਂ ਦੇ ਨਾਲ ਨਾਲ ਸਥਾਨਕ ਕਾਰਨ ਜਿਵੇਂ ਜਲਗਾਹਾਂ, ਟੋਭੇ, ਤਲਾਬ, ਝੀਲਾਂ, ਬਰਸਾਤੀ ਨਾਲਿਆਂ ਆਦਿ ਨੂੰ ਭਰ ਕੇ ਅਤੇ ਉਨ੍ਹਾਂ ਉੱਤੇ ਕਬਜ਼ੇ ਕਰਕੇ ਹੋਈਆਂ ਉਸਾਰੀਆਂ ਜ਼ਿੰਮੇਵਾਰ ਹਨ। ਸ੍ਰੀਨਗਰ ਵਿਚ 2014, ਅਤੇ ਚੇਨਈ ਵਿਚ 2015 ਵਿਚ ਆਏ ਹੜ੍ਹ ਇਸ ਦੀਆਂ ਪੁਖਤਾ ਉਦਾਹਰਣਾਂ ਹਨ। ਦਿੱਲੀ, ਮੁੰਬਈ ਅਤੇ ਦੇਸ ਦੇ ਹੋਰ ਕਈ ਵੱਡੇ ਸ਼ਹਿਰ ਹਰ ਸਾਲ ਉਪਰੋਕਤ ਕਾਰਨਾਂ ਦੇ ਨਾਲ ਨਾਲ ਪਾਣੀ ਦੀ ਨਿਕਾਸੀ ਦੇ ਮਾੜੇ ਪ੍ਰਬੰਧਾਂ ਕਾਰਨ ਵੀ ਹੜ੍ਹਾਂ ਦਾ ਸ਼ਿਕਾਰ ਹੋ ਰਹੇ ਹਨ ਕਿਉਂਕਿ ਇਨ੍ਹਾਂ ਸ਼ਹਿਰਾਂ ਵਿਚ ਆਬਾਦੀ ਤਾਂ ਲਗਾਤਾਰ ਵਧ ਰਹੀ ਹੈ, ਪਰ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਉਸ ਅਨੁਪਾਤ ਵਿਚ ਨਹੀਂ ਕੀਤਾ ਜਾ ਰਿਹਾ ਹੈ।

ਇਸ ਅਧਿਐਨ ਵਿਚ ਇਹ ਵੀ ਖ਼ੁਲਾਸਾ ਕੀਤਾ ਗਿਆ ਹੈ ਕਿ ਮਹਾਂਰਾਸ਼ਟਰ ਵਿਚ ਹੜ੍ਹਾਂ ਦੀ ਗਿਣਤੀ ਵਿਚ 6 ਗੁਣਾ ਅਤੇ ਸੋਕੇ ਦੀਆਂ ਘਟਨਾਵਾਂ ਵਿਚ 7 ਗੁਣਾ ਵਾਧਾ ਹੋਇਆ ਹੈ ਜਿਸ ਦਾ ਮੁੱਖ ਕਾਰਨ ਪੱਛਮੀ ਘਾਟਾਂ ਵਿਚ ਹੋ ਰਿਹਾ ਅਣਯੋਜਿਤ ਵਿਕਾਸ ਹੈ ਕਿਉਂਕਿਮਹਾਂਰਾਸ਼ਟਰ ਸਮੇਤ ਪੰਜ ਹੋਰ ਰਾਜ (ਗੁਜਰਾਤ, ਕਰਨਾਟਕ, ਗੋਆ, ਤਾਮਿਲਨਾਡੂ, ਅਤੇ ਕੇਰਲ) ਪੱਛਮੀ ਘਾਟਾਂ ਵਿਚ ਸਥਿਤ ਹਨ ਜੋ ਇਨ੍ਹਾਂ ਰਾਜਾਂ ਦੇ ਵਾਤਾਵਰਨ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ। ਇਸੇ ਲਈ 2005 ਵਿਚ ਸਥਾਨਕ ਲੋਕਾਂ ਨੇ ਰਾਜ ਅਤੇ ਕੇਂਦਰ ਸਰਕਾਰ ਦੀਆਂ ਵਿਕਾਸ ਯੋਜਨਾਵਾਂ ਦਾ ਵੱਡੇ ਪੱਧਰ ਉੱਤੇ ਵਿਰੋਧ ਕੀਤਾ ਸੀ।

ਲੋਕਾਂ ਦੇ ਵਿਰੋਧ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ ਗਾਡਗਿਲ ਕਮੇਟੀ ਬਣਾਈ ਸੀ। ਇਸ ਕਮੇਟੀ ਨੇ 2011 ਵਿਚ ਕੇਂਦਰ ਸਰਕਾਰ ਨੂੰ ਰਿਪੋਰਟ ਭੇਜ ਦਿੱਤੀ ਸੀ ਜਿਸ ਵਿਚ ਪੱਛਮੀ ਘਾਟਾਂ ਦੇ 87.5 ਫ਼ੀਸਦ ਖੇਤਰ ਨੂੰ ਸੰਵੇਦਨਸ਼ੀਲ ਖੇਤਰ ਘੋਸ਼ਿਤ ਕਰਨ ਅਤੇ ਇਸ ਖੇਤਰ ਵਿਚ ਨਵੇਂ ਸ਼ਹਿਰ ਵਸਾਉਣ, ਨਵੇਂ ਡੈਮ ਬਣਾਉਣ, ਜਲਗਾਹਾਂ ਅਤੇ ਦਰਿਆਵਾਂ ਦੇ ਵਹਾਅ ਖੇਤਰਾਂ ਉੱਤੇ ਉਸਾਰੀਆਂ ਕਰਨ, ਸੈਰ-ਸਪਾਟੇ ਵਿਭਾਗ ਦੇ ਪਸਾਰੇ, ਉਦਯੋਗਾਂ ਦੇ ਲਗਾਉਣ ਅਤੇ ਖਣਿਜਾਂ ਦੀ ਖੁਦਾਈ ਆਦਿ ਵਰਗੀਆਂ 52 ਬੰਦਸਾਂ ਲਗਾਉਣ ਦੀ ਸਿਫ਼ਾਰਸ ਕੀਤੀ ਸੀ, ਪਰ ਇਸ ਰਿਪੋਰਟ ਨੂੰ ਕੇਂਦਰ ਅਤੇ ਰਾਜ ਸਰਕਾਰ ਦੋਹਾਂ ਨੇ ਨਕਾਰ ਦਿੱਤਾ ਸੀ ਅਤੇ ਇਸ ਖੇਤਰ ਵਿਚ ਵਿਕਾਸ ਕਾਰਜ ਬਿਨਾਂ ਰੋਕ-ਟੋਕ ਤੋਂ ਹਾਲੇ ਵੀ ਜਾਰੀ ਹਨ।

ਕਰੋਨਾ ਲੌਕਡਾਊਨ ਸਮੇਂ ਕੇਂਦਰ ਸਰਕਾਰ ਨੇ ਵਾਤਾਵਰਨ ਨਿਯਮਾਂ ਦੀ ਅਣਦੇਖੀ ਕਰਦਿਆਂ ਗੋਆ ਦੇ ਵਾਤਾਵਰਨ ਸੰਵੇਦਨਸ਼ੀਲ ਖੇਤਰ ਵਿੱਚ ਤਿੰਨ ਪ੍ਰੋਜੈਕਟ ਬਣਾਉਣ ਦੀ ਮਨਜ਼ੂਰੀ ਦਿੱਤੀ ਹੈ। ਬੱਦਲ ਫਟਣ ਅਤੇ ਪਹਾੜ/ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਿਚ ਵਾਧਾ ਹੋਣ ਦੇ ਕਾਰਨ ਪਹਾੜੀ ਇਲਾਕਿਆਂ ਵਿਚ ਚੌੜੀਆਂ ਸੜਕਾਂ ਬਣਾਉਣਾ ਜਿਵੇਂ ਸ਼ਿਮਲਾ-ਪਰਵਾਣੂ ਅਤੇ ਚਾਰ-ਧਾਮ (ਹਰ ਮੌਸਮ ਸੜਕ) ਸਥਾਨਕ ਮਨੁੱਖੀ ਗਤੀਵਿਧੀਆਂ ਨਾਲ ਜੁੜੀਆਂ ਹਨ। ਕੇਂਦਰ ਸਰਕਾਰ ਨੇ ਲੌਕਡਾਊਨ ਦੇ ਦੋਰਾਨ 2006 ਵਾਤਾਵਰਨ ਪ੍ਰਭਾਵ ਮੁਲਾਂਕਣ ਦੀ ਥਾਂ ਉੱਤੇ 2020 ਵਾਤਾਵਰਨ ਪ੍ਰਭਾਵ ਮੁਲਾਂਕਣ ਪ੍ਰਸਤਾਵ ਕੀਤਾ ਹੈ ਜੋ ਵਾਤਾਵਰਨ ਨਿਯਮਾਂ ਨੂੰ ਬਹੁਤ ਹੀ ਪੇਤਲਾ ਕਰ ਦੇਵਗਾ ਅਤੇ ਦੇਸ ਹੋਰ ਕੁਦਰਤੀ ਆਫ਼ਤਾਂ ਦੇ ਸਨਮੁੱਖ ਹੋ ਜਾਵੇਗਾ।

2014 ਦੀ ਆਈ.ਪੀ.ਸੀ.ਸੀ. ਦੀ ਇਕ ਰਿਪੋਰਟ ਵਿਚ ਕੁਦਰਤੀ ਆਫ਼ਤਾਂ ਦੇ ਨਾਲ ਨਾਲ ਖਾਧ-ਪਦਾਰਥਾਂ ਅਤੇ ਪਾਣੀ ਦੀ ਥੁੜ੍ਹ ਹੋ ਜਾਣ ਦੀ ਚੇਤਾਵਨੀ ਦਿੱਤੀ ਗਈ ਸੀ। ਇਸ ਲਈ ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਦੇਸ ਦੀ ਭੂਗੋਲਿਕ ਸਥਿਤੀ ਅਤੇ ਇੱਥੋਂ ਵਧਦੀ ਆਬਾਦੀ ਨੂੰ ਮੱਦੇਨਜ਼ਰ ਰੱਖਦੇ ਹੋਏ ਹਰ ਤਰ੍ਹਾਂ ਦੀਆਂ ਕੁਦਰਤੀ ਆਫ਼ਤਾਂ ਦੀ ਮਾਰ ਤੋਂ ਬਚਣ ਲਈ ਬਹੁਤ ਹੀ ਸਾਵਧਾਨੀ ਅਤੇ ਦੂਰਅੰਦੇਸ਼ੀ ਨਾਲ ਯੋਜਨਾਵਾਂ ਬਣਾਵੇ ਤਾਂ ਕਿ ਅਜਿਹਾ ਨਾ ਹੋਵੇ ਕਿ ਦੇਸ ਦੇ ਵਿਕਾਸ ਦੀ ਥਾਂ ਉੱਤੇ ਕੁਦਰਤੀ ਸਾਧਨਾਂ ਦਾ ਇੰਨਾ ਜ਼ਿਆਦਾ ਉਜਾੜਾ ਕਰ ਦੇਈਏ ਕਿ ਦੇਸ ਦੇ ਲੋਕਾਂ ਦੀਆਂ ਜ਼ਿੰਦਗੀਆਂ ਖ਼ਤਰਿਆਂ ਵਿਚ ਪੈ ਜਾਣ। ਸਰਕਾਰ ਦਾ ਬਣਦਾ ਹੈ ਕਿ ਵਿਕਾਸ ਕਾਰਜਾਂ ਲਈ ਕੁਦਰਤ ਅਤੇ ਲੋਕ-ਪੱਖੀ ਮਾਡਲ ਅਪਣਾਏ ਅਤੇ ਮੌਸਮੀ ਤਬਦੀਲੀਆਂ ਤੋਂ ਪੈਦਾ ਹੋਣ ਵਾਲੀਆਂ ਕੁਦਰਤੀ ਆਫ਼ਤਾਂ ਤੋਂ ਦੇਸ ਵਾਸੀਆਂ ਨੂੰ ਬਚਾਉਣ ਲਈ ਠੋਸ ਉਪਰਾਲੇ ਕਰਨੇ ਸ਼ੁਰੂ ਕਰੇ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਭਾਰਤੀ ਅਮਰੀਕੀ ਲੜਕੇ ਨੇ ਗੋਲਡਨ ਗੇਟ ਪੁਲ ਤੋਂ ਛਾਲ ਮਾਰ ਕੇ ਕੀਤੀ ਖੁਦਕੁਸ਼ੀ



**ਸੈਕਰਾਮੈਂਟੋ 16 ਦਸੰਬਰ–** ਇਕ ਭਾਰਤੀ ਅਮਰੀਕੀ 16 ਸਾਲਾ ਲੜਕੇ ਨੇ ਗੋਲਡਨ ਗੇਟ ਬਰਿਜ ਤੋਂ ਦਰਿਆ ਵਿਚ ਛਾਲ ਮਾਰ ਕੇ ਖੁਦਕੁੱਸ਼ੀ ਕਰ ਲਈ। ਇਹ ਜਾਣਕਾਰੀ ਲੜਕੇ ਦੇ ਮਾਪਿਆਂ ਤੇ ਯੂ ਐਸ ਕੋਸਟ ਗਾਰਡ ਨੇ ਦਿੱਤੀ ਹੈ। ਲੜਕੇ ਦਾ ਬਾਈਸਾਈਕਲ, ਫੋਨ ਤੇ ਕਿਤਾਬਾਂ ਵਾਲਾ ਬਸਤਾ ਪੁਲ ਉਪਰੋਂ ਬਰਾਮਦ ਹੋਇਆ ਹੈ। 12ਵੀਂ ਕਲਾਸ ਵਿਚ ਪੜਦੇ ਲੜਕੇ ਨੇ ਸ਼ਾਮ ਦੇ 5 ਵਜੇ ਦੇ ਆਸ ਪਾਸ ਖੁਦਕੁੱਸ਼ੀ ਦਾ ਸਿਰੇ ਦਾ ਕਦਮ ਚੁੱਕਿਆ। ਕੋਸਟ ਗਾਰਡ ਦਾ ਕਹਿਣਾ ਹੈ ਕਿ ਕਿਸੇ ਵਿਅਕਤੀ ਵੱਲੋਂ ਦਰਿਆ ਵਿਚ ਛਾਲ ਮਾਰ ਦੇਣ ਦੀ ਪੁਸ਼ਟੀ ਹੋਣ ਤੋਂ ਬਾਅਦ ਉਨਾਂ ਨੇ ਤੁਰੰਤ ਬਚਾਅ ਤੇ ਰਾਹਤ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ ਪਰੰਤੂ ਢਾਈ ਘੰਟੇ ਦੀ ਕਾਰਵਾਈ ਦੌਰਾਨ ਲੜਕੇ ਦੀ ਲਾਸ਼ ਬਰਾਮਦ ਨਹੀਂ ਹੋ ਸਕੀ। ਉਨਾਂ ਕਿਹਾ ਕਿ ਲੜਕੇ ਦੇ ਬਚਣ ਦੀ ਸੰਭਾਵਨਾ ਬਹੁਤ ਥੋੜੀ ਹੈ। ਲੜਕੇ ਵੱਲੋਂ ਛਾਲ ਮਾਰਨ ਦੀ ਖਬਰ ਉਪਰੰਤ ਹੀ ਲੜਕੇ ਦੀ ਮੌਤ ਦੇ ਖਬਰ ਚਾਰੇ ਪਾਸੇ ਫੈਲ ਗਈ ਤੇ ਭਾਰਤੀ ਭਾਈਚਾਰੇ ਵਿਚ ਸੋਗ ਦੀ ਲਹਿਰ ਦੌੜ ਗਈ। ਲੜਕੇ ਵੱਲੋਂ ਖੁਦਕੁੱਸ਼ੀ ਕਰਨ ਦੇ ਕਾਰਨ ਬਾਰੇ ਅਜੇ ਸਪਸ਼ਟ ਨਹੀਂ ਹੋ ਸਕਿਆ ਤੇ ਨਾ ਹੀ ਲੜਕੇ ਦਾ ਨਾਂ ਨਸ਼ਰ ਕੀਤਾ ਗਿਆ ਹੈ। ਬਰਿਜ ਰੇਲ ਫਾਊਂਡੇਸ਼ਨ ਅਨੁਸਾਰ ਪਿਛਲੇ ਸਾਲ ਇਸ ਪੁਲ ਉਪਰੋਂ ਛਾਲ ਮਾਰ ਕੇ 25 ਲੋਕਾਂ ਨੇ ਖੁਦਕੁੱਸ਼ੀ ਕੀਤੀ ਸੀ ਜਦ ਕਿ 1937 ਵਿਚ ਪੁਲ ਬਣਨ ਤੋਂ ਬਾਅਦ ਹੁਣ ਤੱਕ 2000 ਲੋਕਾਂ ਵੱਲੋਂ ਇਥੇ ਖੁਦਕੁੱਸ਼ੀ ਕਰਨ ਦੇ ਮਾਮਲੇ ਦਰਜ ਹੋਏ ਹਨ।

# ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਪ੍ਰਤੀਯੋਗਤਾ ਵਿਚ ਅਮਰੀਕਾ ਦੇ ਈਸਟ ਕੋਸਟ





**ਸੈਕਰਾਮੈਂਟੋ–** ਵਿਦੇਸ਼ਾਂ ਵਿਚ ਸਿੱਖ ਕੌਮ ਦੀ ਅਗਲੀ ਪੀੜ੍ਹੀ ਨੂੰ ਆਪਣੇ ਮਾਣਮੱਤੇ ਇਤਿਹਾਸ ਤੇ ਵਿਰਸੇ ਨਾਲ ਜੋੜਣ ਲਈ ਵਰਲਡ ਸਿੱਖ ਪਾਰਲੀਮੈਂਟ ਦੀਆਂ ਵਿਦਿਅਕ, ਧਾਰਮਿਕ ਕੌਂਸਲਾਂ ਵਲੋਂ ਗੁਰੂ ਸਾਹਿਬ ਦੀ ਬਖਸ਼ਿਸ਼ ਨਾਲ ਵੱਖ ਵੱਖ ਪ੍ਰੋਗਰਾਮ ਉਲੀਕੇ ਜਾਂਦੇ ਹਨ। ਪਿਛਲੇ ਸਾਲ 2021 ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਪ੍ਰਤੀਯੋਗਤਾ ਵਿਚ ਸੰਗਤਾਂ ਦੇ ਹੁੰਗਾਰੇ ਤੇ ਉਤਸ਼ਾਹ ਨੂੰ ਵੇਖਦਿਆਂ, ਇਸ ਸਾਲ ਦਾ ਇਹ ਸਮਾਗਮ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਅਤੇ ਜੀਵਨ ਇਤਿਹਾਸ ਦੇ ਸੰਬੰਧ ਵਿਚ ਕਰਵਾਇਆ ਗਿਆ। ਜਿਸ ਨਾਲ ਪੱਛਮੀ ਸੱਭਿਆਚਾਰ ਦੇ ਅਸਰ ਹੇਠ ਆਪਣੇ ਮਾਣਮੱਤੇ ਇਤਿਹਾਸ ਤੋਂ ਦੂਰ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਮੁੜ ਦੁਨੀਆ ਦੇ ਇਤ੍ਹਿਾਸ ਵਿਚ ਇਸ ਲਾਸਾਨੀ ਸ਼ਹੀਦੀਆਂ ਭਰੇ ਸਿੱਖ ਵਿਰਸੇ ਬਾਰੇ ਜਾਣੂ ਕਰਵਾਕੇ ਜੋੜਿਆ ਜਾਵੇ। ਇਸ ਪ੍ਰੋਗਰਾਮ ਲਈ ਬੱਚਿਆਂ ਨੂੰ ਤਿੰਨ ਉਮਰ ਵਰਗਾਂ ਵਿਚ ਰੱਖਿਆ ਗਿਆ ਅਤੇ ਹਰ ਵਰਗ ਦੇ ਬੱਚਿਆਂ ਨੇ ਸਵਾਲ–ਜਵਾਬ (ਕੁਇਜ਼), ਗੁਰਬਾਣੀ ਕੰਠ, ਅਤੇ ਸਪੀਚ ਦੇ ਮੁਕਾਬਲਿਆਂ ਵਿਚ ਹਿਸਾ ਲਿਆ। 26 ਨਵੰਬਰ ਤੋਂ ਸ਼ੁਰੂ ਹੋਏ ਇਸ ਪ੍ਰੋਗਰਾਮ ਵਿਚ ਹਰ ਸ਼ਨੀਵਾਰ, ਐਤਵਾਰ (ਵੀਕਐਂਡ) ਤੇ ਮੁਕਾਬਲਿਆਂ ਲਈ ਵੱਖ ਵੱਖ ਸਟੇਟਾਂ ਵਿਚ ਸੈਂਟਰ ਬਣਾਏ ਗਏ, ਜਿਨ੍ਹਾਂ ਵਿਚ: ਨਿਊਯਾਰਕ (ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿੱਲ, ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ, ਦਰਬਾਰ ਸ੍ਰੀ ਗੁਰੂ ਗਰੰਥ ਸਾਹਿਬ ਜੀ, ਗੁਰ ਗੋਬਿੰਦ ਸਿੰਘ ਸਿੱਖ ਸੈਂਟਰ ਪਲੇਨਵਿਊ)– ਨਿਊਜਰਸੀ: (ਗੁਰਦੁਆਰਾ ਦਸ਼ਮੇਸ਼ ਦਰਬਾਰ ਕਾਰਟਰੇਟ, ਸਿੱਖ ਗੁਰ–ਦੁਆਰਾ ਆਫ ਪਾਇਨਹਿੱਲ), ਕਨੈਕਟੀਕਟ: (ਗੁਰਦੁਆਰਾ ਨਾਨਕ ਦਰਬਾਰ ਸਾਊਥਿੰਗਟਨ), ਪੈਂਨਸਿਲਵੇਨੀਆ: (ਸਿੱਖ ਸੋਸਾਇਟੀ ਆਫ ਹੇਰਿਸਬਰਗ), ਵਰ–ਜੀਨੀਆ: (ਗੁਰਦੁਆਰਾ ਸਿੰਘ ਸਭਾ ਫੇਅਰਫੈਕਸ) ਦੇ ਵਿਚ ਬੱਚਿਆਂ ਨੇ ਹਿਸਾ ਲਿਆ। ਇਸ ਧਾਰਮਿਕ ਪ੍ਰਤੀਯੋਗਤਾ ਮੁਕਾਬਲੇ ਦਾ ਇਨਾਮ–ਵੰਡ ਅਤੇ ਫਾਈਨਲ ਪ੍ਰੋਗਰਾਮ 17 ਦਸੰਬਰ ਨੂੰ ਗੁਰਦੁਆਰਾ ਸਿੱਖ ਸੈਂਟਰ ਆਫ ਨਿਊਯਾਰਕ, ਕੁਈਨਜਵਿਲੇਜ ਵਿਚ ਹੋਇਆ, ਜਿਥੇ ਹਰ ਇਕ ਸੈਂਟਰ ਤੋਂ ਤਿੰਨੇ ਉਮਰ ਵਰਗਾਂ ਵਿਚੋਂ ਮੋਹਰੀ ਰਹੇ ਬੱਚਿਆਂ ਨੇ ਫਾਈਨਲ ਸਪੀਚ ਮੁਕਾਬਲੇ ਵਿਚ ਸਾਹਿਬਜਾਦਿਆਂ ਦੇ ਇਤਿਹਾਸ ਬਾਰੇ ਚਾਨਣਾ ਪਾਇਆ , ਅਤੇ ਅਖੀਰ ਵਿਚ ਸਵਾਲ–ਜਵਾਬ (ਕੁਇਜ਼), ਗੁਰਬਾਣੀ ਕੰਠ, ਅਤੇ ਸਪੀਚ ਦੇ ਮੁਕਾਬਲਿਆਂ ਵਿਚ ਤਿੰਨੇ ਉਮਰ ਵਰਗਾਂ ਵਿਚ ਪਹਿਲੇ, ਦੂਜੇ, ਤੀਜੇ ਸਥਾਨ ਤੇ ਰਹਿਣ ਵਾਲੇ ਬੱਚਿਆਂ ਨੂੰ ਬਹੁਤ ਹੀ ਆਕਰਸ਼ਕ ਇਨਾਮ ਦਿਤੇ ਗਏ । ਅਮਰੀਕਾ ਰੀਜਨ ਵਿਚ ਈਸਟ–ਕੋਸਟ ਲੈਵਲ ਦੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਬੱਚਿਆਂ ਦੇ ਮਾਪਿਆਂ ਦੇ ਨਾਲ, ਗੁਰਮਤਿ ਸਕੂਲਾਂ ਦੇ ਅਧਿਆਪਕਾਂ, ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ, ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਕੋਆਰਡੀਨੇਸ਼ਨ ਕਮੇਟੀ (ਯੂ ਐਸ ਏ) ਅਤੇ ਸਿੱਖ ਸੰਗਤਾਂ ਨੇ ਭਰਪੂਰ ਸਹਿਯੋਗ ਦਿੱਤਾ ਅਤੇ ਵਿਦਿਅਕ, ਧਾਰਮਿਕ ਕੌਂਸਲਾਂ ਦੇ ਇਸ ਉਦਮ ਦੀ ਸ਼ਲਾਘਾ ਕੀਤੀ।

# ਭਾਰਤੀ- ਅਮਰੀਕੀ ਇੰਜੀਨੀਅਰ ਇਕ ਵੋਟ ਨਾਲ ਸਨੀਵੇਲ ਦੀ ਕੌਂਸਲ ਚੋਣ ਜਿੱਤਿਆ

**ਸੈਕਰਾਮੈਂਟੋ 16 ਦਸੰਬਰ–**ਭਾਰਤੀ- ਅਮਰੀਕੀ ਇੰਜੀਨੀਅਰ ਮੁਰਾਲੀ ਸ੍ਰੀਨਿਵਾਸਨ ਇਕ ਬਹੁਤ ਹੀ ਫਸਵੇਂ ਮੁਕਾਬਲੇ ਵਿਚ ਸਨੀਵੇਲ ਸ਼ਹਿਰ ਦੀ ਕੌਂਸਲ



ਚੋਣ ਜਿੱਤ ਗਿਆ ਹੈ। ਉਹ ਪਹਿਲਾ ਭਾਰਤੀ ਮੂਲ ਦਾ ਅਮਰੀਕੀ ਹੈ ਜੋ ਡਿਸਟ੍ਰਿਕਟ 3 ਤੋਂ ਭਾਈਚਾਰੇ ਦੀ ਪ੍ਰਤੀਨਿੱਧਤਾ ਕਰੇਗਾ। ਉਸ ਨੇ ਆਪਣੇ ਵਿਰੋਧੀ ਨੂੰ ਇਕ ਵੋਟ ਦੇ ਫਰਕ ਨਾਲ ਮਾਤ ਦਿੱਤੀ। ਸ੍ਰੀਨਵਾਸਨ ਨੂੰ 2813 ਵੋਟਾਂ ਪਈਆਂ ਜਦ ਕਿ ਉਨਾਂ ਦੇ ਵਿਰੋਧੀ ਜਸਟਿਨ ਵਾਂਗ ਨੂੰ 2812 ਵੋਟਾਂ ਮਿਲੀਆਂ। ਸ੍ਰੀਨਿਵਾਸਨ ਨੇ ਜਿੱਤ ਉਪਰੰਤ ਕਿਹਾ ਕਿ ਲੋਕਤੰਤਰ ਦੀ ਇਹ ਮਹਾਨ ਜਿੱਤ ਹੈ ਤੇ ਇਸ ਦਾ ਸਿਹਰਾ ਡਿਸਟ੍ਰਿਕਟ–3 ਦੇ ਵੋਟਰਾਂ ਨੂੰ ਜਾਂਦਾ ਹੈ ਜੋ ਵਧਾਈ ਦੇ ਪਾਤਰ ਹਨ।

# ਸ਼ਿਕਾਗੋ ਦੇ ਇਕ ਹਾਈ ਸਕੂਲ ਦੇ ਬਾਹਰਵਾਰ ਹੋਈ ਗੋਲੀਬਾਰੀ ਵਿੱਚ 2 ਦੀ ਮੌਤ 2 ਜ਼ਖਮੀ

**ਸੈਕਰਾਮੈਂਟੋ 17 ਦਸੰਬਰ–** ਡਾਊਨ ਟਾਊਨ ਸ਼ਿਕਾਗੋ ਦੇ ਦੱਖਣ ਪੱਛਮ ਵਿਚ ਬੈਨੀਟੋ ਜੁਅਰਜ਼ ਹਾਈ ਸਕੂਲ ਦੇ ਬਾਹਰਵਾਰ ਬਾਅਦ ਦੁਪਹਿਰ ਹੋਈ ਗੋਲੀਬਾਰ ਵਿੱਚ ਦੋ ਵਿਅਕਤੀਆਂ ਦੀ



ਮੌਤ ਹੋ ਗਈ ਤੇ 2 ਹੋਰ ਜ਼ਖਮੀ ਹੋ ਗਏ। ਇਹ ਪ੍ਰਗਟਾਵਾ ਪੁਲਿਸ ਸੁਪਰਡੈਂਟ ਡੇਵਿਡ ਬਰਾਊਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਹੈ। ਉਨਾਂ ਕਿਹਾ ਹੈ ਕਿ ਜਾਂਚ ਅਜੇ ਮੁੱਢਲੇ ਪੱਧਰ 'ਤੇ ਹੈ । ਜ਼ਖਮੀਆਂ ਦੀ ਹਾਲਤ ਗੰਭੀਰ ਹੈ। ਅਜੇ ਤੱਕ ਇਸ ਮਾਮਲੇ ਵਿਚ ਕਿਸੇ ਵੀ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿਚ ਨਹੀਂ ਲਿਆ ਗਿਆ। ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਮਾਰੇ ਗਏ ਤੇ ਜ਼ਖਮੀ ਹੋਏ ਵਿਅਕਤੀ ਸਕੂਲ ਦੇ ਵਿਦਿਆਰਥੀ ਸਨ ਜਾਂ ਬਾਹਰਲੇ ਲੋਕ ਸਨ। ਸ਼ਿਕਾਗੋ ਅੱਗ ਬੁਝਾਊ ਵਿਭਾਗ ਦੇ ਬੁਲਾਰੇ ਲੈਰੀ ਲਾਂਗਫੋਰਡ ਨੇ ਕਿਹਾ ਹੈ ਕਿ ਇਸ ਬਾਰੇ ਉਹ ਅਨੁਮਾਨ ਨਹੀਂ ਲਾ ਸਕਦੇ ਤੇ ਇਸ ਗੱਲ ਦੀ ਪੁਸ਼ਟੀ ਨਹੀਂ ਕਰ ਸਕਦੇ ਕਿ ਗੋਲੀਆਂ ਵਿਦਿਆਰਥੀਆਂ ਨੂੰ ਮਾਰੀਆਂ ਗਈਆਂ ਹਨ। ਉਨਾਂ ਕਿਹਾ ਕਿ ਹਾਲਾਂ ਕਿ ਗੋਲੀ ਸਕੂਲ ਦੇ ਬਾਹਰ ਚੱਲੀ ਹੈ ਪਰੰਤੂ ਜਿਥੇ ਗੋਲੀ ਚੱਲੀ ਹੈ ਉਹ ਸਕੂਲ ਦਾ ਹੀ ਮੈਦਾਨ ਹੈ।

# ਸੈਲਾਨੀਆਂ ਉਪਰ ਇਸ ਵਾਰ ਪਵੇਗੀ ਮਹਿੰਗਾਈ ਦੀ ਮਾਰ, ਛੁੱਟੀਆਂ ਵਿਚ ਖਾਣ ਪੀਣ ਦੇ ਸਮਾਨ ਉਪਰ ਕਰਨਾ ਪਵੇਗਾ ਵਧ ਖਰਚ

**ਸੈਕਰਾਮੈਂਟੋ 20 ਦਸੰਬਰ–** ਇਸ ਵਾਰ ਛੁੱਟੀਆਂ ਦੌਰਾਨ ਸੈਲਾਨੀਆਂ ਉਪਰ ਮਹਿੰਗਾਈ ਦੀ ਮਾਰ ਪਵਗੀ ਤੇ ਉਨਾਂ ਨੂੰ ਆਪਣੀ ਪਸੰਦ ਦੇ ਖਾਣ ਪੀਣ ਦੇ ਸਮਾਨ



ਉਪਰ ਵਧ ਖਰਚ ਕਰਨਾ ਪਵੇਗਾ। ਬਿਊਰੋ ਆਫ ਲੇਬਰ ਸਟੈਟਿਸਟਿਕਸ ਦੇ ਅੰਕੜਿਆਂ ਅਨੁਸਾਰ ਹਾਲਾਂ ਕਿ ਮਹਿੰਗਾਈ ਘਟਣੀ ਸ਼ੁਰੂ ਹੋਈ ਪਰੰਤੂ 2021 ਦੇ ਛੁੱਟੀਆਂ ਦੇ ਸੀਜ਼ਨ ਦੀ ਤੁਲਨਾ ਵਿਚ ਖੁਰਾਕੀ ਪਦਾਰਥਾਂ ਦੀਆਂ ਕੀਮਤਾਂ ਕਿਤੇ ਜਿਆਦਾ ਹਨ। ਪਿਛਲੇ ਸਾਲ ਦੀ ਤੁਲਨਾ ਵਿਚ ਕਰਿਆਨੇ ਦੀਆਂ ਕੀਮਤਾਂ 12% ਜਿਆਦਾ ਹਨ। ਨਵੰਬਰ 2021 ਤੋਂ ਨਵੰਬਰ 2022 ਦਰਮਿਆਨ ਆਟਾ 25%, ਬਰੈਡ 16%, ਕੁਕੀਜ਼ 19%, ਸਮੋਸਾ, ਕਚੌਰੀ ਤੇ ਪੇਸਟਰੀ 19%, ਸੂਰ ਦਾ ਮਾਸ 8%, ਟਰਕੀ ਤੇ ਮੁਰਗੇ ਸਮੇਤ ਪੰਛੀਆਂ ਦਾ ਕੱਚਾ ਮਾਸ 18%, ਆਂਡੇ 49%, ਦੁੱਧ 15%, ਆਲੂ 16%, ਖੰਡ ਤੇ ਮਠਿਆਈਆਂ 13% ਤੇ ਮੱਖਣ 27% ਮਹਿੰਗਾ ਹੋਇਆ ਹੈ। ਮਾਰਕਿਟ ਰਿਸਚਰ ਫਰਮ ਡੈਟਾਸੈਂਬਲੀ ਦੀ ਇਕ ਨਵੀਂ ਰਿਪੋਰਟ ਅਨੁਸਾਰ ਛੁੱਟੀਆਂ ਮਨਾਉਣ ਜਾ ਰਹੇ ਪਰਿਵਾਰਾਂ ਨੂੰ ਪਿਛਲੇ ਸਾਲ ਦੀ ਤੁਲਨਾ ਵਿਚ ਤਕਰੀਬਨ 16% ਵਧ ਖਰਚ ਕਰਨਾ ਪਵੇਗਾ। ਇਹ ਰਿਪੋਰਟ ਵਧ ਖਾਧੀਆਂ ਜਾਣ ਵਾਲੀਆਂ 13 ਵਸਤਾਂ ਦੀਆਂ ਕੀਮਤਾਂ ਉਪਰ ਅਧਾਰਤ ਹੈ।

# 6 ਸਾਲ ਦੇ ਬੱਚੇ ਦੀ ਲਾਸ਼ ਘਰ ਵਿਚ ਦੱਬੀ ਮਿਲੀ, ਮਾਂ ਤੇ ਇਕ ਹੋਰ ਵਿਅਕਤੀ ਗ੍ਰਿਫਤਾਰ

**ਸੈਕਰਾਮੈਂਟੋ 20 ਦਸੰਬਰ–** ਮੈਮਫਿਸ, ਟੈਨੇਸੀ ਦੇ ਪੱਛਮ ਵਿਚ ਤਕਰਬੀਨ 70 ਮੀਲ ਦੂਰ ਮੋਰੋ (ਅਰਕਨਸਾਸ) ਦੇ ਇਕ ਘਰ ਵਿਚ 6 ਸਾਲਾ ਬੱਚੇ ਦੀ ਲਾਸ਼ ਮਿਲਣ ਉਪਰੰਤ ਬੱਚੇ ਦੀ ਮਾਂ ਤੇ ਇਕ ਹੋਰ ਵਿਅਕਤੀ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਅਰਕਨਸਾਸ ਸਟੇਟ ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ 28 ਸਾਲਾ ਮਾਂ ਐਸ਼ਲੇ ਰੋਲੈਂਡ ਤੇ 33 ਸਾਲਾ ਨਾਥਨ ਬਰਿਜ ਇਸ ਵੇਲੇ ਲੀ ਕਾਊਂਟੀ ਦੀ ਜੇਲ ਵਿਚ ਬੰਦ ਹਨ। ਦੋਨਾਂ ਵਿਰੁੱਧ ਫਸਟ ਡਿਗਰੀ ਕਤਲ ਤੋਂ ਇਲਾਵਾ ਲਾਸ਼ ਨਾਲ ਦੁਰਵਿਵਹਾਰ ਕਰਨ ਤੇ ਸਬੂਤਾਂ ਨਾਲ ਛੇੜਛਾੜ ਕਰਨ ਦੇ ਦੋਸ਼ ਲਾਏ ਗਏ ਹਨ।

# ਪਿਛਲੇ ਸਾਲ ਹੋਏ ਹਮਲੇ ਦੌਰਾਨ ਕੈਪੀਟਲ ਹਿੱਲ ਵਿਚ ਦਾਖਲ ਹੋਏ ਪਹਿਲੇ ਦੰਗਕਾਰੀ ਨੂੰ 5 ਸਾਲ ਦੀ ਸਜ਼ਾ

**ਸੈਕਰਾਮੈਂਟੋ 17 ਦਸੰਬਰ–** ਪਿਛਲੇ ਸਾਲ 6 ਜਨਵਰੀ ਨੂੰ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਸਮਰਥਕਾਂ ਵੱਲੋਂ ਕੀਤੇ ਗਏ ਹਮਲੇ ਦੌਰਾਨ ਯੂ ਐਸ ਕੈਪੀਟਲ ਵਿਚ ਦਾਖਲ ਹੋਣ ਵਾਲੇ



ਪਹਿਲੇ ਦੰਗਾਕਾਰੀ ਨੂੰ 5 ਸਾਲ ਦੀ ਸਜ਼ਾ ਸੁਣਾਈ ਗਈ ਹੈ। ਸਜ਼ਾ ਪੂਰੀ ਹੋਣ ਉਪਰੰਤ ਉਸ ਉਪਰ 3 ਸਾਲ ਨਿਗਰਾਨੀ ਰੱਖੀ ਜਾਵੇਗੀ। ਰਿਹਾਈ ਤੋਂ ਬਾਅਦ ਉਸ ਨੂੰ 2000 ਡਾਲਰ ਮੁਆਵਜ਼ਾ ਵੀ ਦੇਣ ਦਾ ਆਦੇਸ਼ ਦਿੱਤਾ ਗਿਆ ਹੈ। ਇਹ ਵਿਅਕਤੀ ਲੋਆ ਦਾ ਉਸਾਰੀ ਵਰਕਰ ਡੌਗ ਜੇਨਸਨ ਹੈ ਜਿਸ ਦੀ ਪਛਾਣ ਉਸ ਵੱਲੋਂ ਪਹਿਨੀ 'ਕਿਊ' ਟੀ ਸ਼ਰਟ ਤੋਂ ਕੀਤੀ ਗਈ ਸੀ। ਸੁਣਵਾਈ ਦੌਰਾਨ ਜੇਨਸਨ ਨੇ ਕਿਹਾ ਕਿ ਉਹ ਆਪਣਾ ਭੂਤਕਾਲ ਨਹੀਂ ਬਦਲ ਸਕਦੇ ਤੇ ਮੈ ਕੇਵਲ ਭਵਿੱਖ ਨੂੰ ਵੇਖ ਸਕਦਾ ਹਾਂ। ਮੈ ਵਾਪਿਸ ਜਾ ਕੇ ਪਰਿਵਾਰ ਦੇ ਇਕ ਮੈਂਬਰ ਵਜੋਂ ਰਹਿਣਾ ਚਹੁੰਦਾ ਹਾਂ। ਪੁਲਿਸ ਅਫਸਰ ਈਜੇਨ ਗੁੱਡਮੈਨ ਨੇ ਜੇਨਸਨ ਦੀ ਦੰਗਾਕਾਰੀ ਵਜੋਂ ਪਛਾਣ ਕਰਦਿਆਂ ਆਪਣੀ ਗਵਾਹੀ ਵਿਚ ਕਿਹਾ ਸੀ ਕਿ ਉਸ ਨੇ ਬਾਕੀ ਲੋਕਾਂ ਨੂੰ ਵੀ ਦੰਗਾ ਕਰਨ ਲਈ ਉਕਸਾਇਆ ਸੀ।

# ਉੱਘੇ ਬਿਜਨਸਮੈਂਨ ਸਾਬੀ ਸਿੰਘ ਖੰਗੂਰਾ ਦੇ ਬਾਪੂ ਅਵਤਾਰ ਸਿੰਘ ਖੰਗੂੜਾ ਅਕਾਲ ਚਲਾਣਾ ਕਰ ਗਏ, ਅੰਤਿਮ ਸੰਸਕਾਰ 23 ਦਸੰਬਰ ਨੂੰ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਸੈਕਰਾਮੈਂਟੋ ਦੇ ਉਘੇ ਬਿਜਨਸਮੈਨ ਤੇ ਨੌਜੁਆਨ ਆਗੂ ਸਾਬੀ ਸਿੰਘ ਦੇ ਬਾਪੂ ਅਵਤਾਰ ਸਿੰਘ ਖੰਗੂੜਾ 92 ਸਾਲਾ ਜੀਵਨ ਭੋਗ ਕੇ ਅਕਾਲ ਚਲਾਣਾ ਕਰ ਗਏ । ਬਾਪੂ ਅਵਤਾਰ ਸਿੰਘ ਖੰਗੂੜਾ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਉਨਾਂ ਆਪਣੇ ਸਮੇਂ ਚ ਸਮਾਜ ਸੇਵਾ ਕੀਤੀ ਤੇ ਉਨਾਂ ਦੇ ਪਿਤਾ ਸਰਦਾਰ ਪਾਲਾ ਸਿੰਘ ਖੰਗੂੜਾ ਵੀ ਇੱਕ ਧਾਰਮਿਕ ਬਿਰਤੀ ਵਾਲੇ ਵਿਆਕਤੀ ਤੇ ਸਮਾਜ ਸੇਵਕ ਸਨ। ਬਾਪੂ ਅਵਤਾਰ ਸਿੰਘ ਖੰਗੂੜਾ ਦਾ ਅੰਤਿਮ ਸੰਸਕਾਰ 23 ਦਸੰਬਰ ਨੂੰ ਸੈਕਰਾਮੈਂਟੋ ਮੈਮੋਰੀਅਲ ਲਾਅਨ 6100 ਸਟਾਕਟਨ ਬੁਲੇਵਾਰਡ ਵਿੱਖੇ ਸਵੇਰੇ 11 ਵਜੇ ਹੋਵੇਗਾ ਤੇ ਇਸ ਉਪਰੰਤ ਅੰਤਿਮ ਅਰਦਾਸ ਗੁਰੂ ਨਾਨਕ ਦਰਬਾਰ ਗਰੁਦੁਆਰਾ ਏਲਸੀ ਰੋਡ ਸੈਕਰਾਮੈਂਟੋ ਵਿਖੇ ਹੋਵੇਗੀ। ਕੰਗੂੜਾ ਪਰਿਵਾਰ ਦਾ ਪੰਜਾਬ ਵਿਚਲਾ ਪਿੰਡ ਪੁਰ ਹੀਰਾਂ ਜਿਲ੍ਹਾ ਹੁਸ਼ਿਆਰਪੁਰ ਹੈ। ਇਸ ਮੋਕੇ ਭਾਈਚਾਰੇ ਦੇ ਲੋਕਾਂ ਨੇ ਸਾਬੀ ਸਿੰਘ ਨਾਲ ਬਾਪੂ ਅਵਤਾਰ ਸਿੰਘ ਖੰਗੂੜਾ ਦੇ ਅਕਾਲ ਚਲਾਣੇ ਤੇ ਦੁੱਖ ਸਾਂਝਾ ਕੀਤਾ।



# ਸਿੰਗਲ ਟਰੈਕ 'ਕੱਲੇ ਕੱਲੇ' ਨੂੰ ਮਿਲ ਰਿਹਾ ਭਰਵਾਂ ਹੁੰਗਾਰਾ

**ਲਸਾੜਾ/ਉੜਾਪੜ (ਬੱਗਾ ਸੇਲਕੀ–ਆਣਾ)–** ਅਨੇਕਾ ਧਾਰਮਿਕ ਅਤੇ ਕਲਚਰ ਗੀਤਾਂ ਦੇ ਸੁਰੀਲੇ ਗਾਇਕ ਫਿਰੋਜ ਖਾਨ ਨੇ ਦਿਤੀਆਂ ਟੇਪਾਂ ਸਰੋਤਿਆਂ ਦੀ ਕਚਿਹਰੀ ਚ ਭੇਜੀਆਂ ਉਨਾਂ ਸਾਰੇ ਗੀਤਾਂ ਨੂੰ ਸਰੋਤਿਆਂ ਵਲੋਂ ਰੱਜਵਾਂ ਪਿਆਰ ਮਿਲਿਆ ਤੇ ਪਿਛਲੇ ਦਿਨੀ ਸਿੰਗਲ ਟਰੈਕ 'ਕੱਲ ਕੱਲੇ' ਸੰਗੀਤ ਦੀ ਮੰਡੀ ਆਰਕੇ ਬੀਟ ਅਤੇ ਨਾਈਸ ਹਰਟ ਇੰਟਰਟੇਨਮੈਂਟ ਤੇ ਹਰਜਿੰਦਰ ਬੱਲ ਦੀ ਦੇਖ ਰੇਖ ਚ ਸ਼ੋਸਲ ਮੀਡੀਆਂ ਯੂਟਿਊਬ ਤੇ ਰਿਲੀਜ ਕੀਤਾ ਗਿਆ ਸੀ ਤੇ ਇਸ ਗੀਤ ਨੂੰ ਸਰੋਤੇ ਭਰਵਾਂ ਹੁੰਗਾਰਾ ਦੇ ਰਹੇ ਹਨ ਇਸ ਗੀਤ ਸਬੰਧੀ ਗੱਲਬਾਤ ਕਰਦਿਆਂ ਗਾਇਕ ਫਿਰੋਜ ਖਾਂਨ ਨੇ ਆਖਿਆ ਕਿ ਇਸ ਗੀਤ ਨੂੰ ਪ੍ਰਸਿੱਧ ਗੀਤਕਾਰ ਹਰਜਿੰਦਰ ਬੱਲ ਨੇ ਕਲਮਬੱਧ ਕੀਤਾ ਸੀ ਤੇ ਸੰਗੀਤ ਜੱਸੀ ਨਿਹਾਲੂਵਾਲ ਨੇ ਤਿਆਰ ਕੀਤਾ ਸੀ ਤੇ ਇਸ ਦੀ ਐਡੀਟਿੰਗ ਸੋਨੂੰ ਸ਼ਰਮਾ ਨੇ ਕੀਤੀ ਸੀ ਤੇ ਇਸ ਦੀ ਵੀਡੀਓ ਸੋਨੀ ਪੰਡਿਤ ਵਲੋਂ ਸ਼ਾਂਨਦਾਰ ਲੋਕੇਸ਼ਨਾਂ ਤੇ ਫਿਲਮਾਈ ਸੀ ਇਸ ਦੇ ਪ੍ਰਡਿਊਸਰ ਰਾਮ ਭੋਗਪੁਰੀਆ ਸਨ ਤੇ ਮੋਡਲਿੰਗ ਅੰਕੁ ਮੋਦਗਿੱਲ ਅਤੇ ਸ਼ਿਖਾ ਵਰਮਾਂ ਨੇ ਕੀਤੀ ਸੀ ਤੇ ਧੰਨਵਾਦ ਤੇ ਸਾਰੇ ਰੱਬ ਵਰਗੇ ਸਰੋਤਿਆਂ ਦੇ ਜੋ ਮੇਰੀ ਗਾਇਕੀ ਨੂੰ ਪਸੰਦ ਕਰ ਰਹੇ ਹਨ ਅਤੇ ਸ਼ੁਕਰੀਆਂ ਅਦਾ ਕਰਦਾ ਹਾਂ ਆਪਣੇ ਰੱਬ ਵਰਗੇ ਸੱਜਣਾ ਮਿੱਤਰਾਂ ਦਾ ਜੋ ਸਮੇਂ ਸਮੇਂ ਤੇ ਬੜਾ ਸਾਥ ਦੇ ਰਹੇ ਹਨ ਤੇ ਬਹੁਤ ਜਲਦ ਨਵਾਂ ਟਰੈਕ ਲੈਕੇ ਹਾਜਰ ਹੋਵਾਂਗੇ ਤੇ ਆਸ ਕਰਦੇ ਹਾਂ ਕਿ ਉਸ ਟਰੈਕ ਨੂੰ ਵੀ ਰੱਬ ਵਰਗੇ ਸਰੋਤੇ ਪਸੰਦ ਕਰਨਗੇ।



# 'ਵਿਸ਼ਵ ਲੋਕ ਨਾਇਕ ਅਤੇ ਤਾਜ਼ਾ ਮੁੱਦੇ' ਕਿਤਾਬ ਰਿਲੀਜ਼

**ਨਿਊਯਾਰਕ (ਬਲਵੀਰ ਸਿੰਘ ਡੁਮੇਲੀ)–** ਬੀਤੇ ਸ਼ਨਿਚਰਵਾਰ ਨਿਊਯਾਰਕ ਸ਼ਹਿਰ ਦੇ ਫਲੋਰੋਪਾਰਕ ਵਿਖੇ ਸਾਹਿਤਕ ਪ੍ਰੇਮੀਆਂ ਦੀ ਪੰਜਾਬੀ ਸਾਹਿਤ ਸਭਾ ਦੇ ਰੂਪ ਵਿਚ ਮੀਟਿੰਗ ਹੋਈ। ਸਮਾਜ ਸੁਧਾਰਕ, ਲੇਖਾਂ, ਕਹਾਣੀਆਂ, ਗਜ਼ਲਾਂ ਅਤੇ ਗੀਤਾਂ ਨਾਲ ਮਹਿਫਲ ਨੂੰ ਅਗਾਂਹਵਧੂ ਰੰਗ ਵਿਚ ਰੰਗਿਆ ਗਿਆ। ਸਾਰੇ ਸਾਹਿਤਕ ਪ੍ਰੇਮੀਆਂ ਨੇ ਕੁਝ ਨਾ ਕੁਝ ਸੁਣਾ ਕੇ ਲੁਤਫ ਮਾਣਿਆ। ਇੱਥੇ ਜਸਵੀਰ ਸਿੰਘ ਉਭੀ 'ਅਜਨੋਹਾ' ਦੀ ਪੁਸਤਕ 'ਵਿਸ਼ਵ ਲੋਕ ਨਾਇਕ ਅਤੇ ਤਾਜ਼ਾ ਮੁੱਦੇ' ਲੋਕਾਂ ਨੂੰ ਅਰਪਣ ਕੀਤੀ। ਕਿਤਾਬ ਲੇਖਾਂ ਦਾ ਸੰਗ੍ਰਹਿ ਹੈ। ਸਾਰੇ ਲੇਖ ਪੰਜਾਬੀ ਦੀਆਂ ਅਖਬਾਰਾਂ, ਰਸਾਲਿਆਂ ਅਤੇ ਮੈਗਜ਼ੀਨਾਂ ਵਿਚ ਅਮਰੀਕਾ, ਕੈਨੇਡਾ ਅਤੇ ਭਾਰਤ ਵਿਚ ਛਪ ਚੁੱਕੇ ਹਨ। ਰੇਸ਼ਮ ਸਿੰਘ ਡੁਮੇਲੀ ਹੁਰਾਂ ਕਿਤਾਬ ਦਾ ਨਿਰੀਖਣ ਬਹੁਤ ਸੁੰਦਰ ਤਰੀਕੇ ਨਾਲ ਕੀਤਾ। ਮੋਹਨ ਸਿੰਘ ਭੰਵਰਾ ਨੇ ਕਿਤਾਬ ਵਿਚ ਦਰਜ ਲੇਖਾਂ ਦੀ ਸਰਲਤਾ ਅਤੇ ਡੂੰਘਾਈ ਬਾਰੇ ਨਜ਼ਰ ਮਾਰੀ। ਉਂਕਾਰ ਸਿੰਘ, ਮਹਿਮੂਦ ਹੁਸੈਨ, ਸਰਬਜੀਤ ਕੌਰ, ਰਾਜਵੰਤ ਹੁਰਾਂ ਲੇਖਾਂ ਦੇ ਵਿਦਵਾਨ ਰਿਸਰਚ ਨੂੰ ਮੱਦੇਨਜ਼ਰ ਕਰਵਾਇਆ। ਮਨਮੋਹਨ ਪੂਨੀ ਤੇ ਲੇਖਕ ਦੀ 2019 ਵਿਚ ਪ੍ਰਕਾਸ਼ਿਤ ਹੋਈ ਕਿਤਾਬ 'ਲੋਕ ਨਾਇਕ, ਇਤਿਹਾਸਕ ਅਤੇ ਰਾਜਨੀਤੀ' ਦੇ ਮੁੱਦਿਆਂ ਨੂੰ ਕੇਂਦਰਿਤ ਕਰਕੇ ਲੇਖਕ ਦੀ ਸ਼ਲਾਘਾ ਕੀਤੀ। ਕਿਵੇਂ ਵੱਡੇ ਮੁੱਦਿਆਂ ਨੂੰ ਸੰਖੇਪ ਵਿਚ ਵਰਣਨ ਕਰਨਾ ਸ਼ਲਾਘਾ ਅਤੇ ਮਿਹਨਤ ਦਾ ਕੰਮ ਹੈ। ਲੇਖਕ ਜ਼ਿਆਦਾ ਜ਼ਿੰਦਗੀ ਅਮਰੀਕਾ ਵਿਚ ਬਿਤਾਉਣ ਦੇ ਬਾਵਜੂਦ ਪੰਜਾਬੀ ਅਤੇ ਪੰਜਾਬ ਨਾਲ ਜੁੜਿਆ ਹੋਇਆ ਹੈ। ਲੇਖਕ ਸ਼ਹੀਦ ਭਾਈ ਮਨੀ ਸਿੰਘ ਸੁਸਾਇਟੀ ਦਾ ਸਕੱਤਰ ਵੀ ਰਹਿ ਚੁੱਕਾ ਹੈ। ਆਖਿਰ ਡੁਮੇਲੀ ਪਰਿਵਾਰ ਵੱਲੋਂ ਬਹੁਤ ਸੁਆਦੀ ਖਾਣਾ ਵਰਤਾਇਆ ਗਿਆ। 10 ਵਜੇ ਸ਼ਾਮ ਦੇ ਕਰੀਬ ਮੀਟਿੰਗ ਨੂੰ ਅਲਵਿਦਾ ਕਿਹਾ ਗਿਆ।










# ਕ੍ਰਿਤ ਕਵੀ ਮੰਗੂ ਰਾਮ ਬਾਹੜੋਵਾਲ ਜੀ ਦੀ ਤਸਵੀਰ ਰਲੀਜ਼ ਕੀਤੀ ਗਈ

**ਕਪੂਰਥਲਾ–** ਡੇਰਾ ਸੰਤ ਬਾਬਾ ਫੂਲ ਨਾਥ, ਸੰਤ ਬਾਬਾ ਬ੍ਰਹਮ ਨਾਥ ਜੀ ਨਾਨਕ ਨਗਰੀ, ਚਹੇੜੂ, ਕਪੂਰਥਲਾ, ਪੰਜਾਬ ਵਿਖੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਦੇ ਮਹਾਨ ਕ੍ਰਿਤ ਕਵੀ ਮੰਗੂ ਰਾਮ ਬਾਹੜੋਵਾਲ ਜੀ ਦਾ ਇੱਕ ਨਵਾਂ ਚਿੱਤਰ ਗੱਦੀਨਸ਼ੀਨ ਸੰਤ ਕ੍ਰਿਸ਼ਨ ਨਾਥ ਜੀ ਵੱਲੋਂ ਰੀਲੀਜ਼ ਕਰਕੇ ਸੰਗਤਾਂ ਨੂੰ ਭੇਂਟ ਕੀਤਾ ਗਿਆ। ਇਸ ਮੌਕੇ ਬਾਹੜੋਵਾਲ ਜੀ ਦਾ ਪੋਤਰਾ ਧਰਮਪਾਲ ਸਰੋਆ, ਸਮੂਹ ਸੋਰੋਆ ਪਰਿਵਾਰ, ਰੋਸ਼ਨ ਭਾਰਤੀ, ਸਤਵਿੰਦਰ ਮਦਾਰਾ ਵੀ ਮੌਜੂਦ ਸਨ। ਇਹ ਚਿੱਤਰ ਸ੍ਰੀ ਵਿਵੇਕ ਜੀ ਵੱਲੋਂ ਤਿਆਰ ਕੀਤਾ ਗਿਆ ਹੈ। ਗੱਦੀਨਸ਼ੀਨ ਸੰਤ ਕ੍ਰਿਸ਼ਨ ਨਾਥ ਜੀ ਨੇ ਆਪਣੇ ਪ੍ਰਵਚਨਾਂ ਰਾਹੀਂ ਕਿਹਾ ਕਿ ਰੋਸ਼ਨ ਭਾਰਤੀ ਅਤੇ ਉਹਨਾਂ ਦੀ ਪੂਰੀ ਟੀਮ ਦਾ ਇਹ ਕਾਰਜ ਬਹੁਤ ਹੀ ਸ਼ਲਾਘਾਯੋਗ ਹੈ।



ਕ੍ਰਿਤ ਕਵੀ ਮੰਗੂ ਰਾਮ ਬਾਹੜੋਵਾਲ
ਲੇਖਕ : ਸਾਖੀ ਸ੍ਰੀ ਗੁਰੂ ਰਵਿਦਾਸ ਮਿਸ਼ਨ
ਸ਼ਹੀਦ ਭਗਤ ਸਿੰਘ ਨਗਰ (ਪੰਜਾਬ)




ਇਸ ਬੇਹਤਰੀਨ ਚਿੱਤਰ ਨੂੰ ਰਿਲੀਜ਼ ਕਰਨ ਦਾ ਮਕਸਦ, ਜਿੱਥੇ ਸਮਾਜ ਦੇ ਅਣਗੌਲੇ ਗਏ ਮਹਾਂਪੁਰਸ਼ਾਂ ਦੇ ਮਹਾਨ ਕਾਰਜਾਂ ਨੂੰ ਸਮਾਜ ਸਾਹਮਣੇ ਲਿਆਉਣਾ ਹੈ, ਉੱਥੇ ਨਾਲ ਹੀ ਕਲਾ ਦੀ ਅਹਿਮੀਅਤ ਤੋਂ ਜਾਣੂ ਕਰਵਾਉਣਾ ਅਤੇ ਇਸ ਨੂੰ ਬੜ੍ਹਾਵਾ ਦੇਣਾ ਵੀ ਹੈ।

ਪੰਜਾਬ 'ਚ ਅੱਜ ਤੋਂ ਲੱਗਭੱਗ 100 ਵਰ੍ਹੇ ਪਹਿਲਾਂ, 1926 ਵਿੱਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਅਗਵਾਈ 'ਚ ਸ਼ੁਰੂ ਹੋਈ ਆਦਿ ਧਰਮ ਲਹਿਰ, 1940 ਦੇ ਦਹਾਕੇ ਤੋਂ ਅੰਬੇਡਕਰੀ ਲਹਿਰ ਅਤੇ 1970 ਦੇ ਦਹਾਕੇ ਤੋਂ ਸਾਹਿਬ ਕਾਂਸ਼ੀ ਰਾਮ ਦੀ ਬਹੁਜਨ ਲਹਿਰ ਵਿੱਚ ਨਾ ਜਾਣੇ ਕਿੰਨੇ ਹੀ ਲੋਕਾਂ ਨੇ ਜਾਤ-ਪਾਤ, ਗੈਰ ਬਰਾਬਰੀ, ਜ਼ੁਲਮ-ਜ਼ਬਰ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਪਰ ਬਦਕਿਸਮਤੀ ਨਾਲ ਇਨ੍ਹਾਂ ਵਿਚੋਂ ਜ਼ਿਆਦਾਤਰ ਲੋਕਾਂ ਬਾਰੇ ਅੱਜ ਦੀ ਮੌਜੂਦਾ ਪੀੜੀ ਨੂੰ ਖਬਰ ਤੱਕ ਨਹੀਂ ਹੈ। ਜਿੱਥੇ ਇਸ ਦਾ ਇੱਕ ਵੱਡਾ ਕਾਰਨ ਸਮਾਜ ਵਿੱਚ ਖੋਜੀ ਲਿਖਾਰੀਆਂ ਦੀ ਕਮੀ ਹੋਣਾ ਹੈ, ਜੋ ਉਨ੍ਹਾਂ ਦੇ ਜੀਵਨ ਸੰਘਰਸ਼ ਬਾਰੇ ਜਾਣਕਾਰੀਆਂ ਇਕੱਠੀਆਂ ਕਰਦੇ ਅਤੇ ਉਨ੍ਹਾਂ ਨੂੰ ਲਿਖਤੀ ਤੌਰ ਤੇ ਸਮਾਜ ਅਤੇ ਦੇਸ਼ ਦੇ ਸਾਹਮਣੇ ਲਿਆਉਂਦੇ, ਉੱਥੇ ਨਾਲ ਹੀ ਅੱਛੇ ਕਲਾਕਾਰਾਂ ਦੀ ਵੀ ਕਮੀਂ ਰਹੀ ਹੈ, ਜੋ ਕਿ ਇਨ੍ਹਾਂ ਦੇ ਚਿੱਤਰ ਅਤੇ ਮੂਰਤੀਆਂ ਨਾਲ ਇਨ੍ਹਾਂ ਨੂੰ ਸਮਾਜ ਦੇ ਰੂਬਰੂ ਕਰਵਾਉਂਦੇ। ਉਮੀਦ ਹੈ ਕਿ ਕ੍ਰਿਤ ਕਵੀ ਮੰਗੂ ਰਾਮ ਬਾਹੜੋਵਾਲ ਜੀ ਦੇ ਚਿੱਤਰ ਨੂੰ ਰਿਲੀਜ਼ ਕਰਨ ਦਾ ਇਹ ਉਪਰਾਲਾ, ਇਸ ਦਿਸ਼ਾ ਵਿੱਚ ਇੱਕ ਸਾਰਥਕ ਕਦਮ ਸਾਬਿਤ ਹੋਵੇਗਾ ਅਤੇ ਮਹਾਪੁਰਸ਼ਾਂ ਦੀ ਵਿਚਾਰਧਾਰਾ ਨੂੰ ਅੱਗੇ ਲੈ ਕੇ ਜਾਣ ਵਾਸਤੇ ਕਵਿਤਾਵਾਂ, ਗੀਤਾਂ, ਸਾਹਿਤ ਦੇ ਨਾਲ-ਨਾਲ ਚਿੱਤਰਕਾਰੀ ਦੀ ਕਲਾ ਦੇ ਖੇਤਰ ਨੂੰ ਵੀ ਭਰਵਾਂ ਹੁੰਗਾਰਾ ਮਿਲੇਗਾ। ਇਸ ਮੌਕੇ ਬਹੁਜਨ ਚਿੰਤਕ ਸਤਵਿੰਦਰ ਮਦਾਰਾ ਜੀ ਨੂੰ ਵੀ ਸਨਮਾਨਿਤ ਕੀਤਾ ਗਿਆ। ਧਰਮਪਾਲ ਸਰੋਆ, ਸਮੂਹ ਸੋਰੋਆ ਪਰਿਵਾਰ ਅਤੇ ਰੋਸ਼ਨ ਭਾਰਤੀ, ਭਰਤ ਕੁਮਾਰ ਧੰਨੋਵਾਲੀ, ਪਵਨ ਕੁਮਾਰ ਧੰਨੋਵਾਲੀ, ਤਰਨਜੀਤ ਸਿੰਘ ਧੰਨੋਵਾਲੀ ਵਲੋਂ ਸੰਤ ਕ੍ਰਿਸ਼ਨ ਨਾਥ ਜੀ ਸਿੰਘ ਦਾ ਧੰਨਵਾਦ ਕੀਤਾ ਗਿਆ।

**ਰਿਪੋਰਟ: ਚਰਨਜੀਤ ਸਿੰਘ ਬਿਨਪਾਲਕੇ**

# ਇਟਲੀ ਦੇ ਪ੍ਰਸਿੱਧ ਪੰਜਾਬੀ ਪੱਤਰਕਾਰ ਇੰਦਰਜੀਤ ਲੁਗਾਣਾ ਦੀ ਅਚਾਨਕ ਮੌਤ

**ਰੋਮ (ਇਟਲੀ) (ਟੇਕਚੰਦ ਜਗਤਪੁਰ)–**ਲੰਬੇ ਅਰਸੇ ਤੋਂ ਇਟਲੀ ਵਿਚ ਆਪਣੀ ਸਖਤ ਮਿਹਨਤ - ਮੁਸ਼ੱਕਤ ਦੇ ਨਾਲ ਨਾਲ ਮਾਂ-ਬੋਲੀ ਪੰਜਾਬੀ ਦੀ ਸੇਵਾ ਕਰਦੇ ਆ ਰਹੇ ਪ੍ਰਸਿੱਧ ਪੰਜਾਬੀ ਲੇਖਕ, ਪੱਤਰਕਾਰ ਅਤੇ ਸਮਾਜ ਸੇਵਕ ਇੰਦਰਜੀਤ ਸਿੰਘ ਲੁਗਾਣਾ ਭਰ ਜਵਾਨੀ ਵਿੱਚ ਅਚਾਨਕ ਹੀ ਇਸ ਸੰਸਾਰ ਨੂੰ ਅਲਵਿਦਾ ਕਹਿ ਕੇ ਚਲੇ ਗਏ। ਉਨ੍ਹਾਂ ਦੀ ਹੋਈ ਅਚਨਚੇਤ ਮੌਤ ਕਾਰਨ ਦੇਸ਼ - ਵਿਦੇਸ਼ ਵਸਦੇ ਉਨ੍ਹਾਂ ਦੇ ਜਾਣਕਾਰਾਂ ਵਿੱਚ ਭਾਰੀ ਹੈਰਾਨੀ ਤੇ ਗਮ ਦਾ ਮਹੌਲ ਛਾ ਗਿਆ।

ਮਿਲੀ ਜਾਣਕਾਰੀ ਅਨੁਸਾਰ ਕੁੱਝ ਦਿਨ ਪਹਿਲਾਂ ਉਨ੍ਹਾਂ ਦੇ ਪੈਰ ਤੇ ਸੱਟ ਲੱਗਣ ਕਾਰਨ ਇਨ-ਫੈਕਸ਼ਨ ਹੋ ਗਈ ਜਿਸ ਕਾਰਨ ਉਨ੍ਹਾਂ ਨੂੰ ਜਿਲ੍ਹਾ ਵੇ-ਰੋਨਾ ਦੇ 'ਸੰਨਬੋਨੀਫਾਚੋ ਹਸਪਤਾਲ' ਵਿਖੇ ਲਿਆਂਦਾ ਗਿਆ ਜਿਥੇ ਬੀਤੀ ਸ਼ਾਮ ਉਨ੍ਹਾਂ ਆਖਰੀ ਸਾਹ ਲਿਆ।



ਇੰਦਰਜੀਤ ਲੁਗਾਣਾ ਪੰਜਾਬ ਦੇ ਕਸਬਾ ਬੁੱਲੋਵਾਲ (ਹੁਸ਼ਿਆਰਪੁਰ) ਦੇ ਵਸਨੀਕ ਸਨ। ਉਹ ਆਪਣੇ ਪਿਛੇ ਵਿਧਵਾ ਪਤਨੀ, ਦੋ ਬੱਚੇ (ਬੇਟਾ ਅਤੇ ਬੇਟੀ) ਨੂੰ ਵਿਛੋੜਾ ਦੇ ਗਏ। ਉਨ੍ਹਾਂ ਦੀ ਦੁਖਦਾਈ ਤੇ ਬੇਵਕਤੀ ਮੌਤ ਤੇ 'ਇਟਾਲੀਅਨ ਪੰਜਾਬੀ ਪ੍ਰੈਸ ਕਲੱਬ ਦੇ ਸਮੂਹ ਮੈਂਬਰਾਂ ਤੋਂ ਇਲਾਵਾ ਇਟਲੀ ਦੀਆਂ ਭਾਰਤੀ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸੰਸਥਾਵਾਂ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਇੱਥੇ ਇਹ ਵੀ ਜਿਕਰਯੋਗ ਹੈ ਕਿ ਉਨ੍ਹਾਂ ਦੇ ਮਾਮੂਲੀ ਚੋਟ ਉਪਰੰਤ ਮੌਤ ਦੇ ਮੂੰਹ ਚਲੇ ਜਾਣਾ ਕਿਤੇ ਨਾ ਕਿਤੇ ਇਟਲੀ ਦੀ ਇਲਾਜ਼ ਪਰਨਾਲੀ ਉੱਤੇ ਵੀ ਸਵਾਲ ਖੜ੍ਹੇ ਕਰਦਾ ਹੈ ਜਿਸ ਬਾਬਤ ਭਾਰਤੀ ਭਾਈਚਾਰੇ ਨੂੰ ਜਾਗਰੂਕ ਹੋਣ ਦੀ ਸਖ਼ਤ ਲੋੜ ਹੈ। ਇਸ ਤੋਂ ਪਹਿਲਾਂ ਵੀ ਕਈ ਭਾਰਤੀ ਲੋਕਾਂ ਨੂੰ ਡਾਕਟਰਾਂ ਦੀ ਅਣਗਹਿਲੀ ਦਾ ਖ਼ਮਿਆਜ਼ਾ ਭੁਗਤਾ ਪਿਆ ਹੈ

# ਸਾਹਿਬਜ਼ਾਦਿਆਂ ਦੀ ਯਾਦ 'ਚ ਸਲਾਨਾ ਸਮਾਗਮ ਕੱਲ ਤੋਂ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਸਰਵੰਸਦਾਨੀ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਿਵਾਰ 'ਚ ਮਾਤਾ ਗੁਜਰ ਕੋਰ ਜੀ ਤੇ ਚਾਰ ਸਾਹਿਬਜਾਦਿਆਂ, ਭਾਈ ਸੰਗਤ ਸਿੰਘ ਜੀ ਅਤੇ ਸਮੂੰਹ ਸ਼ਹੀਦਾਂ ਸਿੰਘਾ ਦੀ ਲਸਾਨੀ ਅਤੇ ਅਦੁੱਤੀ ਸ਼ਹਾਦਤ ਨੂੰ ਸਮਰਪਿਤ 14ਵਾਂ ਸ਼ਹੀਦੀ ਜੋੜ ਮੇਲ ਸਭਾ ਸਮਾਗਮ ਪਿੰਡ ਮੱਲਾ ਬੇਦੀਆਂ ਨਹਿਰ ਤੇ ਸ਼ੁਸੋਭਿਤ ਗੁਰਦੁਆਰਾ ਸ਼ਹੀਦਾਂ ਸਿੰਘਾਂ ਦੇ ਧਾਰਮਿਕ ਅਸਥਾਨ ਤੇ ਪ੍ਰਬੰਧਕ ਕਮੇਟੀ, ਸਮੂੰਹ ਗ੍ਰਾਮ ਪੰਚਾਇਤ ਤੇ ਨਗਰ ਦੀਆਂ ਸੰਗਤਾਂ ਅਤੇ ਐਨਆਰਆਈਜ ਦੇ ਸਹਿਜੋਗ ਨਾਲ ਕਰਵਾਇਆਂ ਜਾ ਰਿਹਾ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਸਥਾਨ ਦੇ ਮੁੱਖ ਸੇਵਾਦਾਰ ਭਾਈ ਰਵਿੰਦਰ ਸਿੰਘ ਨੇ ਦੱਸਿਆ ਕਿ 23 ਦਸੰਬਰ ਨੂੰ ਸ਼੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ 24 ਦਸੰਬਰ ਨੂੰ ਨਿਸਾਨ ਸਾਹਿਬ ਨੂੰ ਚੋਲੇ ਪਹਿਨਉਣ ਉਪਰੰਤ ਸ਼ੂਗਰ.ਬਲੱਡ ਪ੍ਰੇਸ਼ਰ, ਬੁਖਾਰ ਆਦਿ ਬਿਮਾਰੀਆਂ ਦੀਆਂ ਦਵਾਈਆਂ ਲੋੜਬੰਦ ਮਰੀਜਾਂ ਨੂੰ ਮੁਫਤ ਦਿਤੀਆਂ ਜਾਣਗੀਆਂ ਤੇ 25ਦਸੰਬਰ ਨੂੰ ਰੱਖੇ ਗਏ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ।

ਬਾਅਦ 'ਚ ਕੀਰਤਨੀ ਅਤੇ ਢਾਡੀ ਜਥੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ ਤੇ ਦਾਨੀ ਸੰਗਤਾਂ ਦਾ ਵਿਸੇਸ਼ ਸਨਮਾਨ ਕੀਤਾ ਜਾਵੇਗਾ ਅਸਥਾਂਨ ਤੇ ਸੰਗਤਾਂ ਵਾਸਤੇ ਚਾਹ ਪਕੋੜੇ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।






# ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੀ ਮੀਟਿੰਗ ਵਿੱਚ ਪੰਜਾਬੀ ਭਾਸ਼ਾ ਨਾਲ਼ ਜੁੜੇ ਮਸਲਿਆਂ ਤੇ ਹੋਈ ਚਰਚਾ







ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ.) ਦੀ ਕਾਰਜਕਾਰਨੀ ਦੀ ਪਲੇਠੀ ਇਕੱਤਰਤਾ ਪ੍ਰਧਾਨ ਸ਼੍ਰੀ ਪਵਨ ਹਰਚੰਦਪੁਰੀ ਦੀ ਪ੍ਰਧਾਨਗੀ ਹੇਠ ਡਾ. ਪਰਮਿੰਦਰ ਸਿੰਘ ਹਾਲ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਈ।ਪ੍ਰਧਾਨਗੀ ਮੰਡਲ ਵਿਚ ਸ਼੍ਰੀ ਜੋਗਿੰਦਰ ਸਿੰਘ ਨਿਰਾਲਾ, ਡਾ. ਬਲਦੇਵ ਬੱਦਨ, ਡਾ.ਭਗਵੰਤ ਸਿੰਘ, ਇਕਬਾਲ ਘਾਰੂ, ਗੁਲਜ਼ਾਰ ਸਿੰਘ ਸ਼ੌਂਕੀ ਅਤੇ ਡਾ. ਹਰਜੀਤ ਸਿੰਘ ਸੱਧਰ ਸ਼ਾਮਿਲ ਹੋਏ। ਕੇਂਦਰੀ ਸਭਾ ਦੇ ਸਕੱਤਰ ਸ਼੍ਰੀ ਜਗਦੀਸ਼ ਰਾਣਾ ਨੇ ਪ੍ਰੈੱਸ ਦੇ ਨਾਂ ਪ੍ਰੈੱਸ ਨੋਟ ਜਾਰੀ ਕਰਦਿਆਂ ਅਤੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਦੱਸਿਆ ਕਿ ਇਸ ਮੌਕੇ ਸਭ ਤੋਂ ਪਹਿਲਾਂ ਵਿੱਛੜੇ ਲੇਖਕਾਂ ਸੀ ਐੱਲ ਮੋਦਗਿਲ, ਨਾਵਲਕਾਰ ਸੁਖਦੇਵ ਮਾਨ, ਅਤੇ ਹਰਬੀਰ ਸਿੰਘ ਭੰਵਰ ਨੂੰ ਦੋ ਮਿੰਟ ਦਾ ਮੌਨ ਧਾਰਨ ਕਰ ਕੇ ਸ਼ਰਧਾ ਸੁਮਨ ਭੇਟ ਕੀਤੇ ਗਏ। ਸਭਾ ਦੇ ਜਨ ਸਕੱਤਰ ਪ੍ਰੋ ਸੰਧੂ ਵਰਿਆਣਵੀ ਵਲੋਂ ਸਭ ਨੂੰ ਜੀ ਆਇਆਂ ਨੂੰ ਕਿਹੜਿਆਂ ਇਕੱਤਰਤਾ ਦੇ ਅਜੇਂਡਾ ਪੇਸ਼ ਕੀਤਾ ਗਿਆ। ਸਭਾ ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਸਾਰੇ ਅਜੰਡਿਆਂ ਬਾਰੇ ਵਿਸਥਾਰ ਸਹਿਤ ਦੱਸਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਚ ਦਰਪੇਸ਼ ਮਸਲਿਆਂ ਸਬੰਧੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਥੇਬੰਦਕ ਹਾਲਤ ਬਾਰੇ ਸਮੁੱਚੀ ਟੀਮ ਵਲੋਂ ਜ਼ੋਰਦਾਰ ਯਤਨ ਕਰਨ ਦੀ ਜਰੂਰਤ ਹੈ ਤਾਂ ਕਿ ਪੰਜਾਬੀ ਭਾਸ਼ਾ,ਸਾਹਿਤ ਅਤੇ ਸੱਭਿਆਚਾਰ ਨੂੰ ਪੰਜਾਬ, ਦੇਸ਼ ਅਤੇ ਬਾਹਰਲੇ ਮੁਲਕਾਂ 'ਚ ਵੱਸਦੇ ਪੰਜਾਬੀਆਂ ਚ ਪ੍ਰਫੁੱਲਿਤ ਕੀਤਾ ਜਾ ਸਕੇ। ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਸਾਰੇ ਕਾਰੋਬਾਰੀ ਅਦਾਰਿਆਂ ਅੱਗੇ ਪੰਜਾਬੀ ਭਾਸ਼ਾ ਚ ਗੁਰਮੁਖੀ ਲਿਪੀ 'ਚ ਲਿਖੇ ਬੋਰਡ ਲਗਾਉਣ ਦੇ ਫ਼ੈਸਲੇ ਉੱਤੇ ਦ੍ਰਿੜਤਾ ਨਾਲ਼ ਲਾਗੂ ਕਰਵਾਉਣ ਦੀ ਤਾਰੀਫ਼



ਕੀਤੀ ਅਤੇ ਮੰਗ ਕੀਤੀ ਕਿ ਪੰਜਾਬ ਸਰਕਾਰ ਇਸ ਸਬੰਧੀ ਆਪਣੀ ਰਾਜਨੀਤਿਕ ਇੱਛਾ ਸ਼ਕਤੀ ਬਣਾਈ ਰੱਖੇ। ਉਨ੍ਹਾਂ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ.ਅਰਵਿੰਦ ਜੀ ਦੁਆਰਾ ਉੱਚ ਵਿੱਦਿਆ ਪੰਜਾਬੀ ਮਾਧਿਅਮ ਰਾਹੀਂ ਦੇਣ ਦੀ ਮੰਗੀ ਮਨਜ਼ੂਰੀ ਨੂੰ ਤੁਰੰਤ ਮਨਜ਼ੂਰ ਕੀਤਾ ਜਾਵੇ। ਪਵਨ ਹਰਚੰਦਪੁਰੀ ਨੇ ਕਿਹਾ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਪੰਜਾਬ, ਹਰਿਆਣਾ ਅਤੇ ਦਿੱਲੀ ਵਿਚ ਨੂੰ ਅਲਗ ਅਲਗ ਜੋਨਾਂ ਵਿੱਚ ਵੰਡ ਕਿ ਮੀਟਿੰਗਾਂ ਕਰਿਆ ਕਰੇਗੀ। ਪ੍ਰੋ ਸੰਧੂ ਵਾਰਿਆਣਵੀ ਨੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ 31 ਮਾਰਚ 2023 ਤੱਕ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਦਿੱਤੇ ਮੰਗ ਪੱਤਰ ਅਨੁਸਾਰ ਅਜੰਡਾ ਤੈਅ ਕਰ ਕੇ ਮੀਟਿੰਗ ਦਾ ਸਮਾਂ ਤੁਰੰਤ ਦੇਵੇ ਤਾਂ ਜੋ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜੁੜੇ ਮਸਲਿਆਂ ਦੇ ਸਾਰਥਕ ਹੱਲ ਕੱਢੇ ਜਾ ਸਕਣ। ਮੀਟਿੰਗ ਦੌਰਾਨ ਡਾ. ਭਗਵੰਤ ਸਿੰਘ, ਇਕਬਾਲ ਘਾਰੂ, ਡਾ. ਬਲਦੇਵ ਸਿੰਘ ਬੱਦਨ, ਜਗਦੀਸ਼ ਰਾਣਾ, ਤਰਲੋਚਨ ਮੀਰ, ਰਣਜੀਤ ਸਿੰਘ ਥਾਂਦੇਵਾਲਾ, ਡਾ. ਹਰਜੀਤ ਸਿੰਘ ਸੱਧਰ, ਸੁਰਿੰਦਰ ਸਾਗਰ, ਜੋਗਿੰਦਰ ਸਿੰਘ ਨਿਰਾਲਾ, ਕੇ ਸਾਧੂ ਸਿੰਘ, ਸੁਖਦੇਵ ਔਲਖ, ਬਲਦੇਵ ਬੱਲੀ, ਗੁਰਜਿੰਦਰ ਰਸੀਆ, ਸੁਰਿੰਦਰ ਪਾਲ ਕੌਰ ਰਸੀਆ, ਪ੍ਰਿੰਸੀਪਲ ਰਿਪਨਜੋਤ ਕੌਰ ਸੋਨੀ ਬੱਗਾ ਆਦਿ ਨੇ ਭਾਗ ਲਿਆ। ਇਸ ਮੌਕੇ ਪ੍ਰੋ.ਮੋਹਨ ਸਪਰਾ ਦੀ ਪੁਸਤਕ 'ਸਮੇਂ ਦੀ ਪਾਠਸ਼ਾਲਾ ਚ ', ਅਮਨਦੀਪ ਦਰਦੀ ਦੀ ਪੁਸਤਕ 'ਗੱਲ ਪਤੇ ਦੀ', ਗੁਰਾਂਦਿੱਤਾ ਸਿੰਘ ਸੰਧੂ ਦਾ ਕਹਾਣੀ ਸੰਗ੍ਰਹਿ ਗੋਲ ਪਲੇਟ, ਜੰਗੀਰ ਖੋਖਰ ਦੀ ਕਾਵਿ ਪੁਸਤਕ 'ਬਾਣ ਸ਼ਬਦਾਂ ਦੇ' ਅਤੇ ਨਵਜੋਤ ਸਾਹਿਤ ਸੰਸਥਾ ਔੜ ਦਾ ਸੋਵਿਨਾਰ 'ਨਵਜੋਤ' ਲੋਕ ਅਰਪਣ ਕੀਤੇ ਗਏ। ਇਸ ਸਮੇਂ ਉਪਰੋਕਤਾਂ ਤੋਂ ਇਲਾਵਾ ਅਮਨਦੀਪ ਦਰਦੀ, ਅਮਰਜੀਤ ਸ਼ੇਰਪੁਰੀ, ਗੁਰਚਰਨ ਚੀਮਾ, ਅਵਿਨਾਸ਼ ਦੀਪ ਸਿੰਘ, ਦਰਸ਼ਨ ਬੋਪਾਰਾਏ, ਜਸਵਿੰਦਰ ਸਿੰਘ ਜੱਸੀ, ਮਹੇਸ਼ ਰੋਹਲਦੀ, ਗੁਰਚਰਨ ਸਿੰਘ ਚਰਨ (ਦਿੱਲੀ), ਦਰਸ਼ਨ ਸਿੰਘ ਰੋਮਾਣਾ, ਗੁਰਾਂਦਿੱਤਾ ਸਿੰਘ ਸੰਧੂ, ਸਰਦਾਰ ਪੰਛੀ, ਦੇਸ ਰਾਜ ਬਾਲੀ, ਜੰਗੀਰ ਸਿੰਘ ਖੋਖਰ, ਗੁਰਚਰਨ ਸਿੰਘ ਢੁੱਡੀਕੇ, ਰਾਜਿੰਦਰ ਸ਼ੌਂਕੀ, ਗੁਰਨਾਮ ਸਿੰਘ ਕੋਮਲ, ਸੁਰਜੀਤ ਸਿੰਘ ਸੰਧੂ, ਜਸਵੰਤ ਸਿੰਘ ਬੋਪਾਰਾਏ ਆਦਿ ਅਹੁਦੇਦਾਰ /ਕਾਰਜਕਾਰਨੀ ਦੇ ਮੈਂਬਰ ਹਾਜ਼ਿਰ ਸਨ। ਅੰਤ ਵਿਚ ਜੋਗਿੰਦਰ ਸਿੰਘ ਨਿਰਾਲਾ ਨੇ ਇਕੱਤਰਤਾ ਵਿੱਚ ਸ਼ਾਮਿਲ ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਮੇਂ ਕਾਰਜਕਾਰਨੀ ਵਲੋਂ ਲਏ ਫੈਸਲਿਆਂ ਤੇ ਸਮੂਹ ਲੇਖਕ ਅਪਣੀ ਲੇਖਣੀ ਰਾਹੀਂ ਪਹਿਰਾ ਦੇਣਗੇ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS

Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834


# ਗੋਲਡੀ ਬਰਾੜ ਨੂੰ ਭਾਰਤ ਜ਼ਰੂਰ ਲਿਆਂਦਾ ਜਾਵੇਗਾ : ਭਗਵੰਤ ਮਾਨ

**ਚੰਡੀਗੜ੍ਹ–**ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮੁੱਖ ਦੋਸ਼ੀ ਗੋਲਡੀ ਬਰਾੜ ਨੂੰ ਲੈ ਕੇ ਪੁਲਿਸ ਲਗਾਤਾਰ ਅੰਤਰ-ਰਾਸ਼ਟਰੀ ਜਾਂਚ ਏਜੰਸੀਆਂ ਨਾਲ ਤਾਲਮੇਲ ਕਰ ਰਹੀ ਹੈ। ਬਰਾੜ ਨੂੰ ਹਾਲ ਹੀ ਵਿੱਚ ਕੈਲੀਫੋਰਨੀਆ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ 2 ਦਸੰਬਰ ਨੂੰ ਹੀ ਇਸ ਦੀ ਪੁਸ਼ਟੀ ਕੀਤੀ ਸੀ। ਉਨ੍ਹਾਂ ਨੇ ਉਸ ਸਮੇਂ ਇਹ ਵੀ ਕਿਹਾ ਸੀ, 'ਬਰਾੜ ਨੂੰ ਭਾਰਤ ਜ਼ਰੂਰ ਲਿਆਂਦਾ ਜਾਵੇਗਾ। ਉਹ ਜਲਦੀ ਹੀ ਪੰਜਾਬ ਪੁਲਿਸ ਦੀ ਹਿਰਾਸਤ ਵਿੱਚ ਹੋਵੇਗਾ।' ਹਾਲਾਂਕਿ, ਇਸ ਬਿਆਨ ਤੋਂ ਤੁਰੰਤ ਬਾਅਦ, ਖੁਫੀਆ ਏਜੰਸੀ ਨੇ ਦੱਸਿਆ ਕਿ ਬਰਾੜ ਨੂੰ ਨਾ ਤਾਂ ਹਿਰਾਸਤ ਵਿੱਚ ਲਿਆ ਅਤੇ ਨਾ ਹੀ ਗ੍ਰਿਫਤਾਰ ਕੀਤਾ ਗਿਆ ਹੈ। ਅਮਰੀਕਾ ਦੀ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਸਿਰਫ ਇਸ 'ਤੇ ਨਜ਼ਰ ਰੱਖ ਰਹੀ ਹੈ। ਇਸ ਦੌਰਾਨ ਪਤਾ ਲੱਗਾ ਹੈ ਕਿ ਪੰਜਾਬ ਐਂਟੀ ਗੈਂਗਸਟਰ ਟਾਸਕ ਫੋਰਸ, ਖੁਫੀਆ ਏਜੰਸੀ ਅਤੇ ਐਨਆਈਏ ਨੇ ਬਰਾੜ ਨੂੰ ਭਾਰਤ ਵਾਪਸ ਲਿਆਉਣ ਲਈ ਨਵੀਂ ਦਿੱਲੀ ਵਿੱਚ ਐਫਬੀਆਈ ਨਾਲ ਸੰਪਰਕ ਕੀਤਾ ਹੈ।



ਇਸ ਦੌਰਾਨ ਬਰਾੜ ਨੂੰ ਅਮਰੀਕਾ ਵਿੱਚ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਉਹ ਆਜ਼ਾਦ ਘੁੰਮ ਰਿਹਾ ਹੈ। ਅਮਰੀਕਾ ਨੂੰ ਵੀ ਗੋਲਡੀ ਬਰਾੜ ਵਿੱਚ ਕੋਈ ਦਿਲਚਸਪੀ ਨਹੀਂ ਹੈ।

ਹਾਲਾਂਕਿ ਇਸ ਨਾਲ ਜੁੜੇ ਸਬੂਤਾਂ ਨੂੰ ਲੈ ਕੇ ਸਮੇਂ-ਸਮੇਂ 'ਤੇ ਏਜੰਸੀਆਂ ਵਿਚਾਲੇ ਚਰਚਾ ਜ਼ਰੂਰ ਹੁੰਦੀ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ, 'ਗੋਲਡੀ ਬਰਾੜ ਦਾ ਸਟੇਟਸ ਹੁਣ 'ਟੌਪ ਸੀਕ੍ਰੇਟ' ਹੈ। ਇਸ ਮਾਮਲੇ 'ਚ ਅਸੀਂ ਜਲਦੀ ਹੀ ਕਿਸੇ ਸਿੱਟੇ 'ਤੇ ਪਹੁੰਚਾਂਗੇ। ਉਹ ਵਿਦੇਸ਼ ਹੈ। ਇਸ ਲਈ ਸਾਨੂੰ ਵਿਦੇਸ਼ਾਂ ਦੇ ਕਾਨੂੰਨਾਂ ਦੀ ਪਾਲਣਾ ਕਰਨੀ ਪੈਂਦੀ ਹੈ। ਅਸੀਂ ਫਿਲਹਾਲ ਇਸ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਦੇ ਸਕਦੇ।

ਸੀਐਮ ਮਾਨ ਨੇ ਕਿਹਾ ਕਿ ਬਰਾੜ ਬਾਰੇ ਸੂਬਾ ਅਧਿਕਾਰੀ ਅੰਤਰ-ਰਾਸ਼ਟਰੀ ਏਜੰਸੀਆਂ ਨਾਲ ਤਾਲਮੇਲ ਕਰ ਰਹੇ ਹਨ। ਜ਼ਿਕਰਯੋਗ ਹੈ ਕਿ 29 ਮਈ ਨੂੰ ਮਾਨਸਾ ਜ਼ਿਲ੍ਹੇ 'ਚ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦਾ ਕਤਲ ਕਰ ਦਿੱਤਾ ਗਿਆ ਸੀ। ਉਸ ਦੇ ਦਰਦਨਾਕ ਕਤਲ ਦੀ ਜ਼ਿੰਮੇਵਾਰੀ ਸਤਿੰਦਰਜੀਤ ਸਿੰਘ ਉਰਫ ਗੋਲਡੀ ਬਰਾੜ ਨੇ ਲਈ ਸੀ। ਗੋਲਡੀ ਲਾਰੈਂਸ ਬਿਸ਼ਨੋਈ ਗੈਂਗ ਦਾ ਮੈਂਬਰ ਹੈ। ਇਸ ਤੋਂ ਬਾਅਦ ਉਸ ਦੇ ਖਿਲਾਫ ਰੈਂਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਸੀ।

# ਦੁਨੀਆ ਦਾ ਸਭ ਤੋਂ ਛੋਟਾ ਬੰਦਾ, ਗਿਨੀਜ਼ ਵਰਲਡ ਰਿਕਾਰਡ ਵਿਚ ਦਰਜ ਹੋਇਆ ਨਾਮ

**ਅਜ਼ਰਬਾਈਜਾਨ–** ਈਰਾਨ ਦੀ ਅਫਸ਼ੀਨ ਇਸਮਾਈਲ ਹੁਣ ਦੁਨੀਆ ਦੇ ਸਭ ਤੋਂ ਛੋਟੇ ਵਿਅਕਤੀ ਬਣ ਗਏ ਹਨ। ਗਿਨੀਜ਼ ਵਰਲਡ ਰਿਕਾਰਡਜ਼ ਨੇ ਇਸ ਦੀ ਜਾਣਕਾਰੀ ਆਪਣੇ ਟਵਿਟਰ ਹੈਂਡਲ 'ਤੇ ਸਾਂਝੀ ਕੀਤੀ ਹੈ। ਇਸਮਾਈਲ ਦੀ ਕੁੱਲ ਲੰਬਾਈ ਸਿਰਫ 2 ਫੁੱਟ ਅਤੇ 1.6 ਇੰਚ ਯਾਨੀ 65.24 ਸੈਂਟੀਮੀਟਰ ਹੈ। 20



ਸਾਲਾ ਅਫਸ਼ੀਨ ਨੇ 36 ਸਾਲਾ ਐਡਵਰਡ ਨੀਨੋ ਦਾ ਲੰਬਾਈ ਦਾ ਰਿਕਾਰਡ ਤੋੜ ਕੇ ਇਹ ਖਿਤਾਬ ਹਾਸਲ ਕੀਤਾ। ਅਫਸ਼ੀਨ ਦਾ ਕੱਦ ਨੀਨੋ ਐਡਵਰਡ ਤੋਂ 7 ਸੈਂਟੀਮੀਟਰ ਘੱਟ ਹੈ। ਅਫਸ਼ੀਨ ਨੂੰ ਈਰਾਨ ਦੇ ਅਜ਼ਰਬਾਈਜਾਨ ਜ਼ਿਲ੍ਹੇ ਦੇ ਬੁਖਾਨ ਕਾਉਂਟੀ ਤੋਂ ਲੱਭਿਆ ਗਿਆ ਸੀ।

ਰਿਕਾਰਡਾ ਅਨੁਸਾਰ, ਉਸਨੂੰ ਕੁਰਦਿਸ਼ ਅਤੇ ਫ਼ਾਰਸੀ ਦੋਵਾਂ ਭਾਸ਼ਾਵਾਂ ਦਾ ਚੰਗਾ ਗਿਆਨ ਹੈ। ਜਾਣਕਾਰੀ ਮੁਤਾਬਕ ਜਨਮ ਦੇ ਸਮੇਂ ਅਫਸ਼ੀਨ ਦਾ ਭਾਰ ਸਿਰਫ 700 ਗ੍ਰਾਮ ਸੀ। ਛੋਟੇ ਕੱਦ ਕਾਰਨ ਉਸ ਦੀ ਜ਼ਿੰਦਗੀ ਆਮ ਬੱਚਿਆਂ ਨਾਲੋਂ ਬਹੁਤ ਵੱਖਰੀ ਸੀ। ਪੜ੍ਹਾਈ ਤੋਂ ਲੈ ਕੇ ਖੇਡਾਂ ਤੱਕ ਉਹ ਆਪਣੀ ਉਮਰ ਦੇ ਬੱਚਿਆਂ ਨਾਲੋਂ ਪਛੜ ਗਿਆ। ਇਹੀ ਕਾਰਨ ਸੀ ਕਿ ਉਸਨੇ ਥੋੜ੍ਹੇ ਸਮੇਂ ਵਿੱਚ ਹੀ ਸਕੂਲ ਛੱਡ ਦਿੱਤਾ। ਅਫਸ਼ੀਨ ਦੀ ਉਚਾਈ ਦਾ ਰਿਕਾਰਡ ਗਿਨੀਜ਼ ਦੇ ਦੁਬਈ ਦਫਤਰ ਵਿਚ ਮਾਪਿਆ ਗਿਆ ਸੀ। ਉਨ੍ਹਾਂ ਦੀ ਉਚਾਈ 24 ਘੰਟਿਆਂ ਦੇ ਅੰਦਰ ਤਿੰਨ ਵਾਰ ਮਾਪੀ ਗਈ। ਮਾਪ ਹਰ ਵਾਰ ਸੰਪੂਰਨ ਨਿਕਲਿਆ, ਜਿਸ ਤੋਂ ਬਾਅਦ ਇਹ ਰਿਕ-ਾਰਡ ਐਲਾਨਿਆ ਗਿਆ। ਅਫਸ਼ੀਨ ਦੁਨੀਆ ਦਾ ਚੌਥਾ ਸਭ ਤੋਂ ਛੋਟਾ ਵਿਅਕਤੀ ਹੈ। ਜਿਸ ਦਾ ਨਾਮ ਗਿਨੀਜ਼ ਵਰਲਡ ਰਿਕਾਰਡ ਵਿੱਚ ਦਰਜ ਹੈ। ਅਫਸ਼ੀਨ ਨੂੰ ਬੁਰਜ ਖਲੀਫਾ ਜਾਣ ਦਾ ਸ਼ੌਕ ਸੀ। ਪਰ ਇਸ ਤੋਂ ਪਹਿਲਾਂ ਉਸਨੇ ਆਪਣੇ ਆਪ ਨੂੰ ਚੰਗੇ ਕੱਪੜੇ ਬਣਾਏ ਅਤੇ ਫਿਰ ਬੁਰਜ ਖਲੀਫਾ ਦਾ ਆਨੰਦ ਮਾਣਿਆ।

# ਹਜ਼ਾਰਾਂ ਪ੍ਰਸ਼ੰਸਕ ਸਿੱਧੂ ਮੂਸੇਵਾਲਾ ਦੀ 'ਲਾਸਟ ਰਾਈਡ' ਦੇਖਣ ਪੁੱਜੇ

**ਮਾਨਸਾ–**ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ 'ਦਿ ਲਾਸਟ ਰਾਈਡ-ਥਾਰ' ਨੂੰ ਪਰਿਵਾਰ ਨੇ ਕਤਲ ਦੇ ਪੌਣੇ ਸੱਤ ਮਹੀਨਿਆਂ ਬਾਅਦ ਹਵੇਲੀ ਵਿੱਚ ਹੋਰਾਂ ਯਾਦਗਾਰੀ ਵਾਹਨਾਂ ਨਾਲ ਖੜ੍ਹਾ ਦਿੱਤਾ ਹੈ ਤਾਂ ਕਿ ਗਾਇਕ ਦੇ ਪ੍ਰਸ਼ੰਸਕ ਥਾਰ ਨੂੰ ਦੇਖ ਸਕਣ। ਬੀਤੇ ਦਿਨ ਜਦੋਂ ਗੋਲੀਆਂ ਨਾਲ ਵਿੰਨ੍ਹੀ ਇਹ ਥਾਰ ਪਿੰਡ ਮੂਸਾ ਪੁੱਜੀ ਸੀ ਤਾਂ ਗਾਇਕ ਦਾ ਪਿਤਾ ਬਲਕੌਰ ਸਿੰਘ ਭਾਵੁਕ ਹੋ ਗਿਆ ਸੀ। ਭਾਵੇਂ ਮੂਸੇਵਾਲਾ ਦੇ ਕੁਝ ਪ੍ਰਸ਼ੰਸਕ ਅਤੇ ਰਿਸ਼ਤੇਦਾਰ ਇਸ ਥਾਰ ਨੂੰ ਮਨਹੂਸ ਮੰਨਦੇ ਹਨ ਪਰ ਪਿਤਾ ਵੱਲੋਂ ਉਸ ਨੂੰ



ਯਾਦਗਾਰ ਵਜੋਂ ਸਾਂਭ ਕੇ ਰੱਖਣ ਦਾ ਫ਼ੈਸਲਾ ਕੀਤਾ ਗਿਆ ਹੈ।ਜ਼ਿਕਰਯੋਗ ਹੈ ਕਿ ਕਤਲ ਤੋਂ ਬਾਅਦ ਸਿੱਧੂ ਮੂਸੇਵਾਲਾ ਦੀ ਥਾਰ ਥਾਣਾ ਸਿਟੀ ਮਾਨਸਾ ਵਿੱਚ ਬੰਦ ਸੀ। ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਅਤੁਲ ਕੰਬੋਜ ਦੀ ਅਦਾਲਤ ਦੇ ਹੁਕਮਾਂ 'ਤੇ ਗੱਡੀ ਪਰਿਵਾਰ ਨੂੰ ਸੌਂਪੀ ਗਈ। ਪਿਤਾ ਬਲਕੌਰ ਸਿੰਘ ਨੇ ਥਾਰ ਨੂੰ ਘਟਨਾ ਵਾਲੀ ਹਾਲਤ ਵਿਚ ਹੀ ਹਵੇਲੀ ਵਿੱਚ ਲਗਾਇਆ ਹੈ। ਬਲਕੌਰ ਸਿੰਘ ਨੇ ਇਨ੍ਹਾਂ ਗੋਲੀਆਂ ਦੇ ਨਿਸ਼ਾਨ ਅਤੇ ਅੰਦਰ ਦੀ ਹਾਲਤ ਬਿਲਕੁਲ ਉਵੇਂ ਹੀ ਰੱਖੀ ਹੈ।

# ਪੰਜਾਬ ਨੇ ਪਾਸਪੋਰਟ ਬਣਵਾਉਣ ਵਿਚ ਵੱਡੇ ਵੱਡੇ ਸੂਬਿਆਂ ਨੂੰ ਪਛਾੜਿਆ

**ਚੰਡੀਗੜ੍ਹ–** ਪਾਸਪੋਰਟ ਬਣਵਾਉਣ ਵਿੱਚ ਪੰਜਾਬ ਨੇ ਵੱਡੇ ਵੱਡੇ ਸੂਬਿਆਂ ਨੂੰ ਵੀ ਪਛਾੜ ਦਿੱਤਾ ਹੈ। ਭਾਵੇਂ ਮਜਬੂਰੀ ਕਹਿ ਲਓ ਜਾਂ ਫਿਰ ਵਿਦੇਸ਼ ਜਾਣ ਦਾ ਸ਼ੌਕ, ਪਰ ਪੰਜਾਬ ਦੇ ਔਸਤਨ ਹਰ ਚੌਥੇ ਵਿਅਕਤੀ ਕੋਲ ਅੱਜ ਪਾਸਪੋਰਟ ਹੈ। ਸਟੱਡੀ ਵੀਜ਼ੇ 'ਤੇ ਜਾਣ ਦੇ ਇੱਛੁਕਾਂ ਦੇ ਪਾਸਪੋਰਟਾਂ ਦੇ ਤਾਂ ਢੇਰ ਲੱਗ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਵੇਲੇ ਲਗਪਗ ਤਿੰਨ ਕਰੋੜ ਦੀ ਆਬਾਦੀ ਵਾਲੇ ਸੂਬੇ ਪੰਜਾਬ ਵਿੱਚ 77.17 ਲੱਖ ਲੋਕਾਂ ਕੋਲ ਪਾਸਪੋਰਟ ਹਨ। ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਦਿੱਤੇ ਗਏ ਤਾਜ਼ਾ ਵੇਰਵਿਆਂ ਅਨੁਸਾਰ ਦੇਸ਼ ਭਰ ਵਿੱਚ 9.58 ਕਰੋੜ ਪਾਸਪੋਰਟ ਹੋਲਡਰ ਹਨ ਤੇ ਪੰਜਾਬ ਇਸ ਸੂਚੀ ਵਿੱਚ ਸਮੁੱਚੇ ਦੇਸ਼ 'ਚੋਂ ਚੌਥੇ ਨੰਬਰ 'ਤੇ ਆਉਂਦਾ ਹੈ। ਪਹਿਲੇ ਨੰਬਰ 'ਤੇ 1.12 ਕਰੋੜ ਪਾਸਪੋਰਟਾਂ ਨਾਲ ਕੇਰਲਾ ਹੈ, ਜਦਕਿ ਦੂਸਰਾ ਨੰਬਰ 1.04 ਕਰੋੜ ਪਾਸਪੋਰਟਾਂ ਨਾਲ ਮਹਾਰਾਸ਼ਟਰ ਦਾ ਹੈ। ਉੱਤਰ ਪ੍ਰਦੇਸ਼ ਵਿੱਚ 87.03 ਲੱਖ ਪਾਸਪੋਰਟ ਬਣੇ ਹਨ, ਜੋ ਤੀਜੇ ਨੰਬਰ 'ਤੇ ਹੈ। ਇਸੇ ਤਰ੍ਹਾਂ ਪੰਜਾਬ 67.26 ਲੱਖ ਪਾਸ-ਪੋਰਟਾਂ ਨਾਲ ਚੌਥੇ ਸਥਾਨ 'ਤੇ ਹੈ। ਦਿੱਲੀ ਵਿਚ 39.06 ਲੱਖ ਤੇ ਚੰਡੀਗੜ੍ਹ ਵਿਚ 3.16 ਲੱਖ ਪਾਸਪੋਰਟ ਹਨ। ਗ਼ੌਰਤਲਬ ਹੈ ਕਿ ਜਦੋਂ ਤੋਂ ਸਟੱਡੀ ਵੀਜ਼ੇ ਦਾ ਰੁਝਾਨ ਵਧਿਆ ਹੈ, ਉਦੋਂ ਤੋਂ ਪੰਜਾਬ ਪੁਲੀਸ ਦਾ ਵੈਰੀਫਿਕੇਸ਼ਨ ਦਾ ਕੰਮ ਵੀ ਤੇਜ਼ੀ ਨਾਲ ਵਧਿਆ ਹੈ। ਪੰਜਾਬ ਦੇ ਪਿੰਡਾਂ 'ਚੋਂ ਵੱਡੀ ਗਿਣਤੀ ਨੌਜਵਾਨ ਸਟੱਡੀ ਵੀਜ਼ੇ 'ਤੇ ਪਰਵਾਸ ਕਰ ਰਹੇ ਹਨ। ਜਾਣਕਾਰੀ ਅਨੁਸਾਰ 2017 ਤੋਂ ਸਟੱਡੀ ਵੀਜ਼ੇ 'ਤੇ ਜਾਣ ਵਾਲਿਆਂ ਦਾ ਅੰਕੜਾ ਤੇਜ਼ੀ ਨਾਲ ਵਧਿਆ ਹੈ। 2022 ਦੇ ਨਵੰਬਰ ਮਹੀਨੇ ਤੱਕ 7.40 ਲੱਖ ਪਾਸਪੋਰਟ ਬਣ ਚੁੱਕੇ ਹਨ, ਜਦਕਿ 2021 ਵਿੱਚ 6.44 ਲੱਖ ਪਾਸਪੋਰਟ ਬਣਾਏ ਗਏ ਸਨ।

ਜੇਕਰ ਜ਼ਿਲ੍ਹਾ ਵਾਰ ਨਜ਼ਰ ਮਾਰੀਏ ਤਾਂ ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿੱਚ ਸਭ ਤੋਂ ਵੱਧ 9.58 ਲੱਖ ਪਾਸਪੋਰਟ ਹਨ ਜਦਕਿ ਲੁਧਿਆਣਾ ਜ਼ਿਲ੍ਹੇ ਵਿੱਚ 7.28 ਲੱਖ, ਹੁਸ਼ਿਆਰਪੁਰ ਵਿੱਚ 5.67 ਲੱਖ, ਪਟਿਆਲਾ ਜ਼ਿਲ੍ਹੇ ਵਿੱਚ 4.88 ਲੱਖ, ਸੰਗਰੂਰ ਜ਼ਿਲ੍ਹੇ ਵਿੱਚ 3.20 ਲੱਖ, ਬਠਿੰਡਾ ਜ਼ਿਲ੍ਹੇ ਵਿੱਚ 2.47 ਲੱਖ ਤੇ ਮਾਨਸਾ ਜ਼ਿਲ੍ਹੇ ਵਿੱਚ 86,352 ਪਾਸਪੋਰਟ ਮੌਜੂਦ ਹਨ। ਇਹ ਵੀ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਵਿੱਚ ਜਿਨ੍ਹਾਂ ਦੇ ਸਟੱਡੀ ਵੀਜ਼ੇ ਨਹੀਂ ਲੱਗੇ, ਉਨ੍ਹਾਂ ਵੱਲੋਂ ਆਪਣੇ ਪਾਸਪੋਰਟ ਰੀਨਿਊ ਵੀ ਨਹੀਂ ਕਰਵਾਏ ਗਏ। ਅੰਕੜਿਆਂ ਅਨੁਸਾਰ ਸਮੁੱਚੇ ਪੰਜਾਬ ਵਿੱਚ 5.62 ਲੱਖ ਪਾਸਪੋਰਟ ਹਨ, ਜੋ ਰੀਨਿਊ ਨਹੀਂ ਕਰਵਾਏ ਗਏ। ਇਸ ਵਿੱਚ ਲੁਧਿਆਣਾ ਜ਼ਿਲ੍ਹੇ ਦੇ 1.10 ਲੱਖ, ਜਲੰਧਰ ਜ਼ਿਲ੍ਹੇ ਦੇ 69489, ਹੁਸ਼ਿਆਰਪੁਰ ਜ਼ਿਲ੍ਹੇ ਦੇ 35,055, ਮੋਗਾ ਜ਼ਿਲ੍ਹੇ ਦੇ 30632, ਬਠਿੰਡਾ ਜ਼ਿਲ੍ਹੇ ਦੇ 20,889 ਤੇ ਬਰਨਾਲਾ ਜ਼ਿਲ੍ਹੇ ਦੇ 11,994 ਪਾਸਪੋਰਟ ਰੀਨਿਊ ਨਹੀਂ ਹੋਏ ਹਨ। ਇੱਕ ਪਾਸੇ ਪਾਸਪੋਰਟ ਬਣਵਾਉਣ ਵਾਲਿਆਂ ਤੋਂ ਵਿਦੇਸ਼ ਮੰਤਰਾਲੇ ਨੂੰ ਆਮਦਨ ਹੋ ਰਹੀ ਹੈ, ਉੱਥੇ ਪੰਜਾਬ ਪੁਲੀਸ ਨੂੰ ਵੀ ਵੈਰੀਫਿਕੇਸ਼ਨ ਬਦਲੇ ਪੈਸਾ ਮਿਲ ਰਿਹਾ ਹੈ। ਪੁਲੀਸ ਅਧਿਕਾਰੀ ਆਖਦੇ ਹਨ ਕਿ ਪਾਸਪੋਰਟ ਵੈਰੀਫਿ-ਕੇਸ਼ਨ ਕਰਕੇ ਪੁਲੀਸ ਵਿਭਾਗ ਦਾ ਕੰਮ ਕਾਫ਼ੀ ਵੱਧ ਗਿਆ ਹੈ।




### ਸਕੂਲਾਂ-ਕਾਲਜਾਂ ਨਾਲੋਂ ਵਧੀ ਆਈਲੈਟਸ ਸੈਂਟਰਾਂ ਦੀ ਗਿਣਤੀ

ਪੰਜਾਬ ਵਿਚ ਬੇਰੁਜ਼ਗਾਰੀ ਦੇ ਭਿਅੰਕਰ ਦੌਰ ਕਾਰਣ ਹੁਣ ਸਕੂਲਾਂ- ਕਾਲਜਾਂ ਨਾਲੋਂ ਆਈਲੈਟਸ ਸੈਂਟਰ ਜ਼ਿਆਦਾ ਖੁੱਲ੍ਹ ਚੁੱਕੇ ਹਨ।ਕਾਲਜ ਬੰਦ ਹੋ ਰਹੇ ਹਨ।ਕਾਲਜ ਵਿਚ ਵਿਦਿਆਰਥੀਆਂ ਦੀ ਗਿਣਤੀ ਘਟ ਰਹੀ ਹੈ। ਸਕੂਲ ਦੀ ਪੜ੍ਹਾਈ ਖ਼ਤਮ ਹੁੰਦਿਆਂ ਹੀ ਆਈਲੈਟਸ ਕਰਵਾ ਕੇ ਬੱਚਿਆਂ ਨੂੰ ਵਿਦੇਸ਼ ਭੇਜ ਦਿੱਤਾ ਜਾਂਦਾ ਹੈ, ਜਿਨ੍ਹਾਂ ਦੀ ਅਜੇ ਉਮਰ ਖੇਡਣ ਦੀ ਹੁੰਦੀ ਹੈ ਪਰ ਵਿਦੇਸ਼ ਜਾ ਕੇ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ- ਨਾਲ ਕੰਮ ਕਰਨਾ ਤੇ ਆਪਣੀਆਂ ਫੀਸਾਂ ਦਾ ਵੀ ਉਨ੍ਹਾਂ ਨੂੰ ਆਪ ਹੀ ਦੇਖਣਾ ਪੈਂਦਾ ਹੈ। ਅੱਜਕੱਲ੍ਹ ਵਿਦੇਸ਼ ਦੇ ਨਾਂ 'ਤੇ ਵਿਆਹਾਂ ਦੇ ਸੌਦੇ ਹੋਣ ਲੱਗ ਪਏ ਹਨ। ਜੇ ਕੁੜੀ ਨੇ ਆਈਲੈਟਸ ਕੀਤੀ ਹੋਈ ਹੈ ਤਾਂ ਮੁੰਡੇ ਵਾਲੇ ਉਸ ਦਾ ਸਾਰਾ ਖ਼ਰਚ ਕਰ ਕੇ ਬਾਹਰ ਭੇਜਦੇ ਹਨ ਪਰ ਕੁਝ ਅਜਿਹੀਆਂ ਦੁਖਦਾਈ ਘਟਨਾਵਾਂ ਹੁੰਦੀਆਂ ਹਨ ਜਿਨ੍ਹਾਂ 'ਵਿਚ ਕੁੜੀਆਂ ਬਾਹਰ ਪੜ੍ਹਾਈ ਦੌਰਾਨ ਗ਼ਲਤ ਰਾਹ ਪੈ ਜਾਂਦੀਆਂ ਹਨ, ਜਿਸ ਕਰਕੇ ਉਹ ਪਿੱਛੇ ਪਰਿਵਾਰ ਨਾਲੋਂ ਵੀ ਟੁੱਟ ਜਾਂਦੀਆਂ ਹਨ ਤੇ ਆਪਣੇ ਪਤੀ ਜਿਸ ਨਾਲ ਵਿਆਹ ਕਰਵਾ ਕੇ ਉਨ੍ਹਾਂ ਨੂੰ ਵਿਦੇਸ਼ ਭੇਜਿਆ ਹੁੰਦਾ ਹੈ, ਉਨ੍ਹਾਂ ਨੂੰ ਵੀ ਛੱਡ ਦਿੰਦੀਆਂ ਹਨ। ਮੁੰਡਿਆਂ ਦੇ ਵੀ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿਹੜੇ ਆਪਣੀ ਪਤਨੀ ਨੂੰ ਧੋਖਾ ਦੇ ਕੇ ਬਾਹਰ ਕਿਸੇ ਹੋਰ ਨਾਲ ਵਿਆਹ ਕਰਵਾ ਲੈਂਦੇ ਹਨ ਤੇ ਪਿੱਛੇ ਪਰਿਵਾਰ ਤੇ ਬੱਚਿਆਂ ਨੂੰ ਰੋਲ ਦਿੰਦੇ ਹਨ। ਇੱਥੋਂ ਪੜ੍ਹਾਈ ਵਿਚ 90 ਫ਼ੀਸਦੀ ਅੰਕ ਪ੍ਰਾਪਤ ਕਰਨ ਵਾਲੇ ਹੁਸ਼ਿਆਰ ਵਿਦਿਆਰਥੀਆਂ ਦਾ ਵਿਦੇਸ਼ਾਂ ਵਿਚ ਜਾ ਵਸਣਾ ਪੰਜਾਬ ਲਈ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਪੰਜਾਬ ਨੂੰ ਅੱਜ ਲੋੜ ਹੈ ਪੰਜਾਬ ਵਿਚ ਪੜ੍ਹੇ- ਲਿਖੇ ਨੌਜਵਾਨਾਂ ਦੀ ਜੋ ਆਪਣੇ ਖੇਤਰ 'ਵਿਚ ਹੋਰਾਂ ਬੱਚਿਆਂ ਦਾ ਮਾਰਗ ਦਰਸ਼ਨ ਕਰ ਸਕਣ। ਪੰਜਾਬ ਨੂੰ ਅੱਗੇ ਲੈ ਕੇ ਜਾਣ ਵਾਸਤੇ ਨੌਜਵਾਨੀ ਦੀ ਬਹੁਤ ਲੋੜ ਹੈ ਪਰ ਜੇ ਪੰਜਾਬ ਵਿਚੋਂ ਨੌਜਵਾਨ ਇਸੇ ਤਰ੍ਹਾਂ ਬਾਹਰ ਵੱਲ ਨੂੰ ਲਗਾਤਾਰ ਰੁਖ਼ ਕਰਦੇ ਰਹਿਣਗੇ ਤਾਂ ਪੰਜਾਬ ਪੰਜਾਬੀਆਂ ਤੇ ਜਵਾਨੂ ਤੋਂ ਖਾਲੀ ਹੋ ਜਾਵੇਗਾ। ਸੋ ਇਹ ਪੰਜਾਬ ਲਈ ਬਹੁਤ ਗੰਭੀਰ ਮਸਲਾ ਹੈ।

# ਪ੍ਰਸਿੱਧ ਗੀਤਕਾਰ ਰੱਤੂ ਰੰਧਾਵਾ ਆਸਟ੍ਰੇਲੀਆ ਟੂਰ ਤੋਂ ਵਤਨ ਪਰਤੇ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਪ੍ਰਸਿੱਧ ਪੰਜਾਬੀ ਅਤੇ ਮਿਸ਼ਨਰੀ ਗੀਤਕਾਰ ਰੱਤੂ ਰੰਧਾਵਾ ਆਪਣੇ ਆਸਟ੍ਰੇਲੀਆ ਟੂਰ ਤੋਂ ਵਾਪਸ ਪੰਜਾਬ ਪਰਤ ਆਏ ਹਨ। ਇਸ ਸਬੰਧੀ ਉਨ੍ਹਾਂ ਨੇ ਵਿਸ਼ੇਸ਼ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਇਹ ਟੂਰ ਬੇਹੱਦ ਸਫ਼ਲ ਰਿਹਾ, ਜਿਥੇ ਉਨ੍ਹਾਂ ਨੂੰ ਵੱਖ-ਵੱਖ ਪੰਜਾਬੀ ਸਾਹਿਤਕ ਸਭਾਵਾਂ ਤੋਂ ਇਲਾਵਾ ਧਾਰਮਿਕ ਅਤੇ ਮਿਸ਼ਨਰੀ ਸੰਸਥਾਵਾਂ ਵੱਲੋਂ ਵਿਸ਼ੇਸ਼ ਤੌਰ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ।



# ਪ੍ਰਸਿੱਧ ਕਲਾਕਾਰਾਂ ਦਾ ਗਰੁੱਪ ਪੰਜਾਬ ਤੋਂ ਕਨੇਡਾ ਲਈ ਹੋਇਆ ਰਵਾਨਾ

**ਲਸਾੜਾ/ਉੜਾਪੜ (ਬੱਗਾ ਸੇਲਕੀਆਣ)–** ਪੰਜਾਬ ਦੇ 12 ਪ੍ਰਸਿੱਧ ਕਲਾਕਾਰਾਂ ਦਾ ਗਰੁੱਪ ਕਨੇਡਾ ਦੇ ਵੈਨਕੂਵਰ ਸ਼ਹਿਰ ਲਈ ਰਵਾਨਾ ਹੋਇਆ ਜਾਣਕਾਰੀ ਦਿੰਦੇ ਹੋਏ ਗਾਇਕ ਰਾਜ ਦਦਰਾਲ ਨੇ ਦੱਸਿਆ ਕਿ ਪ੍ਰਸਿੱਧ ਪ੍ਰਮੋਟਰ ਅਤੇ ਮੇਲਾ ਇੰਟਰ-ਟੇਨਮੈਂਟ ਕੰਪਨੀ ਦੇ ਮਾਲਕ ਤੇ ਸਤਿਗੁਰੂ ਰਵਿਦਾਸ ਸਭਾ ਵੈਨਕੂਵਰ ਦੇ ਪ੍ਰਧਾਨ ਸ਼੍ਰੀ ਬਿੱਲ ਬਸਰਾ ਦੇ ਸੱਦੇ ਤੇ ਗਏ ਹਨ ਕਿਉਕਿ ਬਿੱਲ ਬਸਰਾ ਵਲੋਂ ਬੜੇ ਲੰਬੇ ਸਮੇਂ ਤੋਂ ਕਨੇਡਾ ਦੇ ਵੱਖ ਸ਼ਹਿਰਾਂ ਚ ਧਾਰਮਿਕ ਅਤੇ ਸੱਭਿਆਚਾਰਕ ਮੇਲੇ ਕਰਵਾਏ ਜਾਂਦੇ ਹਨ ਤੇ ਇਸ ਵਾਰ ਵੀਂ 23 ਦਸੰਬਰ ਨੂੰ ਵੈਨਕੂਵਰ ਦੇ ਫਰੇਜਰਵਿਊ ਹਾਲ ਵਿੱਚ ਮੇਲਾ ਇੰਟਰਟੇਨਮੈਂਟ ਕੰਪਨੀ ਦੇ ਬੈਨਰ ਤਹਿਤ ਪਹਿਲਾ ਸੱਭਿਆਚਾਰਕ ਮੇਲਾ ਕਰਵਾਇਆ ਜਾ ਰਿਹਾ ਹੈ ਇਸ ਗਰੁੱਪ ਚ ਗਾਇਕਾ ਰੰਜਨਾ ਰੰਝਪਾਲ ਢਿਲੋਂ, ਰਾਜ ਦਦਰਾਲ, ਲੱਖਾ ਭਰੋਮਜਾਰੀਆ, ਕਾਂਤਾ, ਦਵਿੰਦਰ ਰੂਹੀ, ਗੀਤਕਾਰ ਸੱਤਪਾਲ ਸਾਹਲੋਂ, ਸੰਦੀਪ ਗਰਚਾ, ਦਲਜੀਤ ਬਾਲੀ, ਹਰਦੀਪ ਬੱਲ, ਜਮਨਾ ਰਸੀਲਾ, ਚੇਤਨ ਬੰਗੜ ਆਦਿ ਹਾਜਰ ਸਨ। ਉਨਾਂ ਦੱਸਿਆ ਇਸ ਤੋਂ ਇਲਾਵਾ ਵੈਨਕੂਵਰ ਦੇ ਹੋਰ ਸ਼ਹਿਰਾਂ ਵਿੱਚ ਵੀ ਹੋ ਰਹੇ ਧਾਰਮਿਕ ਅਤੇ ਸੱਭਿਆਚਾਰਕ ਮੇਲੇ ਚ ਆਪਣਾ ਪ੍ਰੋਗਰਾਮ ਪੇਸ਼ ਕਰਨਗੇ ਇਸ ਗਰੁੱਪ ਨੇ ਪ੍ਰਸਿੱਧ ਪ੍ਰਮੋਟਰ ਬਿੱਲ ਬਸਰਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨਾਂ ਨੇ ਇੰਨਾ ਵੱਡਾ ਉਪਰਾਲਾ ਕਰਕੇ ਸਾਨੂੰ ਵਿਦੇਸ਼ ਦੀ ਧਰਤੀ ਤੇ ਵਸਦੇ ਪੰਜਾਬੀਆਂ ਦੇ ਸਨਮੁੱਖ ਹੋਣ ਦਾ ਮਾਣ ਬਖਸ਼ਿਆ ਇਸ ਮੌਕੇ ਹੈਪੀ ਬਸਰਾ, ਟੀਟੂ, ਰਜਿੰਦਰ ਬਹਿਰਾਮ ਤੋਂ ਇਲਾਵਾ ਹੋਰ ਵੀ ਹਾਜਰ ਸਨ।



# ਵਿਦੇਸ਼ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਧੀ

**ਨਵੀਂ ਦਿੱਲੀ–** ਆਫ ਇਮੀਗ੍ਰੇਸ਼ਨ ਦੇ ਅਧਿਕਾਰਕ ਅੰਕੜਿਆਂ ਮੁਤਾਬਕ ਕੋਰੋਨਾ ਮਹਾਮਾਰੀ ਤੋਂ ਬਾਅਦ ਇੰਟਰਨੈਸ਼ਨਲ ਟਰੈਵਲ ਕਰਨ ਵਾਲੇ ਹਵਾਈ ਯਾਤਰੀਆਂ ਦੀ ਗਿਣਤੀ ਵਿਚ ਆਈ ਗਿਰਾਵਟ ਦੀ ਭਰਪਾਈ ਭਾਵੇਂ ਹੀ ਪੂਰੀ ਤਰ੍ਹਾਂ ਨਾ ਹੋ ਸਕੀ ਹੋਵੇ ਪਰ ਪੜ੍ਹਾਈ ਲਈ ਵਿਦੇਸ਼ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਨੇ ਕੋਰੋਨਾ ਤੋਂ ਪਹਿਲਾਂ 2019 ਦੇ ਰਿਕਾਰਡ ਨੂੰ ਇਸ ਸਾਲ ਦੇ ਪਹਿਲੇ 11 ਮਹੀਨਿਆਂ ਵਿਚ ਤੋੜ ਦਿੱਤਾ ਹਨ। ਅੰਕੜਿਆਂ ਮੁਤਾਬਕ ਇਸ ਸਾਲ 30 ਨਵੰਬਰ ਤੱਕ 6 ਲੱਖ, 48 ਹਜ਼ਾਰ, 678 ਭਾਰਤੀ ਵਿਦਿਆਰਥੀ ਵਿਦੇਸ਼ ਗਏ ਹਨ ਅਤੇ ਪਿਛਲੇ 5 ਸਾਲ ਵਿਚ ਪੜ੍ਹਾਈ ਲਈ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀ ਇਹ ਸਭ ਤੋਂ ਵੱਡੀ ਗਿਣਤੀ ਹੈ। ਵਿਦੇਸ਼ ਜਾਣ ਵਾਲੇ ਭਾਰਤੀਆਂ ਦੇ ਇਮੀਗ੍ਰੇਸ਼ਨ ਰਿਕਾਰਡ ਤੇ ਉਨ੍ਹਾਂ ਦੇ ਵਲੋਂ ਅਧਿਕਾਰਕ ਤੌਰ 'ਤੇ ਦਿੱਤੀ ਗਈ ਜਾਣਕਾਰੀ ਮੁਤਾਬਕ ਰੋਜ਼ਗਾਰ, ਬਿਜਨੈਂਸ, ਰੀ ਐਂਟਰੀ ਜਾਂ ਸੈਰ-ਸਪਾਟਾ ਦੇ ਮਕਸਦ ਤੋਂ ਵਿਦੇਸ਼ ਜਾਣ ਵਾਲੇ ਭਾਰਤੀਆਂ ਦੀ ਗਿਣਤੀ ਫਿਲਹਾਲ 2019 ਤੋਂ ਘੱਟ ਹੈ, ਜਦਕਿ ਪੜ੍ਹਾਈ ਲਈ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿਚ ਚੰਗਾ ਵਾਧਾ ਹੋਇਆ ਹੈ। 2019 ਵਿਚ 2.52 ਕਰੋੜ ਭਾਰਤੀਆਂ ਨੇ ਬਿਜਨੈਂਸ, ਰੋਜ਼ਗਾਰ, ਪੜ੍ਹਾਈ ਸੈਰ-ਸਪਾਟਾ ਤੇ ਹੋਰ ਮਕਸਦ ਲਈ ਵਿਦੇਸ਼ ਯਾਤਰਾ ਕੀਤੀ ਸੀ। ਇਸ ਵਿਚੋਂ 89.5 ਲੱਖ ਭਾਰਤੀਆਂ ਨੇ ਰੀ-ਐਂਟਰੀ ਜਾਂ ਰਿਹਾਇਸ਼ ਦੇ ਮਕਸਦ ਨਾਲ ਵਿਦੇਸ਼ ਯਾਤਰਾ ਕੀਤੀ ਸੀ, ਜਦਕਿ 63.68 ਲੱਖ ਭਾਰਤੀ ਸੈਰ-ਸਪਾਟੇ ਦੇ ਮਕਸਦ ਨਾਲ ਵਿਦੇਸ਼ ਗਏ ਸਨ। 42.11 ਲੱਖ ਭਾਰਤੀਆਂ ਨੇ ਵਿਜ਼ੀਟਰ ਵੀਜ਼ੇ 'ਤੇ ਵਿਦੇਸ਼ ਯਾਤਰਾ ਕੀਤੀ ਸੀ। ਇਸ ਸਾਲ 30 ਨਵੰਬਰ ਤੱਕ 1.83 ਕਰੋੜ ਭਾਰਤੀਆਂ ਨੇ ਵਿਦੇਸ਼ ਯਾਤਰਾ ਕੀਤੀ ਹੈ।



ਅਧਿਕਾਰਕ ਅੰਕੜਿਆਂ ਤੋਂ ਇਹ ਪਤਾ ਲੱਗਦਾ ਹੈ ਕਿ ਰੋਜ਼ਗਾਰ ਦੇ ਮਕਸਦ ਨਾਲ ਪੱਛਮੀ ਏਸ਼ੀਆ ਦੇ ਦੇਸ਼ਾਂ ਵਿਚ ਵੱਡੀ ਗਿਣਤੀ ਵਿਚ ਭਾਰਤੀਆਂ ਨੇ ਯਾਤਰਾ ਕੀਤੀ ਹੈ ਅਤੇ ਇਸ ਵਿਚ ਯੂਨਾਈਟਿਡ ਅਰਬ ਅਮੀਰਾਤ ਵਿਚ ਜ਼ਿਆਦਾਤਰ ਭਾਰਤੀ ਰੋਜ਼ਗਾਰ ਲਈ ਗਏ ਹਨ। ਹਾਲਾਂਕਿ ਇਹ ਅੰਕੜਾ 2019 ਦੇ ਮੁਕਾਬਲੇ ਘੱਟ ਹੈ, ਜਦਕਿ ਪੜ੍ਹਾਈ ਦੇ ਮਕਸਦ ਨਾਲ ਭਾਰਤੀ ਯੂ. ਕੇ. ਅਤੇ ਕੈਨੇਡਾ ਦੀ ਯਾਤਰਾ ਕਰਦੇ ਹਨ ਅਤੇ ਇਥੇ ਜਾਣ ਵਾਲੇ ਭਾਰਤੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਇਸ ਸਾਲ ਇਹ ਗਿਣਤੀ 2019 ਦੇ ਅੰਕੜੇ ਨੂੰ ਪਾਰ ਕਰ ਗਈ ਹੈ। 2019 ਵਿਚ 6.17 ਲੱਖ ਭਾਰਤੀ ਕੈਨੇਡਾ ਗਏ, ਜਦਕਿ ਇਸ ਸਾਲ 30 ਨਵੰਬਰ ਤੱਕ 6.60 ਲੱਖ ਭਾਰਤੀ ਕੈਨੇਡਾ ਜਾ ਚੁੱਕੇ ਹਨ। ਇਸੇ ਤਰ੍ਹਾਂ 2019 ਵਿਚ 7.45 ਲੱਖ ਭਾਰਤੀਆਂ ਨੇ ਯੂ. ਕੇ. ਦੀ ਯਾਤਰਾ ਕੀਤੀ ਸੀ, ਜਦਕਿ 2022 ਵਿਚ ਇਹ ਅੰਕੜਾ 7.45 ਲੱਖ ਨੂੰ ਪਾਰ ਕਰ ਚੁੱਕਾ ਹੈ।

# ਭਿਖਾਰੀ ਬਜ਼ੁਰਗ ਮਹਿਲਾ ਨੇ ਮੰਦਰ ਨੂੰ ਦਾਨ ਕੀਤੇ ਇਕ ਲੱਖ ਰੁਪਏ

**ਭੁਵਨੇਸ਼ਵਰ–** ਇੱਥੇ ਇਕ ਬਜ਼ੁਰਗ ਮਹਿਲਾ ਨੇ ਜਗਨਨਾਥ ਮੰਦਰ ਦੇ ਨਿਰਮਾਣ 'ਚ 1 ਲੱਖ ਰੁਪਏ ਦਾਨ ਕਰ ਦਿੱਤੇ। ਖ਼ਾਸ ਗੱਲ ਇਹ ਹੈ ਕਿ ਇਸ ਔਰਤ ਨੇ ਇਹ ਰਕਮ



ਭੀਖ ਮੰਗ ਕੇ ਇਕੱਠੀ ਕੀਤੀ ਸੀ। 70 ਸਾਲਾ ਮਹਿਲਾ ਪੂਰੀ ਜ਼ਿੰਦਗੀ ਭੀਖ ਮੰਗ ਕੇ ਜ਼ਿੰਦਗੀ ਬਤੀਤ ਕਰਦੀ ਰਹੀ। ਇਸ ਦੌਰਾਨ ਉਸ ਨੇ ਦਾਨ ਕੀਤੇ ਰੁਪਏ ਵੀ ਜੋੜੇ ਅਤੇ ਹੁਣ ਮਰਨ ਤੋਂ ਪਹਿਲਾਂ ਉਹ ਇਨ੍ਹਾਂ ਰੁਪਇਆ ਨੂੰ ਦਾਨ ਕਰਨਾ ਚਾਹੁੰਦੀ ਸੀ, ਇਸ ਲਈ ਮੰਦਰ ਪ੍ਰਸ਼ਾਸਨ ਨੂੰ ਰੁਪਏ ਸੌਂਪੇ।

ਮਾਮਲਾ ਕੰਧਮਾਲ ਜ਼ਿਲ੍ਹੇ ਦੇ ਫੂਲਬਨੀ 'ਚ ਪੁਰਾਣੇ ਜਗਨਨਾਥ ਮੰਦਰ ਦਾ ਹੈ। ਹੁਣ ਮਹਿਲਾ ਦੇ ਰੁਪਇਆ ਨੂੰ ਮੰਦਰ ਦੇ ਪੁਨਰ ਨਿਰਮਾਣ ਲਈ ਇਸਤੇਮਾਲ ਕੀਤਾ ਜਾਵੇਗਾ। ਤੁਲਾ ਬਹਿਰਾ ਪਿਛਲੇ 20 ਸਾਲਾਂ ਤੋਂ ਫੂਲਬਨੀ ਕਸਬੇ ਦੇ ਵੱਖ-ਵੱਖ ਮੰਦਰਾਂ ਕੋਲ ਭੀਖ ਮੰਗਦੀ ਰਹੀ। ਤੁਲਾ ਦਾ ਵਿਆਹ ਸਰੀਰ ਤੌਰ 'ਤੇ ਅਸਮਰੱਥ ਪ੍ਰਫੁੱਲ ਬਹਿਰਾ ਨਾਲ ਹੋਇਆ ਸੀ। ਜੋੜਾ ਕਸਬੇ 'ਚ ਭੀਖ ਮੰਗ ਕੇ ਗੁਜ਼ਾਰਾ ਕਰਦਾ ਸੀ। ਬਾਅਦ ਵਿਚ ਪ੍ਰਫੁੱਲ ਤੁਲਾ ਨੂੰ ਇਕਲਿਆਂ ਛੱਡ ਕੇ ਇਸ ਦੁਨੀਆ ਨੂੰ ਅਲਵਿਦਾ ਆਖ ਗਏ। ਔਰਤ ਦਾ ਕੋਈ ਨੇੜਲਾ ਰਿਸ਼ਤੇਦਾਰ ਨਹੀਂ ਹੈ, ਉਸ ਨੇ ਖ਼ੁਦ ਨੂੰ ਭਗਵਾਨ ਜਗਨਨਾਥ ਦੇ ਚਰਨਾਂ ਵਿਚ ਸਮਰਪਿਤ ਕਰ ਦਿੱਤਾ ਹੈ।

# ਸਿੱਖ ਨੌਜਵਾਨ ਨੇ ਮੁਸਲਿਮ ਭਾਈਚਾਰੇ ਨੂੰ ਮਸਜਿਦ ਲਈ ਸਤ ਲੱਖ ਰੁਪਏ ਦੀ ਜਗ੍ਹਾ ਦਾਨ ਦਿੱਤੀ

**ਬਰਨਾਲਾ–** ਬਰਨਾਲਾ ਦੇ ਪਿੰਡ ਬਖਤਗੜ੍ਹ ਵਿਖੇ ਇੱਕ ਸਿੱਖ ਪਰਿਵਾਰ ਵੱਲੋਂ ਭਾਈਚਾਰਕ ਸਾਂਝ ਦੀ ਵੱਡੀ ਮਿਸਾਲ ਪੇਸ਼ ਕੀਤੀ ਗਈ ਹੈ। ਪੜ੍ਹੇ ਲਿਖੇ ਇਸ ਸਿੱਖ ਨੌਜਵਾਨ ਅਮਨਦੀਪ ਸਿੰਘ ਵੱਲੋਂ ਮੁਸਲਿਮ ਭਾਈਚਾਰੇ ਨੂੰ ਮਸਜਿਦ ਲਈ ਜ਼ਮੀਨ ਦਾਨ ਕੀਤੇ ਜਾਣ ਦੀ ਚਾਰੇ ਪਾਸੇ ਚਰਚਾ ਹੈ। ਦੱਸ ਦੇਈਏ ਕਿ ਪਿੰਡ ਵਿੱਚ ਗੁਰਦਵਾਰਾ ਸਾਹਿਬ ਸਮੇਤ ਕਈ ਧਾਰਮਿਕ ਸਥਾਨ ਹਨ ਪਰ ਮੁਸਲਿਮ ਭਾਈਚਾਰੇ ਨੂੰ ਨਮਾਜ਼ ਅਦਾ ਕਰਨ ਲਈ ਨੇੜਲੇ ਪਿੰਡ ਚੂੰਘਾ ਵਿਖੇ ਜਾਣਾ ਪੈਂਦਾ ਹੈ। ਸੇਵਾ ਮੁਕਤ ਮੁੱਖ ਅਧਿਆਪਕ ਕਰਨੈਲ ਸਿੰਘ ਦੇ ਸਪੁੱਤਰ ਅਮਨਦੀਪ ਸਿੰਘ ਰਵੀ ਨੇ ਕਿਹਾ ਕਿ ਉਸ ਨੇ ਇਹ ਜਗ੍ਹਾ ਪਿੰਡ ਦੀ ਮਹਾਨ ਸ਼ਖਸ਼ੀਅਤ ਸੇਵਾ ਸਿੰਘ ਕਿਰਪਾਨ ਬਹਾਦਰ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ ਦਾਨ ਕੀਤੀ ਹੈ। ਅਮਨਦੀਪ ਸਿੰਘ ਨੇ ਪੰਜਾਬ ਦੀਆਂ ਅਣੋਖੀਆਂ ਜਾਣਕ-ਾਰੀਆਂ ਸਬੰਧੀ ਪੁਸਤਕ 'ਵਚਿੱਤਰ ਸੰਸਾਰ' ਵੀ ਲਿਖੀ ਹੋਈ ਹੈ।ਪਿੰਡ ਵਿੱਚ ਮੁਸਲਿਮ ਭਾਈਚਾਰੇ ਦੇ ਇੱਕ ਦਰਜ਼ਨ ਤੋਂ ਵੱਧ ਪਰਿਵਾਰ ਹਨ। ਪਿੰਡ ਦੇ ਮੁਸਲਿਮ ਪਰਿਵਾਰਾਂ ਦੀ ਪਿਛਲੇ ਕਈ ਦਹਾਕਿਆਂ ਤੋਂ ਪਿੰਡ ਵਿੱਚ ਮਸਜਿਦ ਬਨਾਉਣ ਦੀ ਇੱਛਾ ਸੀ, ਪਰ ਉਹ ਕੋਈ ਜਗ੍ਹਾ ਖਰੀਦਣ ਤੋਂ ਅਸਮਰੱਥ ਸਨ। ਮੁਸਲਿਮ ਭਾਈਚਾਰੇ ਦੀ ਭਾਵਨਾ ਨੂੰ ਸਮਝਦਿਆਂ ਅਮਨਦੀਪ ਸਿੰਘ ਰਵੀ ਨੇ ਪਿੰਡ ਵਿੱਚ ਪਏ ਆਪਣੇ 8 ਮਰਲੇ ਦੇ ਪਲਾਟ ਨੂੰ ਮੁਸਲਿਮ ਭਾਈਚਾਰੇ ਨੂੰ ਮਸਜਿਦ ਬਨਾਉਣ ਲਈ ਦਾਨ ਕਰ ਦਿੱਤਾ ਹੈ, ਜਿਸਦੀ ਕੀਮਤ ਲਗਭਗ 7 ਲੱਖ ਰੁਪਏ ਹੈ।



ਇਸ ਸਬੰਧੀ ਮੁਸਲਿਮ ਭਾਈਚਾਰੇ ਦੇ ਆਗੂਆਂ ਭੋਲਾ ਖਾਨ, ਗੁਲਜ਼ਾਰ ਖਾਨ, ਰੋਸ਼ਨ ਖਾਨ ਅਤੇ ਮੁਹੰਮਦ ਨਿਜ਼ਾਮੂਦੀਨ ਨੇ ਕਿਹਾ ਕਿ ਉਹ ਬਹੁਤ ਖੁਸ਼ ਹਨ ਕਿ ਇੱਕ ਸਿੱਖ ਪਰਿਵਾਰ ਨੇ ਉਹਨਾਂ ਨੂੰ ਜਗ੍ਹਾ ਦਾਨ ਕੀਤੀ ਹੈ। ਉਨ੍ਹਾਂ ਕਿਹਾ ਕਿ ਨਮਾਜ਼ ਅਦਾ ਕਰਨ ਲਈ ਨੇੜਲੇ ਪਿੰਡ ਆਉਣ-ਜਾਣ ਦੀ ਵੱਡੀ ਸਮੱਸਿਆ ਸੀ। ਪੰਜਾਬ ਜਮਹੂਰੀ ਮੋਰਚਾ ਦੇ ਕਨਵੀਨਰ ਜਗਰਾਜ ਸਿੰਘ ਟੱਲੇਵਾਲ ਨੇ ਕਿਹਾ ਕਿ ਅਮਨਦੀਪ ਸਿੰਘ ਰਵੀ ਦਾ ਇਹ ਕਦਮ ਭਾਈਚਾਰਕ ਏਕਤਾ ਦੀ ਇੱਕ ਅਨੋਖੀ ਮਿਸਾਲ ਹੈ।

# ਸਿੱਖਾਂ ਨੂੰ ਕਿਰਪਾਨ ਲਿਜਾਣ ਦੀ ਇਜਾਜ਼ਤ ਬਾਰੇ ਹਾਈਕੋਰਟ ਵਲੋਂ ਫ਼ੈਸਲਾ ਰਾਖਵਾਂ

**ਨਵੀਂ ਦਿੱਲੀ–** ਘਰੇਲੂ ਉਡਾਣਾਂ 'ਚ ਸਿੱਖਾਂ ਨੂੰ ਕਿਰਪਾਨ ਲਿਜਾਣ ਦੀ ਇਜਾਜ਼ਤ ਦਾ ਵਿਰੋਧ ਕਰਨ ਵਾਲੀ ਪਟੀਸ਼ਨ 'ਤੇ ਦਿੱਲੀ ਹਾਈ ਕੋਰਟ ਨੇ ਫ਼ੈਸਲਾ ਰਾਖਵਾਂ ਰੱਖ ਲਿਆ ਹੈ। ਚੀਫ਼ ਜਸਟਿਸ ਸਤੀਸ਼ ਚੰਦਰ ਸ਼ਰਮਾ ਦੀ ਅਗਵਾਈ ਵਾਲੀ ਬੈਂਚ ਨੇ ਪਟੀਸ਼ਨਰ ਹਰਸ਼ ਵਿਭੋਰ ਸਿੰਘਲ ਦੀ ਪਟੀਸ਼ਨ ਦੀ ਸੁਣਵਾਈ ਦੌਰਾਨ ਕਿਹਾ ਕਿ ਅਦਾਲਤ ਨੇ ਸਾਰੀਆਂ ਦਲੀਲਾਂ ਸੁਣੀਆਂ ਹਨ ਅਤੇ ਇਸ ਮਾਮਲੇ ਬਾਰੇ ਢੁਕਵਾਂ ਫ਼ੈਸਲਾ ਸੁਣਾਇਆ ਜਾਵੇਗਾ। ਦੱਸਣਯੋਗ ਹੈ ਕਿ ਪਟੀਸ਼ਨਰ ਨੇ ਕੇਂਦਰ ਸਰਕਾਰ ਦੇ ਸਿਵਲ ਏਵੀਏਸ਼ਨ ਸੁਰੱਖਿਆ ਬਿਊਰੋ ਦੁਆਰਾ ਸਿੱਖ ਯਾਤਰੀਆਂ ਨੂੰ ਘਰੇਲੂ ਉਡਾਣਾਂ ਵਿਚ ਕਿਰਪਾਨ ਲੈ ਕੇ ਜਾਣ ਦੀ ਇਜਾਜ਼ਤ ਦੇਣ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ। ਸਿਵਲ ਐਵੀਏਸ਼ਨ ਸੁਰੱਖਿਆ ਬਿਊਰੋ ਨੇ 4 ਮਾਰਚ ਦੇ ਆਪਣੇ ਆਦੇਸ਼ ਵਿਚ ਕਿਹਾ ਸੀ ਕਿ ਕ੍ਰਿਪਾਨ ਸਿਰਫ ਇਕ ਸਿਖ ਯਾਤਰੀ ਆਪਣੇ ਨਾਲ ਲੈ ਕੇ ਜਾ ਸਕਦਾ ਹੈ ਪਰ ਉਸ ਦੇ ਬਲੇਡ ਦੀ ਲੰਬਾਈ 6 ਇੰਚ ਅਤੇ ਕੁੱਲ ਲੰਬਾਈ 9 ਇੰਚ ਤੋਂ ਜ਼ਿਆਦਾ ਨਾ ਹੋਵੇ।




## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।


E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


"JEHA CHIRI LIKHYA TEHA HUKAM KAMAEH, GHALE AAVE NAANKA SADE UTHEE JAAYE"

## Bibi Gurbax Kaur Rattu passed away

Sadly, Bibi Gurbax Kaur, wife of late Bhai Karamjit Rattu and sister of Bhai Jagtar Singh Bhatia, passed away on Monday morning. She was such a nice person. She was a very kind and gentle person. It's a huge loss to Rattu family, Bhatia family and the community.



Gurbax Kaur's funeral services will be on Friday, December 23, 2022 at 10:00 at:
Hull's Walnut Creek Chapel
1139 Saranap Avenue
Walnut Creek, CA 94595

After the cremation, Antim Ardass will be at
Sri Guru Ravidass Temple
2150 Crestview Drive, Pittsburg, CA 94565.

May God bless her soul and give courage to the family to bear this irreparable loss.

# 11-ਕੇਵੀ. ਏ.ਪੀ. ਫੀਡਰ ਦਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕੀਤਾ ਉਦਘਾਟਨ

## ਫੀਡਰ ਦੇ ਚੱਲਣ ਨਾਲ ਖੇਤਰ ਦੇ ਕਰੀਬ 15-20 ਪਿੰਡਾਂ ਦੀ ਬਿਜਲੀ ਸਮੱਸਿਆ ਦਾ ਹੋਵੇਗਾ ਹੱਲ -ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ

**ਪਠਾਨਕੋਟ, 16 ਦਸੰਬਰ (ਰਾਜਿੰਦਰ ਸਿੰਘ ਰਾਜਨ)-** ਅੱਜ ਬਹੁਤ ਹੀ ਭਾਗਾਂ ਭਰਿਆ ਦਿਨ ਹੈ ਕਿ ਵਿਧਾਨ ਸਭਾ ਹਲਕਾ ਭੋਆ ਦੇ ਖੇਤਰ ਦੀਆਂ ਸਮੱਸਿਆਵਾਂ ਤੇ ਲਗਾਤਾਰ ਵਰਕ ਕੀਤਾ ਜਾ ਰਿਹਾ ਹੈ ਅਤੇ ਅੱਜ 11-ਕੇਵੀ. ਏ.ਪੀ. ਫੀਡਰ ਦਾ ਉਦਘਾਟਣ ਕਰਨ ਮਗਰੋਂ ਖੇਤਰ ਦੇ ਕਰੀਬ 15 ਤੋਂ 20 ਪਿੰਡਾ ਦੀ ਬਿਜਲੀ ਦੀ ਸਮੱਸਿਆ ਹੱਲ ਹੋਵੇਗੀ, ਮੈਂ ਧੰਨਵਾਦੀ ਹਾਂ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਅਤੇ ਪਾਰਟੀ ਦੇ ਨੇਸਨਲ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਜੀ ਨੇ ਮੰਤਰੀ ਮੰਡਲ ਵਿੱਚ ਸਥਾਨ ਦੇ ਕੇ ਵਿਧਾਨ ਸਭਾ ਹਲਕਾ ਭੋਆ ਅਤੇ ਪੰਜਾਬ ਅੰਦਰ ਸੇਵਾ ਕਰਨ ਦਾ ਮੋਕਾ ਦਿੱਤਾ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ 66-ਕੇ.ਵੀ. ਬਨੀ ਲੋਧੀ ਵਿਖੇ ਨਵੇਂ 11-ਕੇ.ਵੀ. ਏ.ਪੀ. ਫੀਡਰ ਦੇ ਉਦਘਾਟਣ ਸਮਾਰੋਹ ਦੋਰਾਨ ਸੰਬੋਧਤ ਕਰਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਜਸਵਿੰਦਰ ਪਾਲ ਐਕਸੀਅਨ ਪਾਵਰਕੱਾਮ ਸਿਟੀ ਪਠਾਨਕੋਟ, ਗਗਨ ਭਾਸਕਰ ਐਕਸੀਅਨ ਪਾਵਰਕੱਾਮ ਗ੍ਰਾਮੀਣ ਪਠਾਨਕੋਟ, ਬੋਧ ਰਾਜ ਐਸ.ਡੀ.ਓ. ਸਰਨਾ, ਚੇਤਨ ਮਨਹਾਸ ਐਸ.ਡੀ.ਓ. ਮਨਹਾਸ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਵਿਜੈ ਕੁਮਾਰ ਕਟਾਰੂਚੱਕ ਮੀਡੀਆ ਇੰਚਾਰਜ ਜਿਲ੍ਹਾ ਪਠਾਨਕੋਟ, ਗੁਰਦਿਆਲ ਸਿੰਘ ਸੈਣੀ, ਸਰਪੰਚ ਕਸਮੀਰ ਸਿੰਘ, ਰੋਬਿੰਨ ਸਿੰਘ, ਵਿਕਾਸ ਅਤੇ ਹੋਰ ਪਾਰਟੀ ਕਾਰਜਕਰਤਾ ਵੀ ਹਾਜਰ ਸਨ।





ਸਮਾਰੋਹ ਦੋਰਾਨ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਦੱਸਿਆ ਕਿ ਪਹਿਲਾ ਏ.ਪੀ. ਕੀੜੀਆ ਫੀਡਰ ਸਰਨਾ ਬਿਜਲੀ ਘਰ ਤੋਂ ਚਲਦਾ ਸੀ ਜਿਸ ਦੀ ਕੁਲ ਲੰਬਾਈ ਕਰੀਬ 40 ਕਿਲੋਮੀਟਰ ਬਣਦੀ ਹੈ। ਜਿਸ ਦੇ ਚਲਦਿਆਂ ਅਗਰ ਹਨੇਰੀ ਕਾਰਨ ਜਾਂ ਕਿਸੇ ਹੋਰ ਖਰਾਬੀ ਕਰਕੇ ਬਿਜਲੀ ਬੰਦ ਹੁੰਦੀ ਸੀ ਤਾਂ ਖੇਤਰ ਦੇ ਕਰੀਬ 40 ਪਿੰਡਾਂ ਨੂੰ ਬਿਜਲੀ ਕੱਟਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਦੱਸਿਆ ਕਿ ਅੱਜ ਇਨ੍ਹਾਂ ਕਰੀਬ 40 ਪਿੰਡਾਂ ਵਿੱਚੋਂ ਕਰੀਬ 15-20 ਪਿੰਡਾਂ ਨੂੰ ਹੁਣ ਏ.ਪੀ. ਫੀਡਰ ਮੰਗਿਆਲ ਨਾਲ ਜੋੜਿਆ ਗਿਆ ਜਿਸ ਦੇ ਚਲਦਿਆਂ ਉਪਰੋਕਤ ਅੱਧੇ ਪਿੰਡਾਂ ਨੂੰ ਵੱਖ ਸਪਲਾਈ ਦਿੱਤੀ ਗਈ ਹੈ। ਜਿਸ ਦੇ ਚਲਦਿਆਂ ਲਾਈਨ ਤੇ ਬਿਜਲੀ ਦਾ ਲੋਡ ਘੱਟ ਹੋਵੇਗਾ ਅਤੇ ਖੇਤਰ ਦੇ ਪਿੰਡਾਂ ਨੂੰ ਨਿਰਵਿਗਨ ਬਿਜਲੀ ਦੀ ਸਪਲਾਈ ਹੋਵੇਗੀ। ਉਨ੍ਹਾਂ ਕਿਹਾ ਕਿ ਪਹਿਲਾ ਕਿਸਾਨਾਂ ਨੂੰ ਬਿਜਲੀ ਕੱਟਾਂ ਕਰਕੇ ਮੋਟਰਾਂ ਦੇ ਨਾ ਚੱਲਣ ਦੀ ਸਮੱਸਿਆ ਆ ਰਹੀ ਸੀ ਹੁਣ ਬਿਜਲੀ ਦੀ ਪੂਰਨ ਤੋਰ ਤੇ ਸਪਲਾਈ ਹੋਣ ਕਰਕੇ ਕਿਸਾਨਾਂ ਨੂੰ ਵੀ ਬਿਜਲੀ ਕੱਟਾਂ ਤੋਂ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਵੱਡੀ ਗੱਲ ਹੈ ਕਿ ਇਹ ਸਪਲਾਈ ਲੋਹੇ ਦੀ ਤਾਰ ਨਾਲ ਨਹੀਂ ਕੇਵਲ ਦੇ ਨਾਲ ਸਪਲਾਈ ਦਿੱਤੀ ਜਾ ਰਹੀ ਹੈ ਜਿਸ ਤੇ ਹਨੇਰੀ ਆਦਿ ਦਾ ਕੋਈ ਅਸਰ ਨਹੀਂ ਹੋਵੇਗਾ। ਉਨ੍ਹਾਂ ਦੱਸਿਆ ਕਿ ਖੇਤਰ ਅੰਦਰ ਬਿਜਲੀ ਦੀ ਸਮਪੂਰਨ ਸਪਲਾਈ ਲਈ ਕਰੀਬ 100 ਟਰਾਂਸਫਾਰਮਰ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਨੀ ਹੈ ਉਸ ਤੋਂ ਪਹਿਲਾ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਸੜਕਾਂ ਦੀ ਕਾਫੀ ਹਾਲਤ ਖਸਤਾ ਸੀ। ਉਨ੍ਹਾਂ ਕਿਹਾ ਕਿ ਹੁਣ ਉਨ੍ਹਾਂ ਵੱਲੋਂ ਕਰੀਬ 80 ਕਿਲੋਮੀਟਰ ਸੜਕਾਂ ਦੀ ਮਨਜੂਰੀ ਮਿਲ ਚੁੱਕੀ ਹੈ ਅਤੇ ਹੁਣ ਸੀਜਨ ਨਹੀਂ ਹੈ ਮਾਰਚ ਅੰਦਰ ਇਨ੍ਹਾਂ ਸੜਕਾਂ ਦਾ ਨਿਰਮਾਣ ਕਾਰਜ ਜੰਗੀ ਪੱਧਰ ਤੇ ਸੁਰੂ ਕੀਤਾ ਜਾਵੈਗਾ ਅਤੇ ਹਲਕੇ ਨੂੰ ਵਧੀਆਂ ਸੜਕਾਂ ਦਾ ਨਿਰਮਾਣ ਕਰਕੇ ਦਿੱਤਾ ਜਾਵੈਗਾ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਲੋਕਾਂ ਨੂੰ 300 ਯੂਨਿਟ ਫ੍ਰੀ ਦੇਣ ਦੀ ਘੋਸਣਾ ਕੀਤੀ ਸੀ ਅਤੇ ਅੱਜ ਭਾਰੀ ਸੰਖਿਆ ਵਿੱਚ ਲੋਕਾਂ ਦਾ ਬਿਜਲੀ ਬਿੱਲ ਜੀਰੋ ਆ ਰਿਹਾ ਹੈ ਲੋਕਾਂ ਨੂੰ 600 ਯੂਨਿਟ ਬਿਜਲੀ ਫ੍ਰੀ ਦਿੱਤੀ ਜਾ ਰਹੀ ਹੈ ਅਤੇ ਇਸ ਯੋਜਨਾਂ ਦੇ ਲਾਭ ਪਾਤਰੀਆਂ ਨੂੰ ਨਾ ਕੋਈ ਸਰਕਾਰ ਨੂੰ ਸਰਟੀਫਿਕੇਟ ਦੇਣਾ ਪਿਆ ਨਾ ਹੀ ਕੋਈ ਫਾਰਮ ਭਰਨਾ ਪਿਆ, ਸਰਕਾਰ ਵੱਲੋਂ ਬਿਨ੍ਹਾਂ ਕਿਸੇ ਮੱਤਭੇਦ ਦੇ ਲੋਕਾਂ ਨੂੰ 600 ਯੂਨਿਟ ਫ੍ਰੀ ਬਿਜਲੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ ਭੋਆ ਖੇਤਰ ਲਈ ਮੰਦਭਾਗੀ ਗੱਲ ਸੀ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਖੇਤਰ ਅੰਦਰ ਵਿਕਾਸ ਨਹੀਂ ਹੋ ਸਕਿਆ ਅਤੇ ਕਰੀਬ 71 ਲੱਖ ਰੁਪਇਆ ਸਰਕਾਰ ਨੂੰ ਵਾਪਸ ਚਲਾ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਫਿਰ ਤੋਂ ਉਹ ਰਾਸੀ ਨੂੰ ਵਾਪਸ ਲਿਆਂਦਾ ਗਿਆ ਹੈ ਅਤੇ ਇਸ ਰਾਸੀ ਨਾਲ ਬਾਰਡਰ ਦੇ ਨਾਲ ਲਗਦੇ ਪਿੰਡਾਂ ਦਾ ਵਿਕਾਸ ਕੀਤਾ ਜਾਵੈਗਾ। ਉਨ੍ਹਾਂ ਕਿਹਾ ਕਿ ਬਾਰਡਰ ਖੇਤਰ ਅੰਦਰ ਦੋ ਆਮ ਆਦਮੀ ਕਲੀਨਿਕ ਖੋਲੇ ਗਏ ਜਿਨ੍ਹਾਂ ਤੋਂ ਲੋਕ ਅੱਜ ਸਿਹਤ ਸੁਵਿਧਾਵਾਂ ਲੈ ਰਹੇ ਹਨ ਅਤੇ 26 ਜਨਵਰੀ ਨੂੰ ਖੇਤਰ ਅੰਦਰ ਹੋਰ ਨਵੇਂ 6 ਆਮ ਆਦਮੀ ਕਲੀਨਿਕ ਖੋਲੇ ਜਾਣਗੇ, ਇਸ ਤਰ੍ਹਾਂ ਜਿਲ੍ਹਾਂ ਪਠਾਨਕੋਟ ਅੰਦਰ ਕੁਲ 11 ਆਮ ਆਦਮੀ ਕਲੀਨਿਕ ਲੋਕਾਂ ਨੂੰ ਵਧੀਆ ਸਿਹਤ ਸੁਵਿਧਾਵਾਂ ਪ੍ਰਦਾਨ ਕਰਨਗੇ। ਜਿਕਰਯੋਗ ਹੈ ਕਿ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਵੱਲੋਂ ਇਸ ਮਗਰੋਂ ਖੇਤਰ ਦੇ ਪਿੰਡ ਮਲਪੁਰ ਅਤੇ ਮੰਗਿਆਲ ਵਿਖੇ ਵੀ ਧੰਨਵਾਦ ਦੋਰਾ ਕੀਤਾ ਗਿਆ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆ ਗਈਆਂ ਅਤੇ ਉਨ੍ਹਾਂ ਦਾ ਹੱਲ ਕੀਤਾ ਗਿਆ।

# ਪਠਾਨਕੋਟ ਪੁਲਿਸ ਨੇ ਸਾਲ 2022 ਵਿੱਚ ਭਗੌੜੇ ਅਪਰਾਧੀਆਂ ਦੇ ਖਿਲਾਫ ਵੱਡੀ ਕਾਰਵਾਈ ਕਰਦਿਆਂ, 68 ਭਗੌੜਿਆ ਨੂੰ ਕੀਤਾ ਗ੍ਰਿਫਤਾਰ

**ਪਠਾਨਕੋਟ,16 ਦਸੰਬਰ (ਰਾਜਿੰਦਰ ਸਿੰਘ ਰਾਜਨ)** ਪਿਛਲੇ ਇੱਕ ਦਹਾਕੇ ਤੋਂ ਅਤੇ ਪਿਛਲੇ ਕਈ ਸਾਲਾਂ ਤੋਂ ਗ੍ਰਿਫਤਾਰੀ ਤੋਂ ਬਚਦੇ ਭਗੌੜੇ ਅਪਰਾਧੀਆਂ ਨੂੰ ਪਠਾਨਕੋਟ ਪੁਲਿਸ ਦੀਆਂ ਸਮਰਪਿਤ ਟੀਮਾਂ ਨੇ ਜੰਮੂ-ਕਸ਼ਮੀਰ ਸਮੇਤ ਤਿੰਨ ਰਾਜਾਂ ਵਿੱਚ ਫੈਲੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਲੰਬੀ ਛਾਪਾਮਾਰੀ ਕਰਦੇ ਹੋਏ 68 ਭਗੌੜੇ ਅਪਰਾਧੀਆਂ ਸਮੇਤ 19 ਐਨਡੀਪੀਐਸ ਐਕਟ ਦੇ ਭਗੌੜੇ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਪੁਲਿਸ ਟੀਮਾ ਨੇ ਇਸ ਸਾਲ ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ, ਪੁਲਵਾਮਾ, ਬਡਗਾਮ, ਅਲਵਰ, ਕਾਂਗੜਾ ਅਤੇ ਹੋਰ ਦੂਰ-ਦੁਰਾਡੇ ਖੇਤਰਾਂ ਤੱਕ ਭਗੌੜਿਆ ਦਾ ਪਿੱਛਾ ਕਰ ਉਹਨਾਂ ਨੂੰ ਕਾਬੂ ਕੀਤਾ ਹੈ। ਪਠਾਨਕੋਟ ਜ਼ਿਲ੍ਹੇ ਦੀ ਸਥਾਪਨਾ (2011) ਤੋਂ ਬਾਅਦ ਜ਼ਿਲ੍ਹੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਭਗੌੜਿਆਂ ਦੀ ਇਹ ਸਭ ਤੋਂ ਵੱਧ ਗਿਣਤੀ ਹੈ।

ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੀਨੀਅਰ ਕਪਤਾਨ ਪੁਲਿਸ (ਐਸ.ਐਸ.ਪੀ.) ਪਠਾਨਕੋਟ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਡੀਜੀਪੀ ਪੰਜਾਬ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਗਈ ਸੀ ਅਤੇ ਇਕ ਸਮਰਪਿਤ ਯੂਨਿਟ ਇਹਨਾਂ ਘੋਸ਼ਿਤ ਅਪਰਾਧੀਆਂ (ਫੌਸ)/ਭਗੌੜਿਆਂ ਨੂੰ ਫੜਨ ਲਈ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਫੜੇ ਗਏ ਭਗੌੜੇ ਅਪਰਾਧੀ ਕਤਲ, ਕਤਲ ਦੀ ਕੋਸ਼ਿਸ਼, ਡਕੈਤੀ, ਨਸ਼ਾ ਤਸਕਰੀ, ਖੋਹ ਅਤੇ ਚੋਰੀ ਵਰਗੇ ਘਿਨਾਉਣੇ ਅਪਰਾਧਾਂ ਵਿੱਚ ਲੋੜੀਂਦੇ ਸਨ। ਐਸਐਸਪੀ ਨੇ ਕਿਹਾ ਕਿ ਪੁਲਿਸ ਨੇ ਇਨ੍ਹਾਂ ਅਪਰਾਧੀਆਂ ਨੂੰ ਫੜਨ ਲਈ ਕਈ ਤਰ੍ਹਾਂ ਦੀਆਂ ਰਣਨੀਤੀਆਂ ਦੀ ਵਰਤੋਂ ਕੀਤੀ ਹੈ, ਜਿਸ ਵਿੱਚ ਨਿਸ਼ਾਨਾ ਜਾਂਚ, ਛਾਪੇ ਅਤੇ ਸਟਿੰਗ ਆਪ੍ਰੇਸ਼ਨ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਪੁਲੀਸ ਟੀਮਾਂ ਨੂੰ ਉਨ੍ਹਾਂ ਦੇ ਠਿਕਾਣਿਆਂ ਬਾਰੇ ਸੂਚਨਾ ਮਿਲੀ ਅਤੇ ਉਨ੍ਹਾਂ ਦਾ ਪਿੱਛਾ ਕਰਕੇ ਉਹਨਾਂ ਨੂੰ ਕਾਬੂ ਕੀਤਾ ਗਿਆ ਹੈ। ਇਸ ਮੁਹਿੰਮ ਤਹਿਤ ਵੱਖ-ਵੱਖ ਪੁਲਿਸ ਟੀਮਾਂ ਨੂੰ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਰਾਜਸਥਾਨ ਅਤੇ ਪੰਜਾਬ ਵਿੱਚ ਕਈ ਥਾਵਾਂ ਤੇ ਭਗੌੜੇ ਅਪਰਾਧੀਆਂ ਨੂੰ ਫੜਨ ਲਈ ਰਵਾਨਾ ਕੀਤਾ ਗਿਆ ਸੀ। ਜੋ ਕਈ ਅਪਰਾਧਿਕ ਦੋਸ਼ਾਂ ਵਿੱਚ 15-20 ਸਾਲਾਂ ਤੱਕ ਗ੍ਰਿਫਤਾਰੀ ਤੋਂ ਬਚ ਰਹੇ ਸਨ।ਇੱਥੋਂ ਤੱਕ ਕਿ ਇਨ੍ਹਾਂ ਟੀਮਾਂ ਨੇ ਪੁਲਵਾਮਾ, ਬਡਗਾਮ, ਕਠੂਆ, ਵਿਜੇਪੁਰ, ਜੰਮੂ-ਕਸ਼ਮੀਰ ਦੇ ਬੂੰਦ ਬਸੋਲੀ, ਰਾਜਸਥਾਨ ਦੇ ਅਲਵਰ, ਕੁੱਲੂ, ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਅਤੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਜਾ ਕੇ ਪੀ.ਓ. ਨੂੰ ਕਾਬੂ ਕੀਤਾ ਹੈ। ਉਦਾਹਰਣਾਂ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਪਠਾਨਕੋਟ ਪੁਲਿਸ ਨੇ ਧਾਰਾ 82 ਅਤੇ 83 (ਸੀਆਰਪੀਸੀ) ਅਤੇ 42 ਅਧੀਨ 299 (ਸੀਆਰਪੀਸੀ) ਦੇ ਤਹਿਤ ਸੱਤ ਪੀਓ ਨੂੰ ਗ੍ਰਿਫਤਾਰ ਕੀਤਾ ਹੈ। 82 ਅਤੇ 83 ਦੇ ਤਹਿਤ ਜਦੋਂ ਦੋਸ਼ੀ ਗ੍ਰਿਫਤਾਰੀ ਵਾਰੰਟ ਜਾਰੀ ਹੋਣ ਤੋਂ ਬਾਅਦ ਵੀ ਅਦਾਲਤ ਵਿੱਚ ਪੇਸ਼ ਨਹੀਂ ਹੁੰਦਾ ਹੈ, ਤਾਂ ਮੈਜਿਸਟਰੇਟ ਭਗੌੜੇ ਮੁਲਜ਼ਮ ਦਾ ਐਲਾਨ ਜਾਰੀ ਕਰਕੇ ਅਤੇ ਵਿਅਕਤੀ ਦੀ ਜਾਇਦਾਦ ਕੁਰਕ ਕਰਨ ਦਾ ਅਗਲਾ ਹੁਕਮ ਜਾਰੀ ਕਰਕੇ ਮੁਲਜ਼ਮ ਦੀ ਹਾਜ਼ਰੀ ਲਈ ਮਜਬੂਰ ਕਰ ਸਕਦਾ ਹੈ। ਇਸੇ ਤਰ੍ਹਾਂ, ਸੀਆਰਪੀਸੀ ਦੀ ਧਾਰਾ 299 ਉਦੋਂ ਲਾਗੂ ਹੁੰਦੀ ਹੈ ਜਦੋਂ ਮੁਲਜ਼ਮ ਦੀ ਗੈਰ-ਮੌਜੂਦਗੀ ਵਿੱਚ ਸਬੂਤ ਦਰਜ ਕੀਤੇ ਜਾ ਰਹੇ ਹੁੰਦੇ ਹਨ।ਇਸ ਤੋਂ ਇਲਾਵਾ ਇਨ੍ਹਾਂ ਟੀਮਾਂ ਨੇ ਕਤਲ, ਲੁੱਟ-ਖੋਹ, ਜਬਰੀ ਵਸੂਲੀ ਅਤੇ ਹੋਰ ਘਿਨਾਉਣੇ ਅਪਰਾਧਾਂ ਵਿੱਚ ਸ਼ਾਮਲ ਮੁਲਜ਼ਮਾਂ ਕੋਲੋਂ ਨਾਜਾਇਜ਼ ਹਥਿਆਰ, ਨਸ਼ੀਲੇ ਪਦਾਰਥ, ਅਤੇ ਅਪਰਾਧ ਵਿੱਚ ਵਰਤੇ ਗਏ ਵਾਹਨ ਵੀ ਬਰਾਮਦ ਕੀਤੇ ਹਨ। .ਐਸਐਸਪੀ ਨੇ ਸਾਰੇ ਭਗੌੜੇ ਦੋਸ਼ੀਆਂ ਨੂੰ ਫੜਨ ਲਈ ਅਣਥੱਕ ਯਤਨ ਕਰਨ ਲਈ ਟੀਮਾਂ ਦੀ ਸ਼ਲਾਘਾ ਕੀਤੀ ਹੈ। ਐਸਐਸਪੀ ਨੇ ਕਿਹਾ ਕਿ ਇਸ ਸਾਲ ਭਰ ਦੀ ਮੁਹਿੰਮ ਦੇ ਨਤੀਜੇ ਵਜੋਂ ਖੇਤਰ ਵਿੱਚ ਅਪਰਾਧ ਵਿੱਚ ਮਹੱਤਵਪੂਰਨ ਕਮੀ ਆਈ ਹੈ, ਜਿਸ ਨਾਲ ਪਠਾਨਕੋਟ ਦੇ ਨਾਗਰਿਕਾਂ ਨੂੰ ਸੁਰੱਖਿਆ ਅਤੇ ਮਨ ਦੀ ਸ਼ਾਂਤੀ ਦੀ ਭਾਵਨਾ ਮਿਲੀ ਹੈ। ਐਸਐਸਪੀ ਨੇ ਕਿਹਾ ਕਿ ਪਠਾਨਕੋਟ ਪੁਲਿਸ ਨਾਗਰਿਕਾਂ ਨੂੰ ਸੁਰੱਖਿਅਤ ਅਤੇ ਸੁਰੱਖਿਅਤ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਇਹ ਯਕੀਨੀ ਬਣਾਉਣ ਲਈ ਹਰ ਕਦਮ ਚੁੱਕ ਰਹੀ ਹੈ ਕਿ ਖੇਤਰ ਵਿੱਚ ਅਪਰਾਧੀ ਨੂੰ ਜਲਦ ਤੋ ਜਲਦ ਕਾਬੂ ਕੀਤਾ ਜਾਵੇ। ਪੁਲਿਸ ਫੋਰਸ ਨੇ ਇਹ ਯਕੀਨੀ ਬਣਾਉਣ ਲਈ ਇੱਕ ਨਿਰਵਿਘਨ ਵਿਧੀ ਵੀ ਤਿਆਰ ਕੀਤੀ ਸੀ ਕਿ ਅਪਰਾਧੀਆਂ ਨੂੰ ਸਮੇਂ ਸਿਰ ਫੜਿਆ ਜਾ ਸਕੇ ਅਤੇ ਜਨਤਾ ਬਿਨਾਂ ਕਿਸੇ ਡਰ ਦੇ ਰਹਿ ਸਕੇ। ਖੱਖ ਨੇ ਅੱਗੇ ਕਿਹਾ ਕਿ ਪਠਾਨਕੋਟ ਪੁਲਿਸ ਦੀ ਇਹ ਪ੍ਰਾਪਤੀ ਸ਼ਹਿਰ ਵਿੱਚ ਅਪਰਾਧ ਨੂੰ ਰੋਕਣ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਦੇ ਸਮਰਪਣ ਅਤੇ ਵਚਨਬੱਧਤਾ ਦਾ ਪ੍ਰਮਾਣ ਹੈ।



# ਬਧਾਨੀ ਸਕੂਲ ਦੀ ਪਲਕ ਨੇ ਜਿੱਤਿਆ ਜ਼ਿਲ੍ਹਾ ਪੱਧਰੀ ਪੇਂਟਿੰਗ ਮੁਕਾਬਲੇ ਵਿੱਚ ਪਹਿਲਾਂ ਸਥਾਨ

**ਪਠਾਨਕੋਟ, 16 ਦਸੰਬਰ (ਰਾਜਿੰਦਰ ਸਿੰਘ ਰਾਜਨ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਧਾਨੀ ਵਿਖੇ ਪ੍ਰਿੰਸੀਪਲ ਸ਼੍ਰੀਮਤੀ ਰਘਬੀਰ ਕੌਰ ਦੀ ਅਗਵਾਈ ਹੇਠ ਸਨਮਾਨ ਸਮਾਰਹੋ ਦਾ ਆਯੋਜਨ ਕੀਤਾ ਗਿਆ। ਇਸ ਸਮਾਰਹੋ ਵਿੱਚ ਬੀਤੇ ਦਿਨੀਂ ਚਮਰੋੜ ਪਤਣ ਤੇ ਸਿੱਖਿਆ ਵਿਭਾਗ ਵੱਲੋਂ ਊਰਜਾ ਦਿਵਸ ਤੇ ਕਰਵਾਏ ਗਏ ਪੇਂਟਿੰਗ ਮੁਕਾਬਲੇ ਵਿੱਚ ਸੀਨੀਅਰ ਵਰਗ ਵਿੱਚ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਨੂੰ ਉਚੇਰੇ ਤੌਰ ਤੇ ਸਨਮਾਨਿਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਰਘਬੀਰ ਕੌਰ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ ਜ਼ਿਲ੍ਹਾ ਪਠਾਨਕੋਟ ਦੇ ਸਾਰੇ ਹੀ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ ਸੀ। ਜਿਸ ਵਿੱਚ ਉਨ੍ਹਾਂ ਦੇ ਸਕੂਲ ਦੀ ਵਿਦਿਆਰਥਣ ਨੇ ਸਾਰਿਆਂ ਨੂੰ ਪਛਾੜਦੇ ਹੋਏ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਪਲਕ ਦੀ ਇਸ ਪ੍ਰਾਪਤੀ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਾਜੇਸ਼ ਕੁਮਾਰ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ਵਰ ਸਲਾਰੀਆ ਨੇ ਵਧਾਈ ਦਿੰਦਿਆ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਹਨ । ਉਨ੍ਹਾਂ ਦੱਸਿਆ ਕਿ ਪਲਕ ਦੀ ਇਸ ਪ੍ਰਾਪਤੀ ਲਈ ਐਸਡੀਐਮ ਧਾਰ ਹਰਜਿੰਦਰ ਸਿੰਘ ਵੱਲੋਂ ਵੀ ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ ਗਿਆ ਹੈ। ਪ੍ਰਿੰਸੀਪਲ ਰਘਬੀਰ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਇਸ ਸਕੂਲ ਦੇ ਵਿਦਿਆਰਥੀ ਇਸੇ ਤਰਾਂ ਹੀ ਆਪਣੇ ਸਕੂਲ, ਮਾਪਿਆਂ ਅਤੇ ਜ਼ਿਲ੍ਹੇ ਦਾ ਨਾਂ ਰੋਸਨ ਕਰਦੇ ਰਹਿਣਗੇ । ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਹਾਜਰ ਸੀ।




## ਵਿਆਹ ਦੀਆਂ ਮੁਬਾਰਕਾਂ



ਕਸਬਾ ਉੜਾਪੜ ਦੇ ਸਵ. ਸਤਨਾਮ ਰਾਮ ਦੇ ਸਪੁੱਤਰ ਕਮਲ ਭਾਨ ਦਾ ਸ਼ੁੱਭ ਵਿਆਹ ਪਿੰਡ ਲੱਖ ਪੁਰ ਦੇ ਸਵ. ਗੁਰਦਿਆਲ ਰਾਮ ਦੀ ਸਪੁੱਤਰੀ ਹਰਪ੍ਰੀਤ ਕੋਰ ਨਾਲ ਪੂਰੇ ਗੁਰਮਰਿਆਦਾ ਅਨੁਸਾਰ ਹੋਇਆ ਦੋਵਾਂ ਪਰਿਵਾਰਾਂ ਨੂੰ ਬਹੁਤ ਸਾਰੀਆਂ ਮੁਬਾਰਕਾਂ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ
ਲਈ ਕਲਿੱਕ ਕਰੋ:

www.deshdoaba.com
www.ambedkartimes.com

# ਨਿਊਜ਼ੀਲੈਂਡ ਸਰਕਾਰ ਵੱਲੋਂ ਨਵੀਂ ਪੀੜ੍ਹੀ ਦੇ ਜੀਵਨ ਬਚਾਅ ਲਈ 'ਸਿਗਰਟਨੋਸ਼ੀ ਰੋਕੂ' ਬਿੱਲ ਪਾਸ

**ਔਕਲੈਂਡ ((ਹਰਜਿੰਦਰ ਸਿੰਘ ਬਸਿਆਲਾ))-** ਨਿਊਜ਼ੀਲੈਂਡ ਦੇ ਵਿਚ ਤਮਾਕੂ ਸੇਵਨ ਦਾ ਇਤਿਹਾਸ ਕਾਫੀ ਪੁਰਾਣਾ ਹੈ, ਪਰ ਇਸ ਦੀ ਰੋਕਥਾਮ ਦੇ ਲਈ ਲਗਾਤਾਰ ਯਤਨ ਵੀ ਹੁੰਦੇ ਰਹੇ ਹਨ, ਪਰ ਲੋਕਾਂ ਦੀ ਵਿਗੜੀ ਆਦਤ ਅਤੇ ਕਈ ਮੰਤਰੀਆਂ ਵੱਲੋਂ ਸੇਵਨ ਕੀਤੇ ਜਾਣ ਕਰਕੇ ਇਸ ਤਮਾਕੂ ਸੇਵਨ ਉਤੇ ਬ੍ਰੇਕਾਂ ਕਾਫੀ ਹੌਲੀ-ਹੌਲੀ ਲੱਗਣੀਆਂ ਸ਼ੁਰੂ ਹੋਈਆਂ। ਸਰਕਾਰ ਦਾ ਇਸ ਵੇਲੇ 2025 ਤੱਕ ਦੇਸ਼ ਨੂੰ 'ਸਮੋਕਫ੍ਰੀ' ਕਰਨ ਦਾ ਟੀਚਾ ਹੈ, ਜਿਸ ਨੂੰ ਪੜਾਅਦਾਰ ਲਾਗੂ ਕੀਤਾ ਜਾ ਰਿਹਾ ਹੈ। ਇਸਦੇ ਨਾਲ ਹੀ ਸਬੰਧਿਤ ਸੰਵਿਧਾਨ ਦੇ ਵਿਚ ਸੋਧਾਂ ਆ ਰਹੀਆਂ ਹਨ। ਬੀਤੀ 13 ਦਸੰਬਰ ਨੂੰ ਸਰਕਾਰ ਨੇ ਇਕ ਸੰਵਿਧਾਨਕ ਸੋਧ ਕਰਦਿਆਂ ਇਹ ਸ਼ਰਤ ਲਾਗੂ ਕਰ ਦਿੱਤੀ ਹੈ ਕਿ 01 ਜਨਵਰੀ 2009 ਤੋਂ ਬਾਅਦ ਜਨਮੀ ਨਵੀਂ ਪੀੜ੍ਹੀ ਤਮਾਕੂ ਨਹੀਂ ਖਰੀਦ ਸਕੇਗੀ। ਇਸ ਦਾ ਮਤਲਬ ਇਹ ਹੋਏਗਾ ਕਿ 01 ਜਨਵਰੀ 2027 ਨੂੰ ਜੋ 18 ਸਾਲ ਦੇ ਵੀ ਹੋ ਜਾਣਗੇ ਉਹ ਵੀ ਤਮਾਕੂ ਨਹੀਂ ਖਰੀਦ ਸਕਣਗੇ। ਸੰਵਿਧਾਨ ਦੀ ਇਹ ਸੋਧ ਇਸ ਵੇਲੇ ਅੰਤਿਮ ਰੂਪ ਲੈਣ ਵਾਸਤੇ ਦੇਸ਼ ਦੇ ਗਵਰਨਰ ਜਨਰਲ ਜਾਂ ਦੇਸ਼ ਦੇ ਰਾਜਾ ਪ੍ਰਿੰਸ ਚਾਰਲਸ-3 ਕੋਲ ਪਹੁੰਚੇਗੀ ਅਤੇ ਕਾਨੂੰਨੀ ਰੂਪ ਲਵੇਗੀ। ਕਈ ਹੋਰ ਸੰਵਿਧਾਨ ਸੋਧਾਂ ਜੋ ਇਸ ਵਿਚ ਸ਼ਾਮਿਲ ਹਨ ਉਹ 01 ਜਨਵਰੀ 2023 ਤੋਂ ਲਾਗੂ ਹੋ ਜਾਣਗੀਆਂ।




ਸਰਕਾਰ ਦਾ ਮੁੱਖ ਮੰਤਵ ਹੈ ਕਿ ਨਵੀਂ ਪੀੜ੍ਹੀ ਦੇ ਜੀਵਨ ਨੂੰ ਬਚਾਇਆ ਜਾਵੇ ਅਤੇ ਲੋਕਾਂ ਦੇ ਬਿਲੀਅਨ ਡਾਲਰ ਵੀ ਬਚਾਏ ਜਾਣ। ਸਹਾਇਕ ਸਿਹਤ ਮੰਤਰੀ ਡਾ. ਆਇਸ਼ਾ ਵੀਰਾਲ ਨੇ ਕਿਹਾ ਕਿ ਨਵੀਂ ਪੀੜ੍ਹੀ ਤੰਦਰੁਸਤ ਰਹੇ, ਤਮਾਕੂ ਰਹਿਤ ਰਹੇ, ਇਹ ਸਰਕਾਰ ਦਾ ਉਦੇਸ਼ ਹੈ। 'ਦਾ ਸਮੋਕਫ੍ਰੀ ਇਨਵਾਇਰਮੈਂਟ ਐਂਡ ਰੈਗੂਲੇਟਿਡ ਪ੍ਰੋਡਕਟਸ (ਸਮੋਕਡ ਤਮਾਕੂ) ਅਮੈਂਡਮੈਂਟ ਬਿੱਲ' ਦੇ ਵਿਚ ਸ਼ਾਮਿਲ ਕੀਤਾ ਗਿਆ ਹੈ ਕਿ ਜੇਕਰ ਕੋਈ ਸੰਵਿਧਾਨ ਦੀਆਂ ਵੱਖ-ਵੱਖ ਧਰਾਵਾਂ ਦੀ ਉਲੰਘਣਾ ਕਰਦਾ ਹੈ ਤਾਂ 2000 ਡਾਲਰ ਤੋਂ 150,000 ਡਾਲਰ ਤੱਕ ਦਾ ਜ਼ੁਰਮਾਨਾ ਹੋ ਸਕਦਾ ਹੈ।

ਸਰਕਾਰ ਦਾ ਟੀਚਾ ਹੈ ਕਿ ਤਮਾਕੂ ਵੇਚਣ ਵਾਲੀਆਂ ਦੁਕਾਨਾਂ ਦੀ ਗਿਣਤੀ ਨੂੰ 6000 ਤੋਂ ਘਟਾ ਕੇ 600 ਤੱਕ ਕੀਤਾ ਜਾਵੇ। ਇਸ ਨਾਲ ਨਵੀਂ ਪੀੜ੍ਹੀ ਨੂੰ ਤਮਾਕੂ ਨਾ ਮਿਲਣ ਦੇ ਨਾਲ ਉਨ੍ਹਾਂ ਨੂੰ ਨਸ਼ੇ ਦੀ ਲੱਤ ਤੋਂ ਬਚਾ ਕੇ ਰੱਖਿਆ ਜਾ ਸਕਦਾ ਹੈ। ਵੇਚਣ ਵਾਸਤੇ ਵੀ ਕਈ ਸ਼ਰਤਾਂ ਆ ਰਹੀਆਂ ਹਨ। ਬਹੁਤ ਸਾਰੇ ਰੀਟੇਲ ਸਟੋਰਾਂ ਨੇ ਤਮਾਕੂ ਵੇਚਣ ਤੋਂ ਪਹਿਲਾਂ ਹੀ ਨਾਂਹ ਕੀਤੀ ਹੋਈ ਹੈ। ਨਿਊਜ਼ੀਲੈਂਡ ਦੇ ਵਿਚ 18 ਸਾਲ ਤੋਂ ਉਪਰ ਵਾਲੇ ਲੋਕਾਂ ਦੀ ਸਿਗਰਟਨੋਸ਼ੀ ਦੀ ਦਰ 9.4% ਤੋਂ ਘੱਟ ਕੇ 8% ਤੱਕ ਰਹਿ ਗਈ ਹੈ। 10 ਸਾਲ ਪਹਿਲਾਂ ਇਹ ਦਰ ਦੁੱਗਣੀ ਸੀ। ਪਿਛਲੇ ਸਾਲ 56,000 ਲੋਕਾਂ ਨੇ ਤਮਾਕੂ ਦਾ ਸੇਵਨ ਬੰਦ ਕੀਤਾ। ਮਾਓਰੀ ਲੋਕਾਂ ਦੇ ਵਿਚ ਸਿਗਰਟ ਸੇਵਨ ਦਾ ਬੰਦ ਹੋਣ ਨਾਲ ਔਰਤਾਂ ਦਾ ਜੀਵਨ ਕਾਲ 25% ਤੱਕ ਪੁਰਸ਼ਾਂ ਦਾ 10% ਤੱਕ ਵਧ ਸਕਦਾ ਹੈ।

**ਜਾਣਕਾਰੀ ਭਰਪੂਰ ਤੱਤ:**

- ਨਿਊਜ਼ੀਲੈਂਡ ਵਿੱਚ ਸਿਗਰਟਨੋਸ਼ੀ ਲਈ ਤੰਬਾਕੂ ਦੀ ਵਰਤੋਂ ਕਈ ਦਹਾਕਿਆਂ ਤੋਂ ਸਰਕਾਰੀ ਨਿਯਮਾਂ ਦੇ ਅਧੀਨ ਹੈ। 10 ਦਸੰਬਰ 2004 ਨੂੰ, ਨਿਊਜ਼ੀਲੈਂਡ ਬਾਰਾਂ ਅਤੇ ਰੈਸਟੋਰੈਂਟਾਂ ਸਮੇਤ ਸਾਰੇ ਅੰਦਰੂਨੀ ਕਾਰਜ ਸਥਾਨਾਂ ਨੂੰ ਸਿਗਰਟ-ਮੁਕਤ ਬਣਾਉਣ ਵਾਲਾ ਵਿਸ਼ਵ ਦਾ ਤੀਜਾ ਦੇਸ਼ ਬਣ ਗਿਆ ਸੀ। ਦੁਨੀਆ ਦੀ ਪਹਿਲੀ ਇਮਾਰਤ ਜਿਸ ਵਿੱਚ ਸਿਗਰਟ-ਮੁਕਤ ਨੀਤੀ 1876 ਵਿੱਚ ਲਾਗੂ ਕੀਤੀ ਗਈ ਸੀ, ਉਹ ਸੀ ਵੈਲਿੰਗਟਨ ਵਿੱਚ ਪੁਰਾਣੀ ਸਰਕਾਰੀ ਇਮਾਰਤ। ਇਹ ਨੀਤੀ ਅੱਗ ਦੇ ਖਤਰੇ ਬਾਰੇ ਚਿੰਤਾਵਾਂ ਦੇ ਮੱਦੇਨਜ਼ਰ ਲਾਗੂ ਕੀਤੀ ਗਈ ਸੀ, ਕਿਉਂਕਿ ਇਹ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਲੱਕੜ ਦੀ ਇਮਾਰਤ ਸੀ।




- ਤੰਬਾਕੂ ਕੰਟਰੋਲ ਦੀ ਸਭ ਤੋਂ ਪਹਿਲੀ ਕੋਸ਼ਿਸ਼ 1907 ਵਿੱਚ ਹੋਈ ਸੀ, ਜਦੋਂ ਸਰਕਾਰ ਨੇ 16 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਨੂੰ ਤੰਬਾਕੂ ਦੀ ਵਿਕਰੀ 'ਤੇ ਪਾਬੰਦੀ ਲਗਾਉਣ ਲਈ ਪ੍ਰੇਰਿਤ ਕੀਤਾ, ਕਿਉਂਕਿ ਇਹ ਡਰ ਸੀ ਕਿ ਤੰਬਾਕੂ ਇੱਕ ਨਾਬਾਲਗ ਦੇ ਵਿਕਾਸ ਦਾ ਨੁਕਸਾਨ ਕਰੇਗਾ। ਹਾਲਾਂਕਿ, ਇਹ ਕਾਨੂੰਨ 1988 ਤੱਕ ਲਾਗੂ ਨਹੀਂ ਕੀਤਾ ਗਿਆ ਸੀ। 1997 ਵਿੱਚ, ਉਮਰ ਦੀ ਪਾਬੰਦੀ ਨੂੰ ਵਧਾ ਕੇ 18 ਸਾਲ ਕਰ ਦਿੱਤਾ ਗਿਆ ਸੀ। ਹੁਣ ਇੱਕ ਨਾਬਾਲਗ ਨੂੰ ਤੰਬਾਕੂ ਉਤਪਾਦ ਵੇਚਣਾ ਗੈਰ-ਕਾਨੂੰਨੀ ਹੈ।
- ਤਮਾਕੂਨੋਸ਼ੀ-ਮੁਕਤ ਵਾਤਾਵਰਣ ਐਕਟ 1990 ਤਹਿਤ ਕੰਮ ਦੇ ਸਥਾਨਾਂ ਅਤੇ ਸਕੂਲਾਂ ਵਰਗੀਆਂ ਥਾਵਾਂ 'ਤੇ ਸਿਗਰਟ ਪੀਣ 'ਤੇ ਪਾਬੰਦੀ ਲਗਾਈ ਗਈ।
- ਨਿਊਜ਼ੀਲੈਂਡ ਨੇ 3 ਦਸੰਬਰ 2003 (2004 ਵਿੱਚ ਪ੍ਰਭਾਵੀ) ਨੂੰ ਤਮਾਕੂ-ਮੁਕਤ ਵਾਤਾਵਰਣ ਐਕਟ ਵਿੱਚ ਇੱਕ ਸੋਧ ਪਾਸ ਕੀਤੀ ਜੋ ਸਾਰੇ ਅੰਦਰੂਨੀ ਜਨਤਕ ਕਾਰਜ ਸਥਾਨਾਂ ਅਤੇ ਪ੍ਰਾਹੁਣਚਾਰੀ ਸਥਾਨਾਂ (ਪਬ, ਬਾਰ, ਨਾਈਟ ਕਲੱਬ, ਚਾਰਟਰ ਕਲੱਬ ਬਾਰ, ਰੈਸਟੋਰੈਂਟ ਅਤੇ ਕੈਸੀਨੋ) ਨੂੰ ਕਵਰ ਕਰਦੀ ਹੈ।
- ਘਰੇਲੂ ਉਡਾਣਾਂ 'ਤੇ 1988 ਅਤੇ ਅੰਤਰਰਾਸ਼ਟਰੀ ਉਡਾਣਾਂ 'ਤੇ 1996 ਵਿਚ ਸਿਗਰਟਨੋਸ਼ੀ 'ਤੇ ਪਾਬੰਦੀ ਲਗਾਈ ਗਈ।
- 1963 ਵਿੱਚ ਟੀ.ਵੀ ਅਤੇ ਰੇਡੀਓ ਉੱਤੇ 1971 ਵਿੱਚ ਸਿਨੇਮਾਘਰਾਂ, ਬਿਲਬੋਰਡਾਂ ਉੱਤੇ ਅਤੇ 1990 ਵਿੱਚ ਪ੍ਰਿੰਟ ਮੀਡੀਆ ਉੱਤੇ ਸਿਗਰੇਟ ਦੀ ਇਸ਼ਤਿਹਾਰ ਬਾਜ਼ੀ ਉੱਤੇ ਪਾਬੰਦੀ ਲਗਾ ਦਿੱਤੀ ਗਈ ਸੀ। 1995 ਵਿੱਚ ਤੰਬਾਕੂ ਦੀ ਸਪਾਂਸਰਸ਼ਿਪ ਨੂੰ ਪੜਾਅਵਾਰ ਬੰਦ ਕਰ ਦਿੱਤਾ ਗਿਆ ਸੀ ਅਤੇ ਉਸੇ ਸਾਲ ਦੁਕਾਨਾਂ ਦੇ ਬਾਹਰ ਤੰਬਾਕੂ ਦੇ ਸੰਕੇਤਾਂ ਉੱਤੇ ਪਾਬੰਦੀ ਲਗਾ ਦਿੱਤੀ ਗਈ ਸੀ। 2012 ਵਿੱਚ ਤੰਬਾਕੂ ਦੇ ਪ੍ਰਦਰਸ਼ਨਾਂ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ।
- ਸਿੰਗਲ ਸਿਗਰੇਟ (ਇਕ ਪੀਸ) ਦੀ ਵਿਕਰੀ 'ਤੇ 1998 ਦੇ ਸ਼ੁਰੂ ਵਿੱਚ ਪਾਬੰਦੀ ਲਗਾਈ ਗਈ ਸੀ। ਹੁਣ ਸਿਗਰਟਾਂ ਨੂੰ 20 ਤੋਂ ਘੱਟ ਦੇ ਪੈਕ ਵਿੱਚ ਵੇਚਣ ਦੀ ਲੋੜ ਹੁੰਦੀ ਹੈ।
- ਨਿਊਜ਼ੀਲੈਂਡ ਸਰਕਾਰ ਦੀ ਨੈਸ਼ਨਲ ਡਰੱਗ ਨੀਤੀ 2007-2012 ਉਪਲਬਧਤਾ ਨੂੰ ਸੀਮਤ ਕਰਕੇ, ਤੰਬਾਕੂ ਦੀ ਵਰਤੋਂ ਨੂੰ ਸੀਮਤ ਕਰਕੇ ਅਤੇ ਮੌਜੂਦਾ ਤੰਬਾਕੂ ਦੀ ਵਰਤੋਂ ਤੋਂ ਹੋਣ ਵਾਲੇ ਨੁਕਸਾਨ ਨੂੰ ਘਟਾ ਕੇ ਤੰਬਾਕੂ ਦੀ ਵਰਤੋਂ ਦੇ ਪ੍ਰਭਾਵਾਂ ਨੂੰ ਘਟਾਉਣ ਦੀ ਕੋਸ਼ਿਸ਼ ਕਰਦੀ ਹੈ।

# ਪੂਜਾ ਕਟਾਰੀਆ ਮਾਓਰੀ ਭਾਸ਼ਾ 'ਚ 'ਬੈਚਲਰ ਆਫ ਟੀਚਿੰਗ' ਕਰਨ ਵਾਲੀ ਪਹਿਲੀ ਪੰਜਾਬਣ ਬਣੀ

**ਔਕਲੈਂਡ ((ਹਰਜਿੰਦਰ ਸਿੰਘ ਬਸਿਆਲਾ))-** ਕਿਸੇ ਵਿਦਵਾਨ ਨੇ ਬਹੁਤ ਸੋਹਣਾ ਲਿਖਿਆ ਹੈ ਕਿ ਜੇਕਰ ਦੀਵੇ ਨੇ ਰੋਸ਼ਨੀ ਵੰਡਣੀ ਹੋਵੇ ਤਾਂ ਉਸਨੂੰ ਚਮਕ ਨਾਲ ਬਲਣਾ ਹੋਏਗਾ। ਦੀਵਾ ਆਪ ਭਾਵੇਂ ਦੁਖਦ ਵਾਤਾਵਰਣ ਦੇ ਮਾਹੌਲ ਵਿਚ ਬਲਦਾ ਰਹੇ, ਪਰ ਆਪਣੀ ਚਮਕ ਦੇ ਨਾਲ ਜਿਨ੍ਹਾਂ ਦੇ ਲਈ ਰੋਸ਼ਨੀ ਪੈਦਾ ਕਰ ਜਾਂਦਾ ਹੈ, ਉਸ ਨਾਲ ਦਾ ਸੁੱਖ ਨਹੀਂ। ਕੁਝ ਕਰਨ ਲਈ ਲੀਕ ਤੋਂ ਜ਼ਰਾ ਹੱਟ ਕੇ ਕੰਮ ਕਰਨਾ ਹੁੰਦਾ ਹੈ ਅਤੇ ਪ੍ਰਵਾਸੀ ਪੰਜਾਬੀ ਇਸ ਨੂੰ ਹਮੇਸ਼ਾਂ ਚਿਤ ਚੇਤਿਆਂ ਵਿਚ ਰੱਖ ਕੇ ਅੱਗੇ ਵਧਣਾ ਕਦੇ ਨਹੀਂ ਹੱਟਦੇ ਚਾਹੇ ਓਹ ਕੋਈ ਪੁਰਸ਼ ਹੋਵੇ ਜਾਂ ਮਹਿਲਾ। ਅਜਿਹੀ ਇਕ ਕਹਾਣੀ ਸਾਂਝੀ ਕਰ ਰਿਹਾ ਨਿਊਜ਼ੀਲੈਂਡ ਨੂੰ ਆਪਣਾ ਘਰ ਬਣਾ ਚੁੱਕੀ ਪੰਜਾਬੀ ਕੁੜੀ ਪੂਜਾ ਕਟਾਰੀਆ ਦੀ। ਜ਼ਿਲ੍ਹਾ ਨਵਾਂਸ਼ਹਿਰ ਪਿੰਡ ਰਾਜੂ ਮਾਜਰਾ ਦੀ ਇਹ ਧੀਅ ਧਿਆਣੀ ਹੁਸ਼ਿਆਰਪੁਰ ਵਿਖੇ ਸ੍ਰੀ ਪਵਨਵੀਰ ਕਟਾਰੀਆ ਨਾਲ ਵਿਆਹੀ ਹੋਈ ਹੈ। ਇਸ ਨੇ ਨਿਊਜ਼ੀਲੈਂਡ ਰਹਿੰਦਿਆ ਪੜ੍ਹਾਈ ਅਤੇ ਘਰ ਗ੍ਰਹਿਸਥੀ ਹੀ ਨਹੀਂ ਚਲਾਈ ਸਗੋਂ ਇਕ ਕਦਮ ਅੱਗੇ ਹੁੰਦਿਆ ਅਤੇ ਜ਼ਰਾ ਹੱਟ ਕੇ ਕੁਝ ਕਰਨ ਦੀ ਤਮੰਨਾ ਨਾਲ ਉਹ ਕਰ ਵਿਖਾਇਆ ਜਿਹੜਾ ਸ਼ਾਇਦ ਨਿਊਜ਼ੀਲੈਂਡ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ। ਪੂਜਾ ਕਟਾਰੀਆ (30) ਸੰਨ 2010 ਦੇ ਵਿਚ ਇਥੇ ਉਚੇਰੀ ਪੜ੍ਹਾਈ ਲਈ ਆਈ, ਲੈਵਲ 6 ਬਿਜ਼ਨਸ ਦੀ ਪੜ੍ਹਾਈ ਕੀਤੀ, ਘਰ ਗ੍ਰਹਿਸਥੀ ਵਿਚ ਪੈ ਗਈ ਅਤੇ ਫਿਰ ਪੜ੍ਹਾਈ ਵੱਲ ਮੁੱਖ ਮੋੜਿਆ ਅਤੇ ਐਮ. ਆਈ. ਟੀ. ਓਟਾਰਾ ਤੋਂ ਇਕ ਸਾਲ ਦਾ 'ਅਰਲੀ ਚਾਇਲਡਹੁੱਡ ਐਜੂਕੇਸ਼ਨ' ਦਾ ਡਿਪਲੋਮਾ ਕੀਤਾ। ਪਾਪਾਟੋਏਟੋਏ ਵਿਖੇ ਇਕ ਕਿੰਡਰਗਾਰਟਨ ਵਿਖੇ ਪੜ੍ਹਾਉਣਾ ਸ਼ੁਰੂ ਕੀਤਾ ਤਾਂ ਵੇਖਿਆ ਕਿ ਇਥੇ ਦੇ ਮੂਲ ਬਾਸ਼ਿੰਦੇ ਮਾਓਰੀਆਂ ਦੇ ਬੱਚੇ ਜੋ ਕਿ ਘਰਾਂ ਵਿਚ ਮਾਓਰੀ ਬੋਲਦੇ ਹਨ, ਨੂੰ ਜਿਆਦਾ ਕੁਝ ਮਾਓਰੀ ਭਾਸ਼ਾ ਵਿਚ ਨਹੀਂ ਪੜ੍ਹਾਇਆ ਜਾ ਸਕਦਾ ਸੀ, ਕਿਉਂਕਿ ਟੀਚਰ ਟ੍ਰੇਨਿੰਗ (ਤੀਓ ਰੀਓ ਮਾਓਰੀ) ਦੌਰਾਨ ਕੁਝ ਹੀ ਸ਼ਬਦ ਸਿਖਾਏ ਜਾਂਦੇ ਹਨ।

ਪੂਜਾ ਕਟਾਰੀਆ ਨੇ ਇਸ ਤੋ ਅੱਗੇ ਸੋਚਿਆ ਕਿ ਕਿਉਂਨਾ ਜੇਕਰ ਇਸੇ ਸਿਖਿਆ ਖੇਤਰ ਵਿਚ ਰਹਿਣਾ ਹੈ ਤਾਂ ਮਾਓਰੀ ਭਾਸ਼ਾ ਦੇ ਸਿਲੇਬਸ ਵਿਚ ਬੈਚਲਰ ਕਰਕੇ ਸਕੂਲਾਂ ਦੇ ਵਿਚ ਬਾਕੀ ਭਾਸ਼ਾਵਾਂ ਦੇ ਨਾਲ-ਨਾਲ ਮਾਓਰੀ ਮੂਲ ਦੇ ਬੱਚਿਆਂ ਨੂੰ ਮਾਓਰੀ ਵੀ ਸਿਖਾਈ ਜਾਵੇ। ਇਸ ਦੇ ਲਈ ਉਸਨੇ ਖੁਦ ਹੀ 'ਤੇਅ ਵਾਨਾਂਗਾ ਓ ਰੋਕਾਵਾ ਓਟਾਕੀ' (ਨੇੜੇ ਵਲਿੰਗਟਨ) ਟ੍ਰੀਚਰ ਟ੍ਰੇਨਿੰਗ ਕਾਲਜ ਦੇ ਵਿਚ ਦਾਖਲਾ ਲੈ ਲਿਆ, ਭਾਵੇਂ ਉਸ ਵੇਲੇ ਇਸਨੂੰ ਗਿਣਤੀ ਦੇ ਮਾਓਰੀ ਸ਼ਬਦ ਹੀ ਪੜ੍ਹਨੇ ਅਤੇ ਬੋਲਣੇ ਆਉਂਦੇ ਸਨ।



ਤਿੰਨ ਸਾਲਾਂ ਦੇ ਇਸ ਕੋਰਸ ਦੌਰਾਨ ਪੂਜਾ ਨੇ ਔਖਿਆਂ-ਸੌਖਿਆਂ ਮਾਓਰੀ ਭਾਸ਼ਾ ਵਾਲੇ ਕਾਇਦੇ ਪੜ੍ਹ-ਪੜ੍ਹ ਐਨੀ ਸਮਝ ਬਣਾ ਲਈ ਕਿ ਉਹ ਹੁਣ ਬੈਚਲਰ ਦੀ ਡਿਗਰੀ ਪ੍ਰਾਪਤ ਕਰਕੇ ਦੂਜਿਆਂ ਨੂੰ ਸਮਝਾਉਣ ਦੇ ਸਮਰੱਥ ਹੋ ਗਈ ਹੈ। ਨਿਊਜ਼ੀਲੈਂਡ ਦੇ ਵਿਚ ਮਾਓਰੀ ਭਾਸ਼ਾ ਦੇ ਸਿਲੇਬਸ ਵਿਚ ਕਿਤਾਬਾਂ ਪੜ੍ਹ ਕੇ ਟੀਚਰ ਟ੍ਰੇਨਿੰਗ ਕਰਨ ਵਾਲੀ ਇਹ ਪਹਿਲੀ ਪੰਜਾਬੀ ਕੁੜੀ ਬਣ ਗਈ ਹੈ। 2019 ਤੋਂ ਲੈ ਕੇ 2022 ਤੱਕ ਇਸਨੇ ਆਨ ਲਾਈਨ ਅਤੇ ਵਲਿੰਗਟਨ ਵਿਖੇ ਜਾ ਕੇ ਪੜ੍ਹਾਈ ਪੂਰੀ ਕੀਤੀ। ਬੀਤੇ ਦਿਨੀਂ ਕਾਲਜ ਦੀ ਗ੍ਰੈਜੂਏਸ਼ਨ ਹੋਈ ਅਤੇ ਇਸ ਕੁੜੀ ਨੇ ਵਲਿੰਗਟਨ ਵਿਖੇ ਜਾ ਕੇ ਆਪਣੀ ਡਿਗਰੀ ਪ੍ਰਾਪਤ ਕੀਤੀ। 300 ਕੁੜੀਆਂ ਦੇ ਇਸ ਗ੍ਰੈਜੂਏਸ਼ਨ ਸਮਾਗਮ ਦੇ ਵਿਚ ਇਹ ਇਕੋ-ਇਕ ਭਾਰਤੀ ਕੁੜੀ ਸੀ, ਜਿਸ ਨੇ ਇਹ ਡਿਗਰੀ ਹਾਸਲ ਕੀਤੀ। ਇਸ ਡਿਗਰੀ ਤੋਂ ਬਾਅਦ ਇਸਦੀ ਰਜਿਟ੍ਰੇਸ਼ਨ ਪੂਰੀ ਹੋ ਚੁੱਕੀ ਹੈ ਅਤੇ ਹੁਣ ਇਹ ਕਿਸੇ ਪ੍ਰਾਇਮਰੀ ਸਕੂਲ ਦੇ ਵਿਚ ਮਾਓਰੀ ਭਾਸ਼ਾ ਤੱਕ ਪੜ੍ਹਾ ਸਕਦੀ ਹੈ। ਮਾਓਰੀ ਭਾਸ਼ਾ ਦੇ ਵਿਚ ਅਰਲੀ ਚਾਇਲਡਹੁੱਡ ਸੈਂਟਰ ਨੂੰ 'ਕੋਹਾਂਗਾ ਰਿਓ' ਕਿਹਾ ਜਾਂਦਾ ਹੈ ਅਤੇ ਅਜਿਹੇ ਸਕੂਲ ਅਲੱਗ ਤੋਂ ਵੀ ਹਨ। ਮਾਓਰੀ ਭਾਸ਼ਾ ਦੇਸ਼ ਦੀ ਦਫਤਰੀ ਭਾਸ਼ਾ ਵੀ ਹੈ। ਖਾਸ ਗੱਲ ਹੈ ਕਿ ਪੂਜਾ ਨੂੰ ਇਕ ਸਾਲ ਬਾਅਦ ਪੜ੍ਹਾਈ ਲਈ ਸਕਾਲਰਸ਼ਿੱਪ ਲਈ ਚੁਣਿਆ ਗਿਆ ਅਤੇ ਫਿਰ ਡਿਗਰੀ ਮਿਲਣ ਉਤੇ ਉਦਾਹਰਣ ਵਜੋਂ ਮਿਸਾਲੀ ਵਿਦਿਆਰਥੀ ਉਤੇ ਵੀ ਚੁਣਿਆ ਗਿਆ ਤਾਂ ਕਿ ਬਾਕੀ ਬੱਚਿਆਂ ਨੂੰ ਵੀ ਪ੍ਰੇਰਨਾ ਮਿਲ ਸਕੇ ਕਿ ਜੇਕਰ ਕਿਸੇ ਦੂਜੇ ਦੇਸ਼ ਦਾ ਵਸਨੀਕ ਮਾਓਰੀ ਭਾਸ਼ਾ ਵਿਚ ਡਿਗਰੀ ਕਰ ਸਕਦਾ ਹੈ ਤਾਂ ਉਹ ਕਿਉਂ ਨਹੀਂ। ਅੰਤ ਕਹਿ ਸਕਦੇ ਹਾਂ ਕਿ ਪੂਰੀ ਪੰਜਾਬ ਕਮਿਊਨਿਟੀ ਨੂੰ ਇਸ ਕੁੜੀ ਉਤੇ ਮਾਣ ਰਹੇਗਾ।

**ਧੰਨਵਾਦ**

ਪੂਜਾ ਕਟਾਰੀਆ ਨੇ ਇਸ ਆਪਣੀ ਪ੍ਰਾਪਤੀ ਉਤੇ ਪਹਿਲਾ ਧੰਨਵਾਦ ਮੈਨੁਰੇਵਾ ਮਾਰਾਏ ਦੇ ਮੁਖੀ ਸ੍ਰੀ ਰੰਗੀ ਮੈਕਲੀਨ ਦਾ ਕੀਤਾ ਹੈ, ਜਿਨ੍ਹਾਂ ਦੀ ਰਹਿਨੁਮਾਈ ਅਤੇ ਸਲਾਹ ਦੇ ਨਾਲ ਉਹ ਕਾਲਜ ਤੱਕ ਪਹੁੰਚੀ। ਇਸ ਤੋਂ ਇਲਾਵਾ ਕਾਲਜ ਦੇ ਟੀਚਰਾਂ ਦਾ ਉਹ ਸਮੂਹਿਕ ਧੰਨਵਾਦ ਕਰਨਾ ਚਾਹੁੰਦੀ ਹੈ, ਜਿਹੜੇ ਕਿ ਏਅਰਪੋਰਟ ਤੋਂ ਵੀ ਉਨ੍ਹਾਂ ਲੈ ਜਾਂਦੇ ਹੁੰਦੇ ਸਨ। ਪਰਿਵਾਰ ਦੇ ਵਿਚੋਂ ਉਨ੍ਹਾਂ ਆਪਣੇ ਪਤੀ ਸ੍ਰੀ ਪਵਨ ਕਟਾਰੀਆ ਅਤੇ ਆਪਣੇ ਤਿੰਨ ਬੱਚਿਆਂ ਦਾ, ਜਿਨ੍ਹਾਂ ਨੇ ਔਖੇ-ਸੌਖੇ ਰਹਿ ਕੇ ਮੈਨੂੰ ਪੜ੍ਹਾਈ ਦਾ ਸਮਾਂ ਦਿੱਤਾ ਅਤੇ ਇਹ ਡਿਗਰੀ ਕਰ ਸਕੀ, ਦਾ ਧੰਨਵਾਦ ਕਰਨਾ ਚਾਹੁੰਦੀ ਹੈ। ਪੂਜਾ ਦਾ ਸਹੁਰਾ ਪਰਿਵਾਰ ਅਤੇ ਪੇਕਾ ਪਰਿਵਾਰ ਉਸਦੀ ਇਸ ਪ੍ਰਾਪਤੀ ਉਤੇ ਬਹੁਤ ਖੁਸ਼ ਹੈ।

## ਜਨਮ ਦਿਨ ਮੁਬਾਰਕ



ਏਕਮਪ੍ਰੀਤ ਸਿੰਘ ਬਲਹੋਤਰਾ
ਜਨਮ ਮਿੱਤੀ: 21 ਦਸੰਬਰ 2022
ਪਿਤਾ ਦਾ ਨਾਮ: ਸਾਹਿਲਪ੍ਰੀਤ ਸਿੰਘ
ਮਾਤਾ ਦਾ ਨਾਮ: ਅੰਜਲੀਨਾ ਕੌਰ
35 ਗ੍ਰੀਨ ਵੈਲੀ, ਕਿਚਨਰ (ਓਨਟਾਰੀਓ)

# ਆਰ.ਐਮ.ਪੀ.ਆਈ.ਵਲੋਂ ਜ਼ੀਰਾ ਸ਼ਰਾਬ ਫੈਕਟਰੀ ਦਾ ਵਿਰੋਧ ਕਰਦੇ ਧਰਨਾਕਾਰੀਆਂ 'ਤੇ ਕੀਤੇ ਪੁਲਿਸ ਤਸ਼ੱਦਦ ਦੀ ਕੀਤੀ ਨਿਖੇਧੀ

## ਅਣਮਨੁੱਖੀ ਕਾਰੇ ਨੇ ਸੂਬਾ ਸਰਕਾਰ ਦਾ ਲੋਕ ਮਾਰੂ ਕਿਰਦਾਰ ਪੂਰੀ ਤਰ੍ਹਾਂ ਨਾਲ ਬੇਪਰਦ ਕਰ ਦਿੱਤਾ ਹੈ - ਆਗੂ

**ਫਗਵਾੜਾ 20 ਦਸੰਬਰ ( ਬੀ.ਕੇ.ਰੱਤੂ)-** ਫਿਰੋਜ਼ਪੁਰ ਜਿਲ੍ਹੇ ਦੀ ਇਕ ਸ਼ਰਾਬ ਫੈਕਟਰੀ ਦੇ ਮਾਲਕਾਂ ਵੱਲੋਂ ਪਾਣੀ ਪ੍ਰਦੂਸ਼ਿਤ ਕੀਤੇ ਜਾਣ ਖਿਲਾਫ਼ ਪੁਰਅਮਨ ਧਰਨਾ ਦੇ ਰਹੇ ਲੋਕਾਂ ਨੂੰ ਪੰਜਾਬ ਪੁਲਸ ਵੱਲੋਂ ਤਸ਼ੱਦਦ ਰਾਹੀਂ ਜਬਰਨ ਉਠਾਏ ਜਾਣ ਦੀ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਨੇ ਜੋਰਦਾਰ ਨਿਖੇਧੀ ਕੀਤੀ ਹੈ। ਇੱਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਪਾਰਟੀ ਦੇ ਕੌਮੀ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ, ਕੇਂਦਰੀ ਸਟੈਂਡਿੰਗ ਕਮੇਟੀ ਮੈਂਬਰ ਹਰਕੰਵਲ ਸਿੰਘ ਅਤੇ ਪੰਜਾਬ ਰਾਜ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਸਾਥੀ ਰਤਨ ਸਿੰਘ ਰੰਧਾਵਾ ਤੇ ਪਰਗਟ ਸਿੰਘ ਜਾਮਾਰਾਏ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਉਕਤ ਜਾਬਰ ਪਹੁੰਚ ਤਿਆਗ ਕੇ ਮੁਨਾਫੇ ਦੇ ਭੁੱਖੇ ਫੈਕਟਰੀ ਮਾਲਕਾਂ ਦੀ ਕੁਦਰਤ ਮਾਰੂ ਕਾਰਵਾਈ ਨੂੰ ਫੌਰੀ ਨਕੇਲ ਪਾਵੇ। ਪਾਰਟੀ ਆਗੂਆਂ ਨੇ ਕਿਹਾ ਹੈ ਕਿ ਪੀਣ ਵਾਲੇ ਪਾਣੀ 'ਚ ਜ਼ਹਿਰੀਲਾ ਮਾਦਾ ਅਤੇ ਸਨਅਤੀ ਰਹਿੰਦ-ਖੂਹੰਦ ਰਲਾ ਕੇ ਸੂਬਾ ਵਾਸੀਆਂ ਨੂੰ ਲਾਇਲਾਜ ਰੋਗਾਂ ਦਾ ਸ਼ਿਕਾਰ ਬਣਾ ਰਹੇ ਸ਼ਰਾਬ ਕਾਰੋਬਾਰੀਆਂ ਖਿਲਾਫ਼ ਸਖ਼ਤੀ ਵਰਤਣ ਦੀ ਬਜਾਇ ਸ਼ਾਂਤ ਮਈ ਸੰਘਰਸ਼ਸ਼ੀਲ ਲੋਕਾਂ 'ਤੇ ਅਕਹਿ ਜਬਰ ਢਾਹੇ ਜਾਣ ਦੇ ਅਣਮਨੁੱਖੀ ਕਾਰੇ ਨੇ ਸੂਬਾ ਸਰਕਾਰ ਦਾ ਲੋਕ ਮਾਰੂ ਕਿਰਦਾਰ ਪੂਰੀ ਤਰ੍ਹਾਂ ਨਾਲ ਬੇਪਰਦ ਕਰ ਦਿੱਤਾ ਹੈ। ਪਾਸਲਾ, ਰੰਧਾਵਾ ਅਤੇ ਜਾਮਾਰਾਏ ਨੇ ਐਲਾਨ ਕੀਤਾ ਹੈ ਕਿ ਪਾਰਟੀ ਡੱਟ ਕੇ ਸੰਘਰਸ਼ਸ਼ੀਲ ਲੋਕਾਂ ਦੇ ਨਾਲ ਖਲੋਂਦੀ ਹੋਈ ਉਕਤ ਨਿਆਂ ਸੰਗਤ ਸੰਘਰਸ਼ ਦੀ ਡੱਟਵੀਂ ਹਿਮਾਇਤ ਕਰੇਗੀ।



# ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪਾਕਿਸਤਾਨ ਦੇ ਬਿਲਾਵਲ ਭੁੱਟੋ ਦੀ ਟਿੱਪਣੀ ਅਤਿ ਨਿੰਦਣਯੋਗ: ਅਸ਼ਵਨੀ ਸ਼ਰਮਾ

**ਚੰਡੀਗੜ੍ਹ–** ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਅੱਜ ਪਾਕਿਸਤਾਨ ਦੇ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਵੱਲੋਂ ਸੰਯੁਕਤ ਰਾਸ਼ਟਰ ਦੀ ਪ੍ਰੈਸ ਕਾਨਫਰੈਂਸ ਦੌਰਾਨ ਵਿਸ਼ਵ-ਪ੍ਰਸਿਧ ਭਾਰਤ ਦੇ ਹਰਮਨ-ਪਿਆਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਕੀਤੇ ਗਏ ਅਪਮਾਨਜਨਕ ਨਿੱਜੀ ਹਮਲਾ 'ਤੇ ਪਾਕਿਸਤਾਨ ਸਰਕਾਰ ਅਤੇ ਉਹਨਾਂ ਦੇ ਵਿਦੇਸ਼ ਮੰਤਰੀ 'ਤੇ ਵਰਦੀਆਂ ਭੁੱਟੋ ਦੇ ਬਿਆਨ ਦੀ ਕਰੜੇ ਸ਼ਬਦਾਂ 'ਚ ਨਿਖੇਧੀ ਕਰਦੇ ਹੋਏ ਕਿਹਾ ਕਿ ਇਹ ਪਾਕਿਸਤਾਨ ਦਾ ਨੀਵੇਂ ਪੱਧਰ ਦਾ ਨੀਚਪਨਾ ਅਤੇ ਡਿੱਗੀ ਹੋਈ ਸੋਚ ਹੈ। ਸ਼ਰਮਾ ਨੇ ਕਿਹਾ ਕਿ ਅੱਜ ਪੂਰਾ ਵਿਸ਼ਵ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ, ਯੋਜਨਾਵਾਂ ਅਤੇ ਸਬਕਾ ਸਾਥ, ਸਬਕਾ ਵਿਕਾਸ ਅਤੇ ਸਬਕਾ ਵਿਸ਼ਵਾਸ ਦੇ ਮੂਲਮੰਤਰ ਦੀ ਸ਼ਲਾਘਾ ਕਰ ਰਿਹਾ ਹੈ ਅਤੇ ਦੁਨੀਆ ਦੇ ਪ੍ਰਮੁੱਖ ਦੇਸ਼ ਖੁਦ ਭਾਰਤ ਨਾਲ ਦੋਸਤੀ ਕਰਨ ਲਈ ਅੱਗੇ ਆ ਰਹੇ ਹਨ। ਅੱਜ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਵਾਲਾ ਦੇਸ਼ ਬਣ ਗਿਆ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਬਿਲਾਵਲ ਭੁੱਟੋ ਆਪਣੇ ਵਿਦੇਸ਼ ਮੰਤਰੀ ਦੇ ਅਹੁਦੇ ਦੀ ਮਰਿਆਦਾ ਭੁੱਲ ਗਏ ਹਨ, ਜਿਸ ਦੀ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਘੋਰ ਨਿਖੇਧੀ ਕਰਦੀ ਹੈ। ਉਹਨਾਂ ਕਿਹਾ ਕਿ ਕਿ ਭਾਰਤ ਦੇ ਪ੍ਰਧਾਨ



ਮੰਤਰੀ ਨਰਿੰਦਰ ਮੋਦੀ ਦੇ ਖਿਲਾਫ ਅਜਿਹੀਆਂ ਟਿੱਪਣੀਆਂ ਸਹਿਣ ਨਹੀਂ ਕਰੇਗਾ। ਉਹਨਾਂ ਕਿਹਾ ਕਿ ਪਾਕਿਸਤਾਨ ਦੇ ਵਿਦੇਸ਼ ਮੰਤਰੀ ਭੁੱਟੋ ਨੇ ਆਪਣੇ ਨਾਨੇ ਦੀ ਮੌਤ ਤੋਂ ਵੀ ਕੋਈ ਸਬਕ ਨਹੀਂ ਸਿੱਖਿਆ ਉਹ 1971 ਦੀ ਹਾਰ ਦੇ ਉਹਨਾਂ ਦਿਨਾਂ ਨੂੰ ਭੁੱਲ ਗਏ ਹਨ, ਉਹਨਾਂ ਕਿਹਾ ਕਿ ਪਾਕਿਸਤਾਨ ਦੇ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਦੇ ਇਸ ਬਿਆਨ ਕਾਰਨ ਭਾਰਤ ਵਾਸੀ ਬਹੁਤ ਗੁੱਸੇ ਵਿਚ ਹਨ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪਾਕਿਸਤਾਨ ਇੱਕ ਅਜਿਹਾ ਦੇਸ਼ ਹੈ ਜੋ ਓਸਾਮਾ ਬਿਨ ਲਾਦੇਨ ਨੂੰ ਸ਼ਹੀਦ ਦੱਸਦਾ ਹੈ ਅਤੇ ਲੱਖਵੀ, ਹਾਫਿਜ ਸਾਈਦ, ਮਸੂਦ ਅਜਹਰ, ਸਾਜਿਦ ਮੀਰ ਅਤੇ ਦਾਊਦ ਇਬਰਾਹਿਮ ਵਰਗੇ ਅੱਤਵਾਦੀਆ ਨੂੰ ਪਨਾਹ ਦਿੰਦਾ ਹੈ।

ਉਹਨਾਂ ਕਿਹਾ ਕਿ ਸੰਯੁਕਤ ਰਾਸ਼ਟਰ ਵਿੱਚ ਬਿਲਾਵਲ ਭੁੱਟੋ ਵਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੀਤੀ ਗਈ ਟਿੱਪਣੀ ਤੇ ਪਾਕਿਸਤਾਨ ਤੁਰੰਤ ਮੁਆਫੀ ਮੰਗੇ। ਉਹਨਾਂ ਕਿਹਾ ਕਿ ਕਿ ਪਾਕਿਸਤਾਨ ਦੇ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਦੇ ਇਸ ਬਿਆਨ ਨਾਲ ਪਾਕਿਸਤਾਨ ਸਰਕਾਰ ਦਾ ਅਸਲੀ ਚਿਹਰਾ ਦੁਨਿਆ ਦੇ ਲੋਕਾਂ ਸਾਹਮਣੇ ਨੰਗਾ ਹੋ ਗਿਆ ਹੈ। ਇਸ ਨਾਲ ਇੰਟਰਨੈਸ਼ਨਲ ਮੰਚ ਤੇ ਪਾਕਿਸਤਾਨ ਦੀ ਭਰਭੂਰ ਬਦਨਾਮੀ ਹੋਵੇਗੀ।



ਕੇਂਦਰ ਸਰਕਾਰ ਨੇ ਸਾਲ 2022-23 ਤੋਂ ਮੌਲਾਨਾ ਆਜ਼ਾਦ ਰਾਸ਼ਟਰੀ ਸਕਾਲਰਸ਼ਿਪ ਸਕੀਮ and pre matirc scholarsihp scheme ਨੂੰ ਬੰਦ ਕਰਨ ਦਾ ਫੈਸਲਾ ਘੱਟ ਗਿਣਤੀ ਭਾਈਚਾਰਿਆਂ ਦੇ ਵਿਦਿਆਰਥੀਆਂ ਲਈ ਵਜ਼ੀਫ਼ਾ ਯੋਜਨਾ ਸੱਚਰ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਦੇ ਹਿੱਸੇ ਵਜੋਂ ਸ਼ੁਰੂ ਕੀਤੀ ਗਈ ਹੈ। ਇਸ ਸਕੀਮ ਨੂੰ ਬੰਦ ਕਰਨ ਨਾਲ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਨਾਲ ਵੱਡੀ ਬੇਇਨਸਾਫ਼ੀ ਹੋਵੇਗੀ ਅਤੇ ਉਹ ਪੜ੍ਹਾਈ ਕਰਨ ਦੇ ਮੌਕੇ ਗੁਆ ਦੇਣਗੇ ਅਤੇ ਅਜਿਹੇ ਕਦਮ ਨਾਲ ਮੁਸਲਮਾਨ, ਸਿੱਖ ਅਤੇ ਈਸਾਈ ਵਿਦਿਆਰਥੀਆਂ 'ਤੇ ਮਾੜਾ ਅਸਰ ਪਵੇਗਾ। ਘੱਟ ਗਿਣਤੀ ਭਾਈਚਾਰੇ ਦੇ ਵਿਦਿਆਰਥੀ ਜੋ ਸਮਾਜਿਕ ਅਤੇ ਆਰਥਿਕ ਤੌਰ 'ਤੇ ਪਛੜੇ ਹੋਏ ਹਨ ਅਤੇ ਇਨ੍ਹਾਂ ਭਾਈਚਾਰਿਆਂ ਨੂੰ ਉੱਪਰ ਚੁੱਕਣ ਦੀ ਲੋੜ ਹੈ। ਕੇਂਦਰ ਸਰਕਾਰ ਵੱਲੋਂ ਇਨ੍ਹਾਂ ਸਹੂਲਤਾਂ ਨੂੰ ਬੰਦ ਕਰਨਾ ਜਾਂ ਇਸ ਤੋਂ ਵਾਂਝਾ ਕਰਨਾ ਘੱਟ ਗਿਣਤੀ ਵਰਗਾਂ ਨੂੰ ਸਿੱਖਿਆ ਦੇ ਅਧਿਕਾਰ ਦੀ ਉਲੰਘਣਾ ਹੈ ਅਤੇ ਇਹ ਬਾਬਾ ਸਾਹਿਬ ਅੰਬੇਡਕਰ ਜੀ ਦੇ ਸੁਪਨੇ ਦੇ ਵੀ ਉਲਟ ਜਾਵੇਗਾ। ਸਿੱਖਿਆ ਦਾ ਅਧਿਕਾਰ ਐਕਟ, 2009 ਕੇਂਦਰ ਸਰਕਾਰ ਲਈ ਹਰ ਕਿਸੇ ਨੂੰ ਲਾਜ਼ਮੀ ਅਤੇ ਮੁਫ਼ਤ ਮੁਢਲੀ ਸਿੱਖਿਆ ਪ੍ਰਦਾਨ ਕਰਨਾ ਲਾਜ਼ਮੀ ਬਣਾਉਂਦਾ ਹੈ। ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਮਾਨਯੋਗ ਸ਼੍ਰੀਮਤੀ ਦ੍ਰੋਪਦੀ ਮੁਰਮੂ ਭਾਰਤ ਦੇ ਰਾਸ਼ਟਰਪਤੀ ਜੀ ਨੂੰ ਅਪੀਲ ਕਰਦਾ ਹੈ ਕੇਂਦਰ ਸਰਕਾਰ ਨੂੰ ਨਿਰਦੇਸ਼ ਜਾਰੀ ਕਰਨ । ਨੇ ਘੱਟ ਗਿਣਤੀ ਭਾਈਚਾਰਿਆਂ ਲਈ ਇਨ੍ਹਾਂ ਯੋਜਨਾਵਾਂ ਨੂੰ ਜਾਰੀ ਰੱਖਣ . ਕਮਿਸ਼ਨ ਮਾਨਯੋਗ ਸ਼੍ਰੀ ਬਨਵਾਰੀ ਲਾਲ ਪੁਰੋਹਿਤ, ਪੰਜਾਬ ਦੇ ਰਾਜਪਾਲ, ਮਾਨਯੋਗ ਸ਼.ਭਗਵੰਤ ਸਿੰਘ ਮਾਨ, ਪੰਜਾਬ ਦੇ ਮੁੱਖ ਮੰਤਰੀ ਅਤੇ ਮਾਨਯੋਗ ਡਾ. ਬਲਜੀਤ ਕੌਰ ਜੀ, ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ ਬਾਰੇ ਮੰਤਰੀ, ਪੰਜਾਬ, ਇਸ ਮਾਮਲੇ ਨੂੰ ਕੇਂਦਰ ਕੋਲ ਉਠਾਉਣ ਲਈ ਵੀ ਬੇਨਤੀ ਕਰੇਗਾ ਕਿ ਉਹ ਘੱਟ ਗਿਣਤੀਆਂ ਦੀ ਭਲਾਈ ਲਈ ਇਹ ਸਕੀਮ ਜਾਰੀ ਰੱਖਣ।

**Prof. Emanual Nahar**
**Chairman Punjab State**
**Commission for Minorities**

# ਪਰਵਾਸੀ ਪੰਜਾਬੀ ਸ਼ਾਇਰ ਰਵਿੰਦਰ ਸਹਿਰਾ ਦੀ ਦੇਸ਼ ਭਗਤ ਹਾਲ ਦੀ ਫੇਰੀ

**ਜਲੰਧਰ–** ਪਰਵਾਸੀ ਪੰਜਾਬੀ ਸ਼ਾਇਰ ਰਵਿੰਦਰ ਸਹਿਰਾ ਜਿਨ੍ਹਾਂ ਦਾ ਜੁਝਾਰ ਵਿਦਰੋਹੀ ਕਾਵਿ ਧਾਰਾ ਵਿੱਚ ਵੱਡਾ ਨਾਮ ਹੈ, ਦਾ ਜਲੰਧਰ ਵਿਖੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਪਧਾਰਨ 'ਤੇ ਕਮੇਟੀ ਵੱਲੋਂ ਸਵਾਗਤ ਕੀਤਾ ਗਿਆ। ਅੱਜਕਲ੍ਹ ਅਮਰੀਕਾ ਵੱਸਦੇ ਸ਼ਾਇਰ ਸਹਿਰਾ ਇਨ੍ਹੀ ਦਿਨੀਂ ਆਪਣੇ ਵਤਨ ਪਰਤੇ ਹਨ। ਆਪਣੇ ਜ਼ਰੂਰੀ ਵਕਤ ਵਿੱਚੋਂ ਉਨ੍ਹਾਂ ਨੇ ਦੇਸ਼ ਭਗਤਾਂ ਦੀ ਯਾਦਗਾਰ ਆ ਕੇ ਕਮੇਟੀ ਮੈਂਬਰਾਨ ਨਾਲ ਕੁਝ ਵਕਤ ਗੁਜ਼ਾਰਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਵਿੱਤ ਸਕੱਤਰ ਇੰਜ. ਸੀਤਲ ਸਿੰਘ ਸੰਘਾ, ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਅਮੋਲਕ ਸਿੰਘ ਤੇ ਮੈਂਬਰ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਰਵਿੰਦਰ ਸਹਿਰਾ ਤੇ ਸ਼੍ਰੀਮਤੀ ਸਹਿਰਾ ਦਾ ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਪ੍ਰਕਾਸ਼ਨਾਵਾਂ ਦੇ ਕੇ ਸਨਮਾਨ ਕੀਤਾ। ਇੱਕ ਸੰਖੇਪ ਪਰ ਮਹੱਤਵਪੂਰਨ ਸਮਾਗਮ ਵਿੱਚ ਸਹਿਰਾ ਨੇ ਆਪਣੇ ਸਾਹਿਤਕ ਸਫ਼ਰ ਨਾਲ ਸਬੰਧਤ ਗੱਲਬਾਤ ਕੀਤੀ ਅਤੇ ਕੁਝ ਕਾਵਿ ਰਚਨਾਵਾਂ ਵੀ ਸੁਣਾਈਆਂ। ਇਸ ਮੌਕੇ 'ਤੇ ਵਿਦਵਾਨ ਸ਼ਾਇਰ ਪ੍ਰੋ. ਕੁਲਵੰਤ ਸਿੰਘ ਔਜਲਾ ਅਤੇ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਗੁਰਭਜਨ ਲਾਸਾਨੀ ਨੇ ਵੀ ਗੱਲਬਾਤ ਵਿੱਚ ਹਿੱਸਾ ਲਿਆ। ਰਵਿੰਦਰ ਸਹਿਰਾ ਤੇ ਉਹਨਾਂ ਦੀ ਸੁਪਤਨੀ ਨੇ ਅਗਲੀ ਵੇਰ ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਸ਼ਿਰਕਤ ਕਰਨ ਦਾ ਵੀ ਭਰੋਸਾ ਦਿਵਾਇਆ।



# ਬਲਾਕ ਪੱਧਰੀ ਕੰਪਿਊਟਰ ਕੁਇਜ ਮੁਕਾਬਲੇ ਵਿੱਚ ਸ਼ਹੀਦ ਮੱਖਣ ਸਕੂਲ ਦੀ ਵਿਦਿਆਰਥਣ ਭਾਵਨਾ ਨੇ ਮਾਰੀ ਬਾਜੀ



**ਪਠਾਨਕੋਟ, 16 ਦਸੰਬਰ (ਰਾਜਿੰਦਰ ਸਿੰਘ ਰਾਜਨ)**–ਪੰਜਾਬ ਸਕੂਲ ਸਿੱਖਿਆ ਵਿਭਾਗ ਅਤੇ ਜਿਲ੍ਹਾ ਸਿੱਖਿਆ ਅਧਿਕਾਰੀ ਰਾਜੇਸ਼ ਕੁਮਾਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਬਲਾਕ ਪਠਾਨਕੋਟ-3 ਦੇ ਬਲਾਕ ਪੱਧਰੀ ਆਨਲਾਈਨ ਕੰਪਿਊਟਰ ਕੁਇਜ ਅਤੇ ਟਾਈਪ ਮੁਕਾਬਲੇ ਸ਼ਹੀਦ ਮੱਖਣ ਸਰਕਾਰੀ ਕੰਨਿਆ ਸੀ. ਸੈ. ਸਕੂਲ, ਪਠਾਨਕੋਟ ਵਿਖੇ ਕਰਵਾਏ ਗਏ । ਇਹ ਮੁਕਾਬਲੇ ਪ੍ਰਿੰਸੀਪਲ ਮੀਨਮ ਸ਼ਿਖਾ, ਬੀ.ਐਨ.ਓ. ਰਾਹੁਲ ਗੁਪਤਾ ਅਤੇ ਬੀ.ਐਮ. ਕੰਪਿਊਟਰ ਸਾਇੰਸ ਬ੍ਰਿਜ ਰਾਜ ਦੀ ਦੇਖਰੇਖ ਵਿੱਚ ਕਰਵਾਏ ਗਏ । ਇਸ ਮੁਕਾਬਲੇ ਵਿੱਚ ਬਲਾਕ ਪਠਾਨਕੋਟ-3 ਦੇ ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਥੀਆਂ ਨੇ ਭਾਗ ਲਿਆ। ਨੌਵੀਂ ਜਮਾਤ ਦੇ ਮੁਕਾਬਲੇ ਵਿੱਚ ਭਾਵਨਾ ਸ਼ਹੀਦ ਮੱਖਣ ਸਿੰਘ ਸਰਕਾਰੀ ਕੰ. ਸੀ. ਸੈ. ਸਕੂਲ, ਪਠਾਨਕੋਟ ਨੇ ਪਹਿਲਾ ਸਥਾਨ, ਆਦਿਤਯ ਸਰਕਾਰੀ ਸੀ. ਸੈ. ਸਕੂਲ, ਜੰਡਵਾਲ ਨੇ ਦੂਜਾ ਸਥਾਨ ਅਤੇ ਭੂਮਿਕਾ ਭਗਤ ਸ਼ਹੀਦ ਮੱਖਣ ਸਿੰਘ ਸਰਕਾਰੀ ਕੰ. ਸੀ. ਸੈ. ਸਕੂਲ, ਪਠਾਨਕੋਟ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਦਸਵੀਂ ਜਮਾਤ ਦੇ ਮੁਕਾਬਲਿਆਂ ਵਿੱਚ ਅਭਿਸ਼ੇਕ ਸਰਕਾਰੀ ਹਾਈ ਡੇਹਰੀਵਾਲ ਨੇ ਪਹਿਲਾ ਸਥਾਨ ਅਤੇ ਅੰਕੁਸ਼ ਅਵਸਥੀ ਸਰਕਾਰੀ ਸੀ. ਸੈ. ਸਕੂਲ, ਘਿਆਲਾ ਨੇ ਦੂਜਾ ਸਥਾਨ ਅਤੇ ਵੇਦਿਕਾ ਅਤੇ ਨਸ਼ਚਿੰਤ ਸ਼ਹੀਦ ਮੱਖਣ ਸਿੰਘ ਸਰਕਾਰੀ ਕੰ. ਸੀ. ਸੈ. ਸਕੂਲ, ਪਠਾਨਕੋਟ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਮੀਨਮ ਸ਼ਿਖਾ ਨੇ ਦਸਿਆ ਕਿ ਅੱਜ ਦੇ ਯੁਗ ਵਿਚ ਕੰਪਿਊਟਰ ਦਾ ਬਹੁਤ ਮਹਤਵ ਹੈ ਅਤੇ ਅੱਜਕਲ ਹਰ ਨੌਕਰੀ ਵਿਚ ਕੰਪਿਊਟਰ ਦੇ ਗਿਆਨ ਨੂੰ ਲਾਜਮੀ ਕਰ ਦਿਤਾ ਗਿਆ ਹੈ । ਇਸ ਤਰ੍ਹਾਂ ਦੇ ਕੰਪੀਟਿਸ਼ਨਾਂ ਨਾਲ ਵਿਦਿਆਰਥੀਆਂ ਵਿਚ ਕੰਪਿਊਟਰ ਵਿਸ਼ੇ ਰੁਚੀ ਵਧੇਗੀ ਜੋ ਉਹਨਾਂ ਲਈ ਭਵਿਖ ਵਿਚ ਫਾਇਦੇਮੰਦ ਰਹੇਗੀ। ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਮੀਨਮ ਸ਼ਿਖਾ ਵਲੋਂ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੋਕੇ ਬ੍ਰਿਜ ਰਾਜ, ਸੁਮੀਤ, ਮੋਹਿਤ, ਰਿਤੇਸ਼, ਮਧੂਪਾਲ, ਰਾਜੇਸ਼ਵਰ, ਵਿਸ਼ਾਲ, ਪ੍ਰਿਤਪਾਲ, ਸੰਜੀਵ, ਰੇਣੂ ਬਾਲਾ, ਨੀਰੂ ਬਾਲਾ, ਪੂਨਮ, ਇੰਦੂ, ਸੋਨਿਕਾ, ਅਰਪਨ, ਗਗਨ ਆਦਿ ਅਧਿਆਪਕ ਹਾਜਰ ਸਨ।

# ਰਾਖਵਾਂਕਰਨ ਵਿਰੁੱਧ ਪਟੀਸ਼ਨ 'ਤੇ ਸੁਣਵਾਈ ਤੋਂ ਸੁਪਰੀਮ ਕੋਰਟ ਦੀ ਨਾਂਹ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਦੇਸ਼ 'ਚ ਰਾਖਵਾਂਕਰਨ ਪ੍ਰਣਾਲੀ ਨੂੰ ਖਤਮ ਕਰਨ ਦੀ ਮੰਗ ਕਰਨ ਵਾਲੀ ਇਕ ਜਨਹਿਤ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਨਾਂਹ ਕਰ ਦਿੱਤੀ।



ਅਦਾਲਤ ਨੇ ਪਟੀਸ਼ਨ ਨੂੰ ਕਾਨੂੰਨੀ ਪ੍ਰਕਿਰਿਆ ਦਾ ਗਲਤ ਇਸਤੇਮਾਲ ਕਰਾਰ ਦਿੱਤਾ। ਚੀਫ ਜਸਟਿਸ ਡੀ. ਵਾਈ. ਚੰਦਰਚੂੜ ਅਤੇ ਜਸਟਿਸ ਪੀ. ਐਸ. ਨਰਸਿਮਹਾ ਦੀ ਬੈਂਚ ਨੇ ਕਿਹਾ, ਰਾਖਵਾਂਕਰਨ ਦੀ ਵਿਵਸਥਾ ਨੂੰ ਹਟਾਓ? ਇਹ ਕੀ ਹੈ? ਕਿਉਂ? ਕਿਉਂਕਿ ਤੁਸੀਂ ਕਹਿ ਰਹੇ ਹੋ ਕਿ ਇਹ ਸਮਾਨਤਾ ਦੇ ਵਿਰੁੱਧ ਹੈ ਅਤੇ ਇਹ ਜਾਤੀ ਵਿਵਸਥਾ ਵੱਲ ਲਿਜਾ ਰਿਹਾ ਹੈ। ਅਸੀਂ ਤੁਹਾਡੇ 'ਤੇ ਜ਼ੁਰਮਾਨਾਂ ਲਗਾਉਣ ਜਾ ਰਹੇ ਹਾਂ?'

ਅਦਾਲਤ ਦੀਆਂ ਟਿੱਪਣੀਆਂ ਤੋਂ ਬਾਅਦ ਜਨਹਿਤ ਪਟੀਸ਼ਨਕਰਤਾ ਐਲ. ਐਲ. ਐਮ. ਦੀ ਵਿਦਿਆਰਥਣ ਸ਼ਿਵਾਨੀ ਪੰਵਾਰ ਦੇ ਵਕੀਲ ਨੇ ਅਦਾਲਤ ਤੋਂ ਆਪਣੀ ਪਟੀਸ਼ਨ ਵਾਪਸ ਲੈਣ ਦੀ ਅਪੀਲ ਕੀਤੀ।

## 'ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ'

**ਸਤਿਕਾਰਤ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਜੀ**
**ਮੁੱਖ ਸੰਪਾਦਕ, ਦੇਸ਼ ਦੁਆਬਾ ਵੀਕਲੀ ਅਖ਼ਬਾਰ,**
**ਸਤਿ ਸ਼੍ਰੀ ਅਕਾਲ ਪ੍ਰਵਾਨ ਕਰਨਾ ਜੀ,**

"ਦੇਸ਼ ਦੁਆਬਾ" ਅਖ਼ਬਾਰ ਵਿੱਚ ਨਿਰੰਤਰ ਯੋਗ ਜਗ੍ਹਾ ਦੇਣ ਤੇ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਦਾਸ ਨੂੰ ਅਗਾਂਹ ਵੀ ਇਸੇ ਤਰਾਂ ਸੇਵਾ ਦਾ ਮੌਕਾ ਦਿੰਦੇ ਰਹੋਗੇ। ਸੋ, ਮੈ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਦੇਸ਼ ਦੁਆਬਾ ਅਖ਼ਬਾਰ ਦਿਨ ਦੁੱਗਣੀ-ਰਾਤ ਚੌਗਣੀ ਤਰੱਕੀ ਕਰੇ। ਸਮੂਹ ਮੇਹਨਤੀ ਸਟਾਫ ਨੂੰ ਵੀ ਮੇਰੀ ਸਤਿ ਸ਼੍ਰੀ ਅਕਾਲ ਜੀ। ਬਹੁਤ ਬਹੁਤ ਧੰਨਵਾਦ।

**ਸ਼ੁਭਚਿੰਤਕ, ਲੇਖ਼ਕ: ਰਾਜਿੰਦਰ ਸਿੰਘ ਰਾਜਨ, ਪਠਾਨਕੋਟ 91-9417427656**

# ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਵਿਖੇ ਢਾਡੀ ਕਸ਼ਮੀਰ ਸਿੰਘ ਕਾਦਰ ਵੱਲੋਂ ਪਹਿਲਾ ਦੀਵਾਨ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਵਿਦੇਸ਼ਾਂ ਦੇ ਵਿਚ ਪਹੁੰਚਣ ਵਾਲੇ ਸਾਡੇ ਪ੍ਰਚਾਰਕ ਧਰਮ ਤੇ ਵਿਰਸਾ ਸਮਝਾਉਣ ਦਾ ਕਾਰਜ ਕਰਦੇ ਹਨ। ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਵਿਖੇ ਪਹੁੰਚੇ ਪੰਜਾਬ ਦੇ ਪ੍ਰਸਿੱਧ ਢਾਡੀ ਭਾਈ ਕਸ਼ਮੀਰ ਸਿੰਘ ਕਾਦਰ ਦੇ ਜੱਥੇ ਨੇ ਇਸ ਐਤਵਾਰ ਪਹਿਲਾ ਹਫਤਾਵਾਰੀ ਦੀਵਾਨ ਸਜਾ ਕੇ ਸੇਵਾ-ਸੰਭਾਲ ਲਈ ਹੈ। ਪਹਿਲੇ ਦੀਵਾਨ ਦੇ ਵਿਚ ਉਨ੍ਹਾਂ ਗੁਰੂ ਸਾਹਿਬਾਂ ਦੀਆਂ ਜੀਵਨ ਗਾਥਾਵਾਂ ਨੂੰ ਢੱਡ-ਸਾਰੰਗੀ ਦੇ ਰਾਹੀਂ ਸੰਗਤਾਂ ਨੂੰ ਸਰਵਣ ਕਰਵਾਇਆ। ਸ. ਸਮਸ਼ੇਰ ਸਿੰਘ ਦੇ ਪਰਿਵਾਰ ਵੱਲੋਂ ਆਪਣੇ ਪੋਤਰੇ ਦਾ ਜਨਮ ਦਿਵਸ ਮਨਾਇਆ ਗਿਆ ਸੀ। ਇਸ ਦੀਵਾਨ ਵਿਚ ਵਿਸ਼ੇਸ਼ ਤੌਰ ਉਤੇ ਨੈਸ਼ਨਲ ਪਾਰਟੀ ਦੇ ਸਾਂਸਦ ਸ੍ਰੀ ਸੈਮ ਯੂਫਿਡਲ ਪਹੁੰਚੇ। ਉਨ੍ਹਾਂ ਸੰਗਤ ਨੂੰ ਸੰਬੋਧਨ ਵੀ ਕੀਤਾ। ਉਨ੍ਹਾਂ ਦੇਸ਼ ਦੀਆਂ ਮੌਜੂਦਾ ਪ੍ਰਵਾਸੀ ਸਮੱਸਿਆਵਾਂ ਉਤੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ, ਵਧਦੇ ਅਪਰਾਧ ਦੀ ਵੀ ਗੱਲ ਕੀਤੀ ਅਤੇ ਇਸ ਗੱਲ ਲਈ ਅਗਾਉਂ ਮਾਫੀ ਮੰਗੀ ਕਿ ਉਹ 8 ਜਨਵਰੀ ਨੂੰ ਨਗਰ ਕੀਰਤਨ ਉਤੇ ਨਹੀਂ ਪਹੁੰਚ ਸਕਣਗੇ। ਗੁਰਦੁਆਰਾ ਕਮੇਟੀ ਵੱਲੋਂ ਉਨ੍ਹਾਂ ਨੂੰ ਸੁੰਦਰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਈ ਮਲਕੀਤ ਸਿੰਘ ਸੁੱਜੋਂ ਵਾਲਿਆਂ ਦੇ ਰਾਗੀ ਜੱਥੇ ਨੂੰ ਨਿੱਘੀ ਵਿਦਾਇਗੀ ਵੀ ਦਿੱਤੀ ਗਈ।



### ਸ਼ਹੀਦੀ ਜੋੜ ਮੇਲੇ ਨੂੰ ਸਮਰਪਿਤ ਅਗਲਾ ਪ੍ਰੋਗਰਾਮ

ਸ਼ੁੱਕਰਵਾਰ ਤੋਂ ਐਤਵਾਰ: ਸਥਾਨਿਕ ਨੌਜਵਾਨਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਵੱਡੇ-ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਗੁਰਪੁਰਬ ਨੂੰ ਸਮਰਪਿਤ ਵਿਸ਼ੇਸ਼ ਧਾਰਮਿਕ ਸਮਾਗਮ ਉਲੀਕੇ ਗਏ ਹਨ। ਸ਼ੁੱਕਰਵਾਰ 23 ਦਸੰਬਰ ਨੂੰ ਸਵੇਰੇ 10 ਵਜੇ ਸ੍ਰੀ ਅਖੰਠ ਪਾਠ ਸਾਹਿਬ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ ਐਤਵਾਰ 25 ਦਸੰਬਰ ਨੂੰ ਸਵੇਰੇ 10 ਵਜੇ ਪਾਏ ਜਾਣਗੇ, ਉਪਰੰਤ ਢਾਡੀ ਦਰਬਾਰ ਸਜੇਗਾ। ਇਸ ਦਿਨ ਸ਼ਹੀਦੀ ਜੋੜ ਮੇਲੇ ਉਤੇ ਸਾਦਾ ਦਾਲ-ਪ੍ਰਸ਼ਾਦਾ ਤਿਆਰ ਕੀਤਾ ਜਾਵੇਗਾ। ਸਮੂਹ ਸੰਗਤ ਨੂੰ ਬੇਨਤੀ ਕੀਤੀ ਗਈ ਹੈ ਕਿ ਤਿੰਨੇ ਦਿਨ ਹਾਜ਼ਰੀਆਂ ਭਰਨ ਅਤੇ ਸੇਵਾ ਕਰਨ। ਇਸ ਤੋਂ ਅੱਗਲਾ ਵੱਡਾ ਪ੍ਰੋਗਰਾਮ 8 ਜਨਵਰੀ ਨੂੰ ਅੱਠਵੇਂ ਨਗਰ ਕੀਰਤਨ ਸਬੰਧੀ ਵੀ ਆ ਰਿਹਾ ਹੈ ਅਤੇ ਉਸਦੀਆਂ ਤਿਆਰੀਆਂ ਵੀ ਚੱਲ ਰਹੀਆਂ ਹਨ।

# ਕੋਰ ਕਮੇਟੀ ਦਾ ਮੈਂਬਰ ਚੁਣੇ ਜਾਣ ਤੇ ਵਿਧਾਇਕ ਡਾ ਸੁੱਖੀ ਦਾ ਸਨਮਾਨ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)-** ਸ਼੍ਰੋਮਣੀ ਅਕਾਲੀ ਦਲ ਵਲੋਂ ਹਲਕਾ ਵਿਧਾਨ ਸਭਾ ਬੰਗਾ ਤੋਂ ਵਿਧਾਇਕ ਡਾ ਸੁਖਵਿੰਦਰ ਕੁਮਾਰ ਸੁੱਖੀ ਨੂੰ ਕੋਰ ਕਮੇਟੀ ਦਾ ਨਿਯੁਕਤ ਕੀਤਾ ਗਿਆ ਡਾ ਸੁਖਵਿੰਦਰ ਕੁਮਾਰ ਸੁੱਖੀ ਵਲੋਂ ਅਕਾਲ ਪੁਰਖ ਸ਼ੁਕਰਾਨਾ ਕਰਨ ਵਾਸਤੇ ਪਾਤਸ਼ਾਹੀ ਛੇਵੀ ਇਤਿਹਾਸਕ ਧਾਰਮਿਕ ਸਥਾਨ ਗੁਰਦੁਆਰਾ ਚਰਨ ਕੰਵਲ ਬੰਗਾ ਵਿਖੇ ਸ਼ੁਕਰਾਨਾ ਸਮਾਗਮ ਕਰਵਾਏ ਗਏੁ ਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ ਜਿਸ ਵਿੱਚ ਹਲਕਾ ਬੰਗਾ ਦੀ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੀ ਸਮੁੱਚੀ ਲੀਡਰ ਸਿੱਪ ਪਹੁੰਚੀ ਅਤੇ ਵਿਧਾਇਕ ਡਾ ਸੁੱਖੀ ਨੂੰ ਮੁਬਾਰਕ ਬਾਦ ਦਿਤੀ ਅਤੇ ਡਾ ਸੁੱਖੀ ਵਲੋਂ ਸਮੁੱਚੀ ਹਾਈ ਕਮਾਂਡ ਦਾ ਅਤੇ ਖਾਸ ਕਰਕੇ ਬੰਗਾ ਹਲਕੇ ਦੀ ਸਮੁੰਹ ਲੀਡਰ ਸਿੱਪ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਆਖਿਆਂ ਕਿ ਸ਼੍ਰੋਮਣੀ ਅਕਾਲੀ ਦਲ ਦੀ ਹਾਈ ਕਮਾਂਡ ਨੇ ਮੇਰੇ ਤੇ ਯਕੀਨ ਕਰਕੇ ਜੋ ਜਿਮੇਵਾਰੀ ਮੈਨੂੰ ਦਿਤੀ ਗਈ ਹੈ ਇਸ ਨੂੰ ਮੈਂ ਪਹਿਲ ਦੇ ਅਧਾਰ ਤੇ ਨਿਭਾਵਾਂਗਾ ਤੇ ਬੰਗਾ ਦੀ ਸਾਰੀ ਟੀਮ ਨੂੰ ਨਾਲ ਲੈ ਕੇ ਚੱਲਾਂਗਾ ਉਨਾ ਸੂਬੇ ਦੇ ਮੋਜੂਦਾ ਹਲਾਤਾਂ ਤੇ ਆਪ ਸਰਕਾਰ ਤੇ ਤੰਜ ਕੱਸਦਿਆਂ ਆਖਿਆਂ ਕਿ ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਹੋਏ ਪਏ ਹਨ ਕਿਓਕਿ ਅਮਨ ਸ਼ਾਤੀ ਬਿਲਕੁਲ ਭੰਗ ਹੋ ਚੁੱਕੀ ਹੈ ਤੇ ਆਪ ਦੀ ਸਾਰੀ ਲੀਡਰ ਸ਼ਿੱਪ ਗੁਜਰਾਤ ਚ ਡੇਰੇ ਲਾਕੇ ਬੈਠੀ ਹੈ ਤੇ ਇਸ ਟਾਇਮ ਆਪ ਦੇ ਲੀਡਰਾਂ ਨੂੰ ਪੰਜਾਬ ਦੀ ਕੋਈ ਫਿਕਰ ਨਹੀਂ ਹੈ ਤੇ ਸਾਰਾ ਪੰਜਾਬ ਅੱਜ ਲਵਰਾਸ ਹੋਇਆ ਪਿਆ ਉਨਾਂ ਕਿਹਾ ਕਿ ਸਾਨੂ ਆਪਣੇ ਪੰਜਾਬ ਦੀ ਸਾਂਭ ਸੰਭਾਲ ਕਰਨ ਦੀ ਲੋੜ ਹੈ ਸੂਬੇ ਦੇ ਲੋਕਾਂ ਨੇ ਤੁਹਾਨੂੰ ਪੰਜਾਬ ਨੂੰ ਹੋਰ ਖੁਸ਼ਹਾਲ ਕਰਨ ਦਾ ਮੋਕਾ ਦਿਤਾ ਤੁਸੀ ਕਦੇ ਹਿਮਾਚਲ ਤੇ ਕਦੇ ਗੁਜਰਾਤ ਚ ਘੁੰਮ ਰਹੇ ਹੋ ਅਗਰ ਪੰਜਾਬ ਚ ਕੋਈ ਅਣਸੁਖਾਵੀ ਘਟਨਾ ਹੋ ਜਾਵੇ ਤਾਂ ਉਸ ਦਾ ਜਿੰਮੇਵਾਰ ਕੋਣ ਹੋਵੇਗਾ ਆਪ ਦੇ ਲੀਡਰ ਆਪਣੇ ਪੰਜਾਬ ਦੀ ਫਿਕਰ ਕਰਨ ਵੈਸੇ ਵੀ ਆਮ ਆਦਮੀ ਪਾਰਟੀ ਵਲੋਂ ਸਰਕਾਰ ਚਲਾਉਣਾ ਵੱਸ ਦੀ ਗੱਲ ਨਹੀਂ ਹੈ ਤੇ ਗੁਜਰਾਤ ਅਤੇ ਹਿਮਾਚਲ ਦੇ ਲੋਕਾਂ ਨੇ ਆਪ ਦੇ ਲੀਡਰਾਂ ਨੂੰ ਨਕਾਰ ਦਿਤਾ ਗਿਆ ਇਸ ਮੋਕੇ ਪ੍ਰਵੀਨ ਬੰਗਾ,ਸੋਹਣ ਲਾਲ ਢੰਡਾ, ਬੁਧ ਸਿੰਘ ਬਲਾਕੀਪੁਰ, ਜੀਤ ਰਾਮ ਭਾਟੀਆ ਆਦਿ ਹਾਜਰ ਸਨ।



# ਕਬੱਡੀ ਸਟਾਰ ਮਾਨਕ ਜੋਧਾ ਨੂੰ ਜਰਖੜ ਸਟੇਡੀਅਮ 'ਚ ਕੀਤੇ ਸ਼ਰਧਾ ਦੇ ਫੁੱਲ ਭੇਂਟ

## ਜਰਖੜ ਖੇਡਾਂ ਤੇ ਮਾਣਕ ਜੋਧਾ ਦੇ ਨਾਮ ਤੇ ਸ਼ੁਰੂ ਹੋਵੇਗਾ ਖੇਡ ਐਵਾਰਡ, ਖੇਡਾਂ 27 ਤੋਂ 29 ਜਨਵਰੀ ਨੂੰ

**ਲੁਧਿਆਣਾ 19 ਦਸੰਬਰ-** ਕਬੱਡੀ ਸਟਾਰ ਸਵ: ਮਾਣਕ ਜੋਧਾ ਦੀ ਦੂਜੀ ਬਰਸੀ ਮੌਕੇ ਜਰਖੜ ਖੇਡ ਸਟੇਡੀਅਮ ਵਿਖੇ ਸਥਾਪਤ ਮਾਣਕ ਜੋਧਾ ਦੇ ਆਦਮ ਕੱਦ ਬੁੱਤ ਤੇ ਹਾਰ ਪਾਕੇ ਅਤੇ ਓਸਦੀ ਯਾਦ ਵਿੱਚ 2 ਮਿੰਟ ਦਾ ਮੋਨ ਧਾਰਕੇ ਸ਼ਰਧਾਜਲੀ ਭੇਂਟ ਕੀਤੀ।

ਇਸ ਮੌਕੇ ਮਾਣਕ ਜੋਧਾ ਦੇ ਪਿਤਾ ਮਹਿੰਦਰ ਸਿੰਘ , ਮਾਤਾ ਤੇਜ ਕੌਰ, ਪਤਨੀ ਹਰਪ੍ਰੀਤ ਕੋਰ, ਬੇਟੀ ਸੁੱਖ ਸਾਂਝ, ਬੇਟਾ ਜਸਕਰਨ ਅਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਜਰਖੜ ਅਕੈਡਮੀ ਦੇ ਪ੍ਰਬੰਧਕਾਂ ਵਲੋਂ ਸਿਰੋਪੇ ਪਾਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਰਖੜ ਖੇਡਾਂ ਦੇ ਚੈਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਅਤੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਖਿਆ ਕਿ ਜਰਖੜ ਖੇਡਾਂ ਤੇ ਮਾਣਕ ਜੋਧਾ ਦੇ ਨਾਮ ਤੇ ਖੇਡ ਐਵਾਰਡ ਸ਼ੁਰੂ ਕੀਤਾ ਜਾਵੇਗਾ ਜੋ ਹਰ ਸਾਲ ਕਿਸੇ ਖਿਡਾਰੀ ਜਾਂ ਕਬੱਡੀ ਪ੍ਰਮੋਟਰ ਨੂੰ ਦਿੱਤਾ ਜਾਵੇਗਾ।


ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਦੇ ਚੈਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਨੇ ਦੱਸਿਆ 35ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਨਵੇਂ ਸਾਲ 27-28-29 ਜਨਵਰੀ 2023 ਨੂੰ ਹੋਣਗੀਆਂ । ਇੰਨਾ ਖੇਡਾਂ ਵਿੱਚ ਹਾਕੀ , ਕਬੱਡੀ , ਵਾਲੀਵਾਲ ਸ਼ੂਟਿੰਗ, ਮੁੱਕੇਬਾਜ਼ੀ, ਕੁਸ਼ਤੀਆਂ ਆਦਿ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਜਿਸ ਵਿੱਚ ਮਹਿੰਦਰਪ੍ਰਤਾਪ ਗਰੇਵਾਲ ਗੋਲਡ ਕੱਪ ਹਾਕੀ , ਨਾਇਬ ਸਿੰਘ ਗਰੇਵਾਲ ਜੋਧਾ ਓਪਨ ਕਬੱਡੀ ਕੱਪ, ਅਮਰਜੀਤ ਗਰੇਵਾਲ ਵਾਲੀਬਾਲ ਕੱਪ ਖੇਡਾਂ ਦਾ ਮੁੱਖ ਆਕਰਸ਼ਨ ਹੋਣਗੇ। ਜਰਖੜ ਖੇਡਾਂ ਦਾ ਉਦਘਾਟਨੀ ਅਤੇ ਸਮਾਪਤੀ ਸਮਾਰੋਹ ਬੇਹੱਦ ਲਾਜਵਾਬ ਹੋਵੇਗਾ । ਫਾਈਨਲ ਸਮਾਰੋਹ ਤੇ ਖੇਡਾਂ ਅਤੇ ਸਮਾਜ ਸੇਵੀ ਕੰਮਾਂ ਨੂੰ ਸਮਰਪਿਤ 6 ਸਖਸ਼ੀਅਤ ਦਾ ਵਿਸ਼ੇਸ਼ ਐਵਾਰਡਾ ਨਾਲ ਸਨਮਾਨ ਹੋਵੇਗਾ। ਅੱਜ ਦੇ ਸਮਾਗਮ ਦੌਰਾਨ ਪ੍ਰੋ ਰਜਿੰਦਰ ਸਿੰਘ, ਹਨੀ ਛੌਕੜਾ, ਭਵਨਦੀਪ ਸਿੰਘ , ਰਾਣਾ ਜੋਧਾ, ਹਨੀ ਸਹਿਜਾਦ, ਜੀਵਨ ਸਹਿਜਾਦ, ਠਾਕਰਜੀਤ ਸਿੰਘ ਦਾਦ, ਪਹਿਲਵਾਨ ਹਰਮੇਲ ਸਿੰਘ ਕਾਲਾ ਸੰਦੀਪ ਸਿੰਘ ਪੰਧੇਰ, ਸਾਹਿਬਜੀਤ ਸਿੰਘ ਸਾਬੀ ਜਰਖੜ , ਮਨਜਿੰਦਰ ਸਿੰਘ ਇਯਾਲੀ, ਦਲਵੀਰ ਸਿੰਘ ਜਰਖੜ ਫੋਟੋ ਕਲਾਕਾਰ, ਕੋਚ ਗੁਰਸਤਿੰਦਰ ਸਿੰਘ ਪਰਗਟ, ਸ਼ਿੰਗਾਰਾ ਸਿੰਘ ਜਰਖੜ, ਪਰਮਜੀਤ ਸਿੰਘ ਪੰਮਾ ਗਰੇਵਾਲ , ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਜਰਖੜ ਖੇਡਾਂ ਦੇ ਅੰਤਿਮ ਫੈਸਲਿਆ ਲਈ ਅਗਲੀ ਮੀਟਿੰਗ 25 ਦਸੰਬਰ ਨੂੰ ਹੀ ਜਰਖੜ ਖੇਡ ਸਟੇਡੀਅਮ ਵਿਖੇ ਹੋਵੇਗੀ।



# ਭਾਰਤ ਵਿਚ ਕੌਮੀ ਖੇਡ ਹਾਕੀ ਨੂੰ ਮਾਣਯੋਗ ਸਥਾਨ ਕਿਉਂ ਨਹੀਂ?

### ਪ੍ਰੋਫੈਸਰ ਪਰਮਜੀਤ ਸਿੰਘ

ਭਾਰਤੀ ਖੇਡ ਜਗਤ, ਪ੍ਰਣਾਲੀ, ਭਾਰਤੀ ਖੇਡ ਪ੍ਰੇਮੀਆਂ, ਭਾਰਤ ਦੇ ਮੀਡੀਏ ਨੇ ਤੇ ਭਾਰਤ ਦੀ ਕੇਂਦਰ ਤੇ ਰਾਜ ਸਰਕਾਰ ਨੇ ਸਾਨੂੰ ਹਮੇਸ਼ਾ ਹੈਰਾਨ ਤੇ ਪ੍ਰੇਸ਼ਾਨ ਕੀਤਾ ਹੈ। ਜਦੋਂ ਇਹ ਗੱਲ ਸਿਰਫ਼ ਭਾਰਤੀ ਕੌਮੀ ਖੇਡ ਹਾਕੀ ਨੂੰ ਲੈ ਕੇ ਕਰਦੇ ਹਾਂ। ਫੁੱਟਬਾਲ ਇਸ ਦੇਸ਼ ਦੀ ਕਦੇ ਵੀ ਲੋਕਪ੍ਰਿਯ ਖੇਡ ਨਹੀਂ ਰਹੀ, ਨਾ ਕੋਈ ਵੱਡੀਆਂ ਪ੍ਰਾਪਤੀਆਂ ਭਾਰਤੀਆਂ ਨੇ ਇਸ ਖੇਡ 'ਚ ਕੀਤੀਆਂ। ਅਸੀਂ ਹੈਰਾਨ ਹੁੰਦੇ ਹਾਂ ਕਿ ਫੀਫਾ ਰੈਂਕਿੰਗ ਵਿਚ ਵੀ ਭਾਰਤ 106ਵੇਂ ਸਥਾਨ 'ਤੇ ਹੈ ਤੇ ਕੌਮੀ ਖੇਡ ਹਾਕੀ ਅੰਤਰਰਾਸ਼ਟਰੀ ਰੈਂਕਿੰਗ ਵਿਚ ਭਾਰਤ ਹਮੇਸ਼ਾ 10 ਸਥਾਨਾਂ ਵਿਚ ਤਾਂ ਹਮੇਸ਼ਾ ਰਹੀ ਹੈ ਪਰ ਫਿਰ ਵੀ ਇਸ ਦੇ ਧਿਆਨ ਚੰਦ, ਬਲਬੀਰ ਸਿੰਘ, ਊਧਮ ਸਿੰਘ ਦੀ ਹਾਕੀ



ਨੂੰ ਦੇਸ਼ ਵਿਚ ਕਦੇ ਮਾਣ-ਸਨਮਾਨ ਵਾਲਾ ਸਥਾਨ ਨਹੀਂ ਮਿਲਿਆ। ਕੀ ਭਾਰਤ ਹਾਕੀ ਦਾ ਦੁਸ਼ਮਣ ਹੈ?

ਅਸੀਂ ਦਹਾਕਿਆਂ ਤੋਂ ਦੇਖਦੇ ਆਏ ਹਾਂ, ਜਿਨ੍ਹਾਂ ਦਿਨਾਂ 'ਚ ਫੁੱਟਬਾਲ ਦਾ ਵਿਸ਼ਵ ਕੱਪ ਹੁੰਦਾ ਹੈ। ਮੀਡੀਆ ਉਸ ਦੀ ਕਵਰੇਜ ਇੰਜ ਕਰ ਰਿਹਾ ਹੁੰਦਾ ਜਿਵੇਂ ਇਸ ਦੇਸ਼ ਦੇ ਸਾਰੇ ਖੇਡ ਪ੍ਰੇਮੀ, ਫੁੱਟਬਾਲ ਪ੍ਰੇਮੀ ਨੇ। ਜਿਵੇਂ ਭਾਰਤੀ ਟੀਮ ਸੈਮੀਫਾਈਨਲ ਵਿਚ ਪਹੁੰਚਣ ਦੀਆਂ ਸੰਭਾਵਨਾਵਾਂ ਪੈਦਾ ਕਰ ਰਹੀ ਹੋਵੇ ਅਤੇ ਭਾਰਤ ਲਈ 'ਕਰੋ ਜਾਂ ਮਰੋ' ਦੀ ਸਥਿਤੀ ਬਣੀ ਹੋਵੇ। ਜਿਨ੍ਹਾਂ ਦਿਨਾਂ ਵਿਚ ਹਾਕੀ ਦਾ ਵਿਸ਼ਵ ਕੱਪ ਹੁੰਦਾ ਹੈ, ਮੀਡੀਆ ਨੂੰ ਪਤਾ ਨਹੀਂ ਕੀ ਸੱਪ ਸੁੰਘ ਜਾਂਦਾ। ਤੁਸੀਂ ਦੇਖਣਾ 2023 'ਚ ਭਾਰਤ 'ਚ ਹਾਕੀ ਦਾ ਵਿਸ਼ਵ ਕੱਪ ਹੋ ਰਿਹਾ ਹੈ ਪਰ ਮੀਡੀਆ ਵਿਚ ਇਸ ਦੀ ਵਿਰਲੀ ਟਾਵੀਂ ਹੀ ਖ਼ਬਰ ਮਿਲਣੀ ਹੈ। ਜਿਸ ਖੇਡ 'ਚ ਆਪਣਾ ਦੇਸ਼ ਖੇਡ ਰਿਹਾ ਉਹ ਵੀ ਘਰੇਲੂ ਮੈਦਾਨ 'ਚ ਉਸ ਤੋਂ ਵੀ ਤੁਸੀਂ ਘੇਸ ਵੱਟਦੇ ਹੋ।

ਭਲਿਓ ਮਾਣਸੋ! ਇਹ ਰੁਝਾਨ ਆਖਿਰ ਕੱਦ ਤੱਕ ਚਲਦਾ ਰਹੇਗਾ? ਊਧਮ ਸਿੰਘ ਉਲੰਪੀਅਨ ਦੇ ਰਿਸ਼ਤੇਦਾਰ ਤੇ ਦੋਸਤ ਦੱਸਦੇ ਨੇ ਇਕ ਵਾਰ ਕੋਈ ਨੌਜਵਾਨ ਫੁੱਟਬਾਲ ਖੇਡਦਾ ਉਸ ਦੇ ਪਿੰਡ ਵਿਚ ਵੜ ਆਇਆ। ਊਧਮ ਸਿੰਘ ਨੇ ਉਸ ਕੋਲੋਂ ਫੁੱਟਬਾਲ ਖੋਹ ਲਿਆ ਤੇ ਜਾ ਕੇ ਖੂਹ ਵਿਚ ਸੁੱਟ ਆਏ ਤੇ ਕਹਿਣ ਲੱਗੇ, 'ਮੇਰੇ ਪਿੰਡ ਸੰਸਾਰਪੁਰ ਵਿਚ ਫੁੱਟਬਾਲ ਦਾ ਭਲਾ ਕੀ ਕੰਮ?' ਹੈਰਾਨੀ ਦੀ ਗੱਲ ਹੈ ਕਿ ਪਿਛਲੀਆਂ ਉਲੰਪਿਕ ਖੇਡਾਂ ਵਿ'ਚ ਭਾਰਤੀ ਟੀਮ ਨੇ ਉਲੰਪਿਕ ਤਗਮਾ ਵੀ ਜਿੱਤਿਆ ਹੈ ਪਰ ਫਿਰ ਵੀ ਇਸ ਖੇਡ ਨੂੰ ਉਤਸ਼ਾਹਿਤ ਕਰਨ ਲਈ ਕੋਈ ਯਤਨ ਨਹੀਂ ਹੋ ਰਹੇ। ਫੁੱਟਬਾਲ ਵਿਚ ਭਾਰਤ ਕੁਆਲੀਫਾਈ ਵੀ ਨਹੀਂ ਕਰ ਸਕਦਾ, ਉਸ ਨਾਲ ਉਹ ਹੇਜ਼ ਕਿਉਂ?

# ਨਿਊਜ਼ੀਲੈਂਡ ਸਿੱਖ ਖੇਡਾਂ ਵਿਚ ਪੇਸ਼ਕਾਰੀ ਬਾਅਦ ਹਰਮਿੰਦਰ ਨੂਰਪੁਰੀ ਪੰਜਾਬ ਰਵਾਨਾ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** 'ਨਿਊਜ਼ੀਲੈਂਡ ਸਿੱਖ ਖੇਡਾਂ' ਦੀ ਮੈਨੇਜਮੈਂਟ ਵੱਲੋਂ ਟਾਈਟਲ ਗੀਤ 'ਸਿੱਖ ਖੇਡਾਂ ਨਿਊਜ਼ੀਲੈਂਡ ਦੀਆਂ ਹਨ ਸ਼ਾਨ ਪੰਜਾਬੀਆਂ' ਦੀ ਦੇ ਗਾਇਕ ਹਰਮਿੰਦਰ ਨੂਰਪੁਰੀ ਨੂੰ ਵਤਨ ਵਾਪਸੀ ਵੇਲੇ ਨਿੱਘੀ ਵਿਦਾਇਗੀ ਦਿੱਤੀ ਗਈ। ਤੀਜੀਆਂ ਅਤੇ ਚੌਥੀਆਂ ਨਿਊਜ਼ੀਲੈਂਡ ਸਿੱਖ ਖੇਡਾਂ ਦੇ ਵਿਚ ਭਾਗ ਲੈਣ ਲਈ ਉਹ ਪਿਛਲੇ ਮਹੀਨੇ ਇਥੇ ਪਹੁੰਚੇ ਸਨ। ਦੋ ਦਿਨਾਂ ਸਭਿਆਚਾਰਕ ਸਟੇਜ ਦੌਰਾਨ ਉਨ੍ਹਾਂ ਖੂਬ ਰੌਣਕਾਂ ਲਾਈਆਂ ਅਤੇ ਕੁਝ ਸਮਾਂ ਆਪਣੇ ਮਿੱਤਰਾਂ-ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਬਿਤਾਇਆ। ਅੱਜ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਉਨ੍ਹਾਂ ਨੂੰ ਵਿਦਾਇਗੀ ਦੇਣ ਲਈ ਸ. ਦਲਬੀਰ ਸਿੰਘ ਲਸਾੜਾ ਪਹੁੰਚੇ ਸਨ। ਸ. ਹਰਮਨਪ੍ਰੀਤ ਸਿੰਘ ਅਤੇ ਸ. ਹਰਜਿੰਦਰ ਸਿੰਘ ਬਸਿਆਲਾ ਨੇ ਵੀ ਉਨ੍ਹਾਂ ਨੂੰ ਨਿੱਘੀ ਵਿਦਾਇਗੀ ਦਿੱਤੀ। ਇਸ ਤੋਂ ਪਹਿਲਾਂ ਸ. ਤਾਰਾ ਸਿੰਘ ਬੈਂਸ. ਦਲਜੀਤ ਸਿੰਘ ਸਿੱਧੂ, ਸ. ਗੁਰਵਿੰਦਰ ਸਿੰਘ ਔਲਖ, ਸ. ਇੰਦਰਜੀਤ ਸਿੰਘ ਕਾਲਕਟ, ਸ. ਬਲਿਹਾਰ ਸਿੰਘ ਮਾਹਿਲ ਅਤੇ ਸ੍ਰੀ ਮੁੰਨਣ ਬਾਈ ਨੇ ਵੀ ਉਨ੍ਹਾਂ ਨਾਲ ਸੰਖੇਪ ਮਿਲਣੀਆਂ ਕਰਕੇ ਇਥੇ ਪਹੁੰਚਣ ਲਈ ਧੰਨਵਾਦ ਕੀਤਾ। ਗਾਇਕ ਹਰਮਿੰਦਰ ਨੂਰਪੁਰੀ ਨੇ ਵੀ ਆਪਣੇ ਇਸ ਦੌਰੇ ਲਈ ਸਿੱਖ ਖੇਡਾਂ ਦੀ ਮੈਨੇਜਮੈਂਟ ਟੀਮ, ਮੀਡੀਆ ਅਦਾਰਿਆਂ, ਨਿੱਜੀ ਮਿੱਤਰਾਂ ਅਤੇ ਖੇਡ ਕਲੱਬਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਬਹੁਤ ਪਿਆਰ ਤੇ ਸਤਿਕਾਰ ਦਿੱਤਾ। ਉਨ੍ਹਾਂ ਖਾਸ ਕਰ ਗੀਤ 'ਧੀਆਂ' ਦੀ ਪੇਸ਼ਕਾਰੀ ਮੌਕੇ ਮਾਤਾਵਾਂ ਅਤੇ ਭੈਣਾਂ ਵੱਲੋਂ ਦਿੱਤੇ ਪਿਆਰ ਲਈ ਧੰਨਵਾਦ ਕੀਤਾ ਹੈ। ਅੱਜ ਹਵਾਈ ਅੱਡੇ ਉਤੇ ਵਿਛੜਨ ਵੇਲੇ ਉਨ੍ਹਾਂ ਦੀਆਂ ਅੱਖਾਂ ਵਿਚ ਹੰਝੂ ਵੇਖੇ ਗਏ।



# ਅੰਬੇਡਕਰਵਾਦੀ ਚੇਤਨਾ ਮੰਚ ਅਤੇ ਮੂਲ ਭਾਰਤੀ ਸਾਹਿਤ ਸਭਾ ਨੇ ਮਹਾਨ ਚਿੰਤਕ ਪ੍ਰੋਫੈਸਰ ਗੁਰਨਾਮ ਸਿੰਘ ਮੁਕਤਸਰ ਦੀ ਯਾਦ 'ਚ ਕਰਵਾਇਆ ਸਮਾਗਮ

## ਪ੍ਰੋਫੈਸਰ ਗੁਰਨਾਮ ਸਿੰਘ ਦੀ ਦਲਿਤ ਸਾਹਿਤ ਨੂੰ ਦੇਣ'' ਵਿਸ਼ੇ ਉੱਪਰ ਕਈ ਵਿਦਵਾਨਾਂ ਨੇ ਵਿਚਾਰ ਪੇਸ਼ ਕੀਤੇ

**ਫਗਵਾੜਾ 19 ਦਸੰਬਰ (ਬੀ. ਕੇ. ਰੱਤੂ)–** ਅੰਬੇਡਕਰਵਾਦੀ ਚੇਤਨਾ ਮੰਚ ਪੰਜਾਬ ਅਤੇ ਮੂਲ ਭਾਰਤੀ ਸਾਹਿਤ ਸਭਾ ਪੰਜਾਬ ਵੱਲੋਂ ਸਦੀਆਂ ਤੋਂ ਦੱਬੇ ਕੁਚਲੇ ਅਤੇ ਲਿਤਾੜ ਕੇ ਰੱਖੇ ਹੋਏ ਲੋਕਾਂ ਦੀ ਆਜ਼ਾਦੀ ਦੇ ਝੰਡਾ ਬਰਦਾਰ ਮਹਾਨ ਫਿਲਾਸਫਰ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਅਤੇ ਸਾਡੇ ਸਮਿਆਂ ਦੇ ਮਹਾਨ ਚਿੰਤਕ ਅਤੇ ਨਿਧੜਕ ਆਗੂ ਪ੍ਰੋਫੈਸਰ ਗੁਰਨਾਮ ਸਿੰਘ ਮੁਕਤਸਰ ਦੀ ਯਾਦ ਵਿੱਚ ਤਰਕਸ਼ੀਲ ਭਵਨ ਬਰਨਾਲਾ ਵਿਖੇ ਇੱਕ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਪ੍ਰਿੰਸੀਪਲ ਜੁਗਿੰਦਰ ਸਿੰਘ ਬੱਲਮਗੜ੍ਹ ਪ੍ਰਧਾਨ ਮੂਲ ਭਾਰਤੀ ਚਿੰਤਨ ਸੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਪ੍ਰੋਗਰਾਮ ਵਿੱਚ "ਪ੍ਰੋਫੈਸਰ ਗੁਰਨਾਮ ਸਿੰਘ ਜੀ ਦੀ ਦਲਿਤ ਸਾਹਿਤ ਨੂੰ ਦੇਣ" ਵਿਸ਼ੇ ਉੱਪਰ ਡਾਕਟਰ ਗੁਰਮੀਤ ਸਿੰਘ ਕੱਲਰਮਾਜਰੀ, ਡਾ: ਐਸ.ਐਲ. ਵਿਰਦੀ ਐਡਵੋਕੇਟ ਅਤੇ ਪ੍ਰਿੰਸੀਪਲ ਜੋਗਿੰਦਰ ਸਿੰਘ ਬੱਲਮਗੜ੍ਹ ਸਮੇਤ ਹੋਰ ਵੀ ਕਈ ਵਿਦਵਾਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ।

ਇਸ ਸਮੇਂ ਸਮਾਗਮ ਵਿੱਚ ਹਾਜ਼ਰ ਕਵੀਆਂ ਨੇ ਆਪਣੇ ਕਲਾਮ ਪੇਸ਼ ਕੀਤੇ। ਹੋਰਨਾਂ ਤੋਂ ਇਲਾਵਾ ਦਰਸਨ ਸਿੰਘ ਝਲੂਰ, ਸਰਵਨ ਸਿੰਘ ਕਾਲਾਬੂਲਾ, ਕਰਮਜੀਤ ਸਿੰਘ ਹਰੀਗੜ੍ਹ, ਕੈਪਟਨ ਬਾਬੂ ਰਾਮ ਬਠਿੰਡਾ, ਦਰਸ਼ਨ ਸਿੰਘ ਬਾਜਵਾ, ਦਰਸ਼ਨ ਸਿੰਘ ਝਲੂਰ ਆਦਿ ਬੁਲਾਰਿਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮੇਂ ਮਾਸਟਰ ਕਰਤਾਰ ਸਿੰਘ, ਡਾਕਟਰ ਪਰਮੇਸ਼ਰ ਸਿੰਘ, ਲੈਕਚਰਾਰ ਬੰਸੋ ਦੇਵੀ, ਇੰਜ: ਗੁਰਮੀਤ ਸਿੰਘ ਜੇ.ਈ., ਹਵਾ ਸਿੰਘ ਹਨੇਰੀ, ਡਾਕਟਰ ਸਰਬਜੀਤ ਸਿੰਘ ਖੇੜੀ, ਡਾਕਟਰ ਸੋਮਾ ਸਿੰਘ ਗੰਡੇਵਾਲ, ਕਰਮਜੀਤ ਸਿੰਘ ਖੁੱਡੀ, ਅਵਤਾਰ ਸਿੰਘ ਖੁੱਡੀ, ਅਮਰ ਸਿੰਘ ਖੁੱਡੀ ਆਦਿ ਆਗੂ ਵੀ ਹਾਜ਼ਰ ਸਨ। ਮੂਲ ਭਾਰਤੀ ਸਾਹਿਤ ਸਭਾ ਦੇ ਪ੍ਰਧਾਨ ਸਾਗਰ ਸਿੰਘ ਸਾਗਰ ਨੇ ਆਏ ਵਿਦਵਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।
















# ਬਿਹਾਰ ’ਚ ਜ਼ਹਿਰੀਲੀ ਸ਼ਰਾਬ ਦਾ ਮੁੱਦਾ ਸੁਪਰੀਮ ਕੋਰਟ ਪੁੱਜਾ

## ਜ਼ਹਿਰੀਲੀ ਪੀਣ ਨਾਲ ਮਰਨ ਵਾਲਿਆਂ ਦੀ ਗਿਣਤੀ 65 ਹੋਈ, ਭਾਜਪਾ ਵਲੋਂ ਵਿਧਾਨ ਸਭਾ ’ਚ ਹੰਗਾਮਾ

**ਵਿਸ਼ੇਸ਼ ਰਿਪੋਰਟ : ਜੇ. ਸਿੰਘ ‘ਭੜਿਆਰ’**

ਬਿਹਾਰ ਵਿਚ ਜ਼ਹਿਰੀਲੀ ਸ਼ਰਾਬ ਕਾਂਡ ਨੇ ਰਾਜਨੀਤੀ ਨੂੰ ਪੂਰੀ ਤਰ੍ਹਾਂ ਨਾਲ ਗਰਮਾ ਦਿੱਤਾ ਹੈ। ਬਿਹਾਰ ਦੇ ਸਾਰਨ ਜ਼ਿਲ੍ਹੇ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ 65 ਲੋਕਾਂ ਦੀ ਮੌਤ ਹੋ ਗਈ ਹੈ, ਜੋ ਸੂਬੇ ’ਚ 6 ਸਾਲ ਪਹਿਲਾਂ ਕੀਤੀ ਸ਼ਰਾਬਬੰਦੀ ਤੋਂ ਬਾਅਦ ਹੁਣ ਤੱਕ ਦਾ ਮੌਤਾਂ ਦਾ ਸਭ ਤੋਂ ਵੱਡਾ ਅੰਕੜਾ ਹੈ। ਸਭ ਤੋਂ ਜ਼ਿਆਦਾ ਮੌਤਾਂ ਛਪਰਾ ਦੇ ਮਸ਼ਰਖ, ਅਮਨੌਰ ਅਤੇ ਮੜੌਰਾ ਇਲਾਕੇ ਵਿਚ ਹੋਈਆਂ ਹਨ। ਮੀਡੀਆ ਤੋਂ ਇਹ ਵੀ ਜਾਣਕਾਰੀ ਮਿਲੀ ਹੈ ਕਿ ਮਰਨ ਵਾਲਿਆਂ ਵਿਚ ਤਿੰਨ ਵਿਅਕਤੀ ਅਜਿਹੇ ਵੀ ਹਨ, ਜੋ ਖੁਦ ਸ਼ਰਾਬ ਵੇਚ ਰਹੇ ਸਨ। ਉਧਰ ਦੂਜੇ ਪਾਸੇ ਪੁਲਿਸ ਨੇ ਕਾਰਵਾਈ ਕਰਦੇ ਹੋਏ ਮਸ਼ਰਖ ਦੇ ਥਾਣੇਦਾਰ ਅਤੇ ਚੌਕੀਦਾਰ ਨੂੰ ਸਸਪੈਂਡ ਕਰ ਦਿੱਤਾ ਹੈ। ਐਕਸਾਈਜ਼ ਵਿਭਾਗ ਦੀਆਂ 7 ਟੀਮਾਂ ਛਾਪੇਮਾਰੀ ਵੀ ਕਰ ਰਹੀਆਂ ਹਨ। ਮਸ਼ਰਖ ਦੇ ਵੱਖ-ਵੱਖ ਖੇਤਰਾਂ ਵਿਚੋਂ 600 ਲੀਟਰ ਨਜਾਇਜ਼ ਸ਼ਰਾਬ ਬਰਾਬਦ ਹੋਈ ਹੈ ਅਤੇ 150 ਦੇ ਕਰੀਬ ਵਿਅਕਤੀਆਂ ਨੂੰ ਗ੍ਰਿਫਤਾਰ ਵੀ ਕੀਤਾ ਜਾ ਚੁੱਕਾ ਹੈ। ਇਸ ਸੰਬੰਧੀ ਜਿਥੇ ਭਾਜਪਾ ਵਲੋਂ ਰਾਜ ਦੀ ਵਿਧਾਨ ਸਭਾ ਦੇ ਦੋਵਾਂ ਸਦਨਾਂ ’ਚ ਜੰਮ ਕੇ ਹੰਗਾਮਾ ਕਰਦਿਆਂ ਵਾਕ ਆਊਟ ਕੀਤਾ ਗਿਆ, ਉਥੇ ਰਾਜ ਭਵਨ ਵੱਲ ਮਾਰਚ ਵੀ ਕੀਤਾ ਗਿਆ।



**ਕੀ ਕਹਿਣੈ ਨਿਤਿਸ਼ ਕੁਮਾਰ ਦਾ**

ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਸ਼ਰਾਬਬੰਦੀ ’ਤੇ ਆਪਣੇ ਸਖ਼ਤ ਰੁਖ ਦੁਹਰਾਉਂਦੇ ਹੋਏ ਫਿਰ ਕਿਹਾ ਕਿ ਜ਼ਹਿਰੀਲੀ ਸ਼ਰਾਬ ਕਾਂਡ ਦੇ ਪੀੜਤਾਂ ਜਾਂ ਪੀੜਤ ਪਰਿਵਾਰਾਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਵੱਖ-ਵੱਖ ਧਰਮਾਂ ਅਤੇ ਵਿਚਾਰਧਾਰਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸ਼ਰਾਬ ਪੀਣ ਨੂੰ ਕਿਤੇ ਵੀ ਜਾਇਜ਼ ਨਹੀਂ ਠਹਿਰਾਇਆ ਗਿਆ ਹੈ। ਉਨ੍ਹਾਂ ਭਾਜਪਾ ਦਾ ਨਾਂਅ ਲਏ ਬਿਨਾਂ ਕਿਹਾ ਕਿ ਜਿਹੜੇ ਲੋਕ ਸ਼ਰਾਬਬੰਦੀ ਦੇ ਸਮਰਥਨ ’ਚ ਸਨ, ਉਹ ਹੁਣ ਇਸ ਦੇ ਵਿਰੁੱਧ ਬੋਲ ਰਹੇ ਹਨ।’ ਨਿਤੀਸ਼ ਨੇ ਇਹ ਵੀ ਕਿਹਾ, ‘‘ਜਦ ਬਿਹਾਰ ਵਿਚ ਸ਼ਰਾਬਬੰਦੀ ਨਹੀਂ ਸੀ ਤਾਂ ਵੀ ਲੋਕ ਨਕਲੀ ਸ਼ਰਾਬ ਪੀ ਕੇ ਮਰ ਜਾਂਦੇ ਸਨ।’’

**ਮਾਮਲਾ ਸੁਪਰੀਮ ਕੋਰਟ ਪੁੱਜਾ**

ਸੁਪਰੀਮ ਕੋਰਟ ’ਚ ਬਿਹਾਰ ਸ਼ਰਾਬ ਕਾਂਡ ਦੀ ਇਕ ਵਿਸ਼ੇਸ਼ ਜਾਂਚ ਟੀਮ ਤੋਂ ਸੁਤੰਤਰ ਜਾਂਚ ਦੀ ਮੰਗ ਨੂੰ ਲੈ ਕੇ ਇਕ ਪਟੀਸ਼ਨ ਦਾਇਰ ਕੀਤੀ ਗਈ ਹੈ। ਬਿਹਾਰ ਸਥਿਤ ਆਰੀਆਵਰਤ ਮਹਾਸਭਾ ਫਾਊਂਡੇਸ਼ਨ ਵਲੋਂ ਦਾਇਰ ਪਟੀਸ਼ਨ ਵਿਚ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਸੂਬਾ ਸਰਕਾਰ ਨੂੰ ਨਿਰਦੇਸ਼ ਦੇਣ ਦੀ ਵੀ ਮੰਗ ਕੀਤੀ ਗਈ ਹੈ।

**ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਲਿਆ ਨੋਟਿਸ**

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਸ਼ਰਾਬ ਕਾਂਡ ਨੂੰ ਲੈ ਕੇ ਮੀਡੀਆ ਰਿਪੋਰਟਾਂ ਦਾ ਖ਼ੁਦ ਨੋਟਿਸ ਲੈਂਦਿਆਂ ਬਿਹਾਰ ਸਰਕਾਰ ਅਤੇ ਸੂਬੇ ਦੇ ਪੁਲਿਸ ਮੁਖੀ ਨੂੰ ਨੋਟਿਸ ਜਾਰੀ ਕੀਤਾ ਹੈ।

ਕਮਿਸ਼ਨ ਨੇ ਬਿਹਾਰ ਦੇ ਮੁੱਖ ਸਕੱਤਰ ਅਤੇ ਪੁਲਿਸ ਦੇ ਡਾਇਰੈਕਟਰ ਜਨਰਲ ਨੂੰ ਨੋਟਿਸ ਜਾਰੀ ਕਰਕੇ ਪੁਲਿਸ ਵਲੋਂ ਦਰਜ ਕੀਤੀ ਐਫ.ਆਈ.ਆਰ. ਦੀ ਸਥਿਤੀ, ਹਸਪਤਾਲ ਵਿਚ ਦਾਖਲ ਪੀੜਤਾਂ ਦਾ ਮੈਡੀਕਲ ਇਲਾਜ ਅਤੇ ਮੁਆਵਜ਼ਾ (ਜੇਕਰ ਕੋਈ ਹੋਵੇ) ਸਮੇਤ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਕੀਤੀ ਕਾਰਵਾਈ ਬਾਰੇ ਵਿਸਥਾਰਿਤ ਰਿਪੋਰਟ ਮੰਗੀ ਹੈ।

ਲੋੜ ਇਸ ਗਲ ਦੀ ਹੈ ਕਿ ਨਾਜਾਇਜ਼ ਸ਼ਰਾਬ ਉਪਰ ਪਾਬੰਦੀ ਲਗਾਈ ਜਾਵੇ ਜੋ ਲੋਕਾਂ ਦੀਆਂ ਜਾਨਾਂ ਲੈ ਰਹੀ ਹੈ। ਨਕਲੀ ਤੇ ਜ਼ਹਿਰੀਲੀ ਸ਼ਰਾਬ ਬਣਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ, ਉੱਥੇ ਸੂਬਾ ਸਰਕਾਰਾਂ ਨੂੰ ਸ਼ਰਾਬ ਬਾਰੇ ਆਪਣੀਆਂ ਨੀਤੀਆਂ ਬਹੁਤ ਸਚੇਤ ਹੋ ਕੇ ਬਣਾਉਣ ਦੀ ਜ਼ਰੂਰਤ ਹੈ। ਸ਼ਰਾਬ ਮਾਫੀਆ, ਪੁਲੀਸ ਪ੍ਰਸ਼ਾਸ਼ਨ ਤੇ ਭ੍ਰਿਸ਼ਟ ਸਿਆਸਤਦਾਨਾਂ ਦੇ ਗੱਠਜੋੜ ਉਪਰ ਸਰਕਾਰ ਨੂੰ ਸਖਤ ਕਾਰਵਾਈ ਕਰਨੀ ਚਾਹੀਦੀ ਹੈ।

### ਕਿੰਝ ਸ਼ੁਰੂ ਹੋਈ ਸ਼ਰਾਬਬੰਦੀ

ਦੁਨੀਆ ਵਿਚ ਸਭ ਤੋਂ ਵੱਡੀ ਸ਼ਰਾਬਬੰਦੀ 1920 ਵਿਚ ਅਮਰੀਕਾ ਵਿਚ ਸੰਵਿਧਾਨਕ ਸੋਧ ਕਰ ਕੇ ਲਾਗੂ ਕੀਤੀ ਗਈ ਜਿਹੜੀ 1933 ਤਕ ਜਾਰੀ ਰਹੀ। ਸ਼ਰਾਬਬੰਦੀ ਹੋਣ ਕਾਰਨ 1920ਵਿਆਂ ਵਿਚ ਸ਼ਹਿਰਾਂ ਵਿਚ ਸ਼ਰਾਬ ਤੇ ਬੀਅਰ ਮੁਹੱਈਆ ਕਰਵਾਉਣ ਲਈ ਵੱਡੇ ਗੈਂਗ ਹੋਂਦ ਵਿਚ ਆਏ ਅਤੇ ਸ਼ਰਾਬ ਮਾਫੀਆ ਪੈਦਾ ਹੋਇਆ। ਅਮਰੀਕਾ ਵਿਚ ਸਮੇਂ ਸਮੇਂ ਸ਼ਰਾਬ ’ਤੇ ਪਾਬੰਦੀ ਲਗਵਾਉਣ ਲਈ ਮੁਹਿੰਮਾਂ ਚਲਾਈਆਂ ਗਈਆਂ ਸਨ। 1826 ਵਿਚ ਅਮੈਰਿਕਨ ਟੈਂਪਰਸ ਸੁਸਾਇਟੀ ਹੋਂਦ ਵਿਚ ਆਈ; ਇਸ ਨੂੰ ਕਈ ਈਸਾਈ ਧਾਰਮਿਕ ਫ਼ਿਰਕਿਆਂ ਦੀ ਹਮਾਇਤ ਹਾਸਲ ਸੀ। ਔਰਤਾਂ ਨੇ ਯੂਨੀਅਨ ਬਣਾ ਕੇ ਸ਼ਰਾਬ ਬੰਦ ਕਰਵਾਉਣ ਲਈ ਲਾਮਬੰਦੀ ਕੀਤੀ। ਅਮਰੀਕਾ ਵਿਚ ਸ਼ਰਾਬਬੰਦੀ ਤੋਂ ਹੋਏ ਨੁਕਸਾਨ ਸ਼ਰਾਬ ਪੀਣ ਨਾਲ ਹੁੰਦੇ ਨੁਕਸਾਨਾਂ ਤੋਂ ਕਿਤੇ ਵੱਡੇ ਸਨ। ਮਾਹਿਰਾਂ ਅਨੁਸਾਰ ਅਨੁਸਾਰ ਸ਼ਰਾਬਬੰਦੀ ਦੇ ਪਹਿਲੇ ਕੁਝ ਸਾਲਾਂ ਵਿਚ ਅਮਰੀਕਾ ਵਿਚ ਸ਼ਰਾਬ ਦੀ ਖ਼ਪਤ ਪਹਿਲਾਂ ਹੁੰਦੀ ਖ਼ਪਤ ਦਾ 30 ਫ਼ੀਸਦੀ ਰਹਿ ਗਈ ਪਰ ਬਾਅਦ ਵਿਚ ਗ਼ੈਰ-ਕਾਨੂੰਨੀ ਸ਼ਰਾਬ ਪੀਣ ਦਾ ਰੁਝਾਨ ਵਧਿਆ ਤੇ ਇਸ ਦੀ ਖ਼ਪਤ 60 ਫ਼ੀਸਦੀ ਦੀ ਪੱਧਰ ’ਤੇ ਆ ਗਈ ਅਤੇ ਇਸ ਦੇ ਨਾਲ ਨਾਲ ਗੈਂਗਾਂ, ਮਾਫੀਆ, ਵੇਸਵਾਗਮਨੀ, ਜੂਏਬਾਜ਼ੀ ਅਤੇ ਹੋਰ ਅਪਰਾਧਾਂ ਵਿਚ ਵੀ ਵੱਡਾ ਵਾਧਾ ਹੋਇਆ। ਗ਼ੈਰ-ਕਾਨੂੰਨੀ ਤੌਰ ’ਤੇ ਸ਼ਰਾਬ ਵੇਚਣਾ ਵੱਡਾ ਧੰਦਾ ਬਣ ਗਿਆ। 1933 ਵਿਚ ਫਿਰ ਸੰਵਿਧਾਨਕ ਸੋਧ ਕਰ ਕੇ ਸ਼ਰਾਬਬੰਦੀ ਖ਼ਤਮ ਕੀਤੀ ਗਈ। ਇਸ ਤਰ੍ਹਾਂ ਅਮਰੀਕਾ ਜਿਹੀ ਤਾਕਤਵਰ ਰਿਆਸਤ/ ਸਰਕਾਰ ਵੀ ਸ਼ਰਾਬਬੰਦੀ ਨਾ ਕਰਵਾ ਸਕੀ।

# ਕੋਈ ਵੀ ਖਾਦ ਵਿਕ੍ਰੇਤਾ ਕਿਸਾਨ ਨੂੰ ਯੂਰੀਆ ਖਾਦ ਨਾਲ ਕੋਈ ਹੋਰ ਖੇਤੀ ਸਮੱਗਰੀ ਜਬਰਨ ਨਹੀਂ ਵੇਚ ਸਕਦਾ: ਡਾ ਅਮਰੀਕ ਸਿੰਘ

## ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਠਾਨਕੋਟ ਦੀ ਟੀਮ ਵੱਲੋਂ ਵੱਖ ਵੱਖ ਖਾਦ ਵਿਕ੍ਰੇਤਾਵਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ

**ਪਠਾਨਕੋਟ, 19 ਦਸੰਬਰ (ਰਾਜਿੰਦਰ ਸਿੰਘ ਰਾਜਨ)** ਡਿਪਟੀ ਕਮਿਸ਼ਨਰ ਪਠਾਨਕੋਟ ਸ਼੍ਰੀ ਹਰਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਿਸਾਨਾਂ ਨੂੰ ਬੇਹਤਰ ਖੇਤੀ ਪਸਾਰ ਸੇਵਾਵਾਂ ਅਤੇ ਮਿਆਰੀ ਖੇਤੀ ਖੇਤੀ ਸਮੱਗਰੀ ਉਪਲਬਧ ਕਰਵਾਉਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈ ਜਾ ਰਹੀ ਹਾੜੀ ਮੁਹਿੰਮ ਨੂੰ ਜਾਰੀ ਰੱਖਦਿਆਂ ਖੇਤੀ ਅਧਿਕਾਰੀਆਂ ਦੀ ਟੀਮ ਵੱਲੋਂ ਬਲਾਕ ਪਠਾਨਕੋਟ ਦੇ ਵੱਖ- ਵੱਖ ਖਾਦ ਵਿਕ੍ਰੇਤਾਵਾਂ ਦੀਆ ਦੁਕਾਨਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਖਾਦ ਵਿਕ੍ਰੇਤਾਵਾਂ ਵੱਲੋਂ ਵੇਚੀ ਜਾ ਰਹੀ ਯੂਰੀਆ ਖਾਦ ਦੀ ਸਟਾਕ ਪੁਜੀਸ਼ਨ ਚੈਕ ਕੀਤੀ ਅਤੇ 8 ਖਾਦਾਂ ਦੇ ਸੈਂਪਲ ਭਰੇ ਗਏ। ਡਾ ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ ਦੀ ਅਗਵਾਈ ਹੇਠ ਟੀਮ ਵਿੱਚ ਡਾ. ਪ੍ਰਿਤਪਾਲ ਸਿੰਘ ਖੇਤੀਬਾੜੀ ਵਿਕਾਸ ਅਫਸਰ (ਇਨਫੋਰਸਮੈਂਟ), ਡਾ. ਅਰਜੁਨ ਸਿੰਘ ਖੇਤੀਬਾੜੀ ਵਿਕਾਸ ਅਫਸਰ(ਪੌਦ ਸੁਰੱਖਿਆ), ਜਗਦੀਸ਼ ਸਿੰਘ, ਰਘਬੀਰ ਸਿੰਘ, ਜੀਵਨ ਲਾਲ, ਅਜੇ ਕੁਮਾਰ ਸ਼ਾਮਿਲ ਸਨ। ਇਸ ਚੈਕਿੰਗ ਦੌਰਾਨ ਕਿਸਾਨਾਂ ਵੱਲੋਂ ਖਰੀਦੀ ਖੇਤੀ ਸਮੱਗਰੀ ਦੇ ਬਿੱਲ ਵੀ ਚੈਕ ਕੀਤੇ ਗਏ।

ਨੰਗਲ ਭੂਰ ਵਿਖੇ ਗੱਲਬਾਤ ਕਰਦਿਆਂ ਡਾ ਅਮਰੀਕ ਸਿੰਘ ਨੇ ਕਿਹਾ ਕਿ ਜ਼ਿਲਾ ਪਠਾਨਕੋਟ ਅੰਦਰ ਹਾੜੀ ਦੀ ਮੁਹਿੰਮ ਬਹੁਤ ਹੀ ਸਫਲਤਾ ਪੂਰਵਕ ਚਲ ਰਹੀ ਹੈ। ਉਨਾਂ ਦੱਸਿਆ ਕਿ ਜ਼ਿਲਾ ਪਠਾਨਕੋਟ ਵਿੱਚ ਕਣਕ ਦੀ ਬਿਜਾਈ ਦਾ ਕੰਮ ਤਕਰੀਬਨ ਮੁਕੰਮਲ ਹੋ ਚੁੱਕਾ ਹੈ। ਉਨਾਂ ਕਿਹਾ ਕਿ ਕਮਾਦ ਦੀ ਕਟਾਈ ਤੋਂ ਬਾਅਦ ਬੀਜੀ ਜਾਣ ਵਾਲੀ ਪਿਛੇਤੀ ਕਣਕ ਦਾ ਬਿਜਾਈ ਅਗਲੇ ਕੁਝ ਦਿਨਾਂ ਦੌਰਾਨ ਮੁਕੰਮਲ ਹੋ ਜਾਵੇਗੀ। ਉਨਾਂ ਕਿਹਾ ਕਿ ਕਣਕ ਦੀ ਫਸਲ ਨੂੰ ਕੀੜਿਆਂ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਯੂਰੀਆਂ ਖਾਦ ਦੀ ਵਰਤੋਂ ਸਿਫਾਰਸ਼ਾਂ ਅਨੁਸਾਰ 90 ਕਿਲੋ ਪ੍ਰਤੀ ਏਕੜ ਹੀ ਵਰਤੀ ਜਾਣੀ ਚਾਹੀਦੀ ਹੈ। ਉਨਾਂ ਕਿਹਾ ਕਿ ਜੇਕਰ ਯੂਰੀਆ ਖਾਦ ਕਣਕ ਦੀ ਬਿਜਾਈ ਸਮੇਂ ਫਸਲ ਨੂੰ ਪਾਈ ਗਈ ਤਾਂ ਇੱਕ ਬੈਗ ਪਾਣੀ ਲਾਉਣ ਤੋਂ 7 ਦਿਨ ਪਹਿਲਾਂ ਜਾਂ ਪਾਣੀ ਲਾਉਣ ਤੋਂ 5 ਦਿਨ ਬਾਅਦ ਪਾ ਦੇਣੀ ਚਾਹੀਦੀ ਅਤੇ ਦੂਜੀ ਕਿਸ਼ਤ ਫਸਲ ਨੂੰ ਦੂਜਾ ਪਾਣੀ ਲਾਉਣ ਤੋਂ ਬਾਅਦ ਜਾਂ ਪਹਿਲਾਂ ਪਾ ਦੇਣੀ ਚਾਹੀਦੀ। ਉਨਾਂ ਕਿਹਾ ਕਿ ਅੱਧ ਦਸੰਬਰ ਤੋਂ ਬਾਅਦ ਬੀਜੀ ਕਣਕ ਨੂੰ ਠੀਕ ਸਮੇਂ ਤੇ ਬੀਜੀ ਕਣਕ ਨਾਲੋਂ 25% ਯੂਰੀਆ ਘੱਟ ਪਾਉਣੀ ਚਾਹੀਦੀ ਹੈ। ਉਨਾਂ ਕਿਹਾ ਕਿ ਯੂਰੀਆ ਦੀ ਦੂਜੀ ਕਿਸ਼ਤ ਪਾਉਣ ਦੀ ਬਿਜਾਏ 500 ਮਿਲੀ ਲਿਟਰ ਨੈਨੋ ਯੂਰੀਆ ਪ੍ਰਤੀ ਏਕੜ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ।ਉਨਾਂ ਕਿਹਾ ਕਿ ਭਾਰੀ ਪਾਣੀ ਲਾਗਣ ਜੇਕਰ ਕਣਕ ਦੀ ਫਸਲ ਪੀਲੀ ਪੈ ਗਈ ਹੈ ਤਾਂ ਨਾਈਟਰੋਜਨ ਤੱਤ ਦੀ ਘਾਟ ਦੀ ਪੂਰਤੀ ਲਈ 100 ਲਿਟਰ ਪਾਣੀ ਦੇ ਘੋਲ ਵਿੱਚ ਤਿੰਨ ਕਿਲੋ ਯੂਰੀਆ ਪ੍ਰਤੀ ਏਕੜ ਦਾ ਦੋ ਤਰਫਾ ਛਿੜਕਾਅ ਕਰਨਾ ਚਾਹੀਦਾ। ਉਨਾਂ ਕਿਹਾ ਕਿ ਇਸ ਵਕਤ ਯੂਰੀਆ ਖਾਦ ਕੋਈ ਘਾਟ ਨਹੀਂ ਹੈ।ਉਨਾਂ ਕਿਹਾ ਕਿ ਕੋਈ ਵੀ ਖਾਦ ਵਿਕ੍ਰੇਤਾ ਜਬਰਨ ਕਿਸੇ ਕਿਸਾਨ ਨੂੰ ਯੂਰੀਆ ਖਾਦ ਨਾਲ ਕੋਈ ਵੀ ਖੇਤੀ ਸਮੱਗਰੀ ਜਿਵੇਂ ਸਲਫਰ ਆਦਿ ਨਹੀਂ ਵੇਚ ਸਕਦਾ। ਉਨਾਂ ਕਿਹਾ ਕਿ ਜੇਕਰ ਕੋਈ ਖਾਦ ਵਿਕ੍ਰੇਤਾ ਯੂਰੀਆ ਖਾਦ ਨਾਲ ਕੋਈ ਹੋਰ ਖੇਤੀ ਸਮੱਗਰੀ ਜਬਰਨ ਵੇਚਦਾ ਪਾਇਆ ਗਿਆਂ ਉਸ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਖਾਦ ਵਿਕ੍ਰੇਤਾ ਯੂਰੀਆ ਖਾਦ ਨਾਲ ਕੋਈ ਹੋਰ ਖੇਤੀ ਸਮੱਗਰੀ ਜਬਰਨ ਵੇਚਦਾ ਹੈ ਜਾਂ ਯੂਰੀਆ ਖਾਦ ਦੇਣ ਤੋਂ ਇਨਕਾਰੀ ਹੁੰਦਾ ਹੈ ਤਾਂ ਕਿਸਾਨ, ਖਾਦ ਵਿਕ੍ਰੇਤਾ ਦੀ ਸ਼ਿਕਾਇਤ ਲਿਖਤੀ ਰੂਪ ਵਿੱਚ ਮੁੱਖ ਖੇਤੀਬਾੜੀ ਅਫਸਰ ਜਾਂ ਬਲਾਕ ਖੇਤੀਬਾੜੀ ਅਫਸਰ ਜਾਂ ਖੇਤੀਬਾੜੀ ਵਿਕਾਸ ਅਫਸਰ ਨੂੰ ਕਰ ਸਕਦਾ ਹੈ। ਉਨਾਂ ਕਿਹਾ ਕਿ ਖਾਦ ਜਾਂ ਕੋਈ ਹੋਰ ਖੇਤੀ ਸਮੱਗਰੀ ਖ੍ਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲਿਆ ਜਾਵੇ।




# ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਪਿੰਡ 'ਚ ਸਜੀ ਪਹਿਲੀ ਧਾਰਮਿਕ ਕਾਵਿ ਮਹਿਫਲ

ਦਸਮ ਪਾਤਸ਼ਾਹ ਸਰਬੰਸਦਾਨੀ ਕਲਗੀਆਂ ਵਾਲੇ ਸ਼ਹਿਨਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰੀ ਜੀ ਅਤੇ ਚਾਰੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਦੀ ਲਾਸਾਨੀ ਅਤੇ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਪਿੰਡ ਬੁਰਜ ਨੇੜੇ ਮਲੇਰਕੋਟਲਾ ਵਿਖੇ ਪਿੰਡ ਦੀ ਨਗਰ ਪੰਚਾਇਤ, ਗੁਰਦੁਆਰਾ ਸਾਹਿਬ ਪ੍ਰਬੰਧਕੀ ਕਮੇਟੀ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪ੍ਰਿੰਸੀਪਲ ਬਲਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਧਾਰਮਿਕ ਕਾਵਿ ਮਹਿਫਲ ਸਮਾਗਮ ਗੁਰਦੁਆਰਾ ਸਾਹਿਬ ਚ ਕਰਵਾਇਆ ਗਿਆ,ਜਿਸ ਵਿੱਚ ਪੁਆਧੀ ਸ਼ਾਇਰ ਸਤੀਸ਼ ਵਿਦਰੋਹੀ ਦੀ ਰਹਿਨੁਮਾਈ ਹੇਠ ਪੰਜਾਬ ਅਤੇ ਹਰਿਆਣਾ ਤੋਂ ਸਾਹਿਤਕਾਰਾਂ ਨੇ ਸ਼ਿਰਕਤ ਕੀਤੀ।

ਪ੍ਰੋਗਰਾਮ ਦੀ ਸ਼ੁਰੂਆਤ ਮਨਪ੍ਰੀਤ ਸਿੰਘ ਢਿੱਲੋਂ ਦੀ ਸੁਰੀਲੀ ਅਤੇ ਬੁਲੰਦ ਆਵਾਜ਼ ਚ ਸ਼ਰਧਾਂਜਲੀ ਦੇ ਰੂਪ ਚ ਹੋਈ। ਇੰਜੀ ਸਤਨਾਮ ਸਿੰਘ ਮੱਟੂ ਨੇ ਦਸ਼ਮੇਸ਼ ਪਿਤਾ ਜੀ ਦੀ ਅਦੁੱਤੀ ਸ਼ਖ਼ਸੀਅਤ ਨੂੰ ਸਮਰਪਿਤ ਗੀਤ "ਦੁਨੀਆਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਕਰਗੇ ਕਾਇਮ ਮਿਸਾਲ" ਨਾਲ ਮਹਿਫਲ ਨੂੰ ਸਿਖਰਾਂ ਵੱਲ੍ਹ ਤੋਰਿਆ।ਸ਼ਾਇਰ ਕੁਲਵੰਤ ਸਿੰਘ ਸੈਦੋਕੇ ਨੇ ਧਾਰਮਿਕ ਗੀਤ "ਵਿਚ ਚਮਕੌਰ ਦੀ ਗੜ੍ਹੀ" ਆਪਣੀ ਬੁਲੰਦ ਆਵਾਜ਼ ਚ ਪੇਸ਼ ਕਰਕੇ ਪ੍ਰੋਗਰਾਮ ਦੀਆਂ ਸਫ਼ਾਂ ਚ ਨਿਵੇਕਲਾ ਰੰਗ ਭਰਿਆ। ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ ਨੇ ਆਪਣੀ ਨਿਵੇਕਲੀ ਰਚਨਾ ਨਾਲ ਸਾਹਿਤਕ ਰੰਗ ਬਿਖੇਰਿਆ। ਨੌਜਵਾਨ ਸ਼ਾਇਰ ਅੰਗਰੇਜ਼ ਵਿਰਕ, ਕਿਰਪਾਲ ਸਿੰਘ ਮੂਣਕ, ਕੁਲਵਿੰਦਰ ਸਿੰਘ ਬਹਾਦਰਗੜ੍ਹ, ਗੁਰਿੰਦਰ ਸਿੰਘ,ਮਾਸਟਰ ਗੁਰਮੇਲ ਸਿੰਘ, ਧਨਵੰਤ ਸਿੰਘ ਘੁਮਾਣ, ਬਲਵਿੰਦਰ ਸਿੰਘ ਰਾਜ ਨੇ ਵੀ ਨਿਵੇਕਲੇ ਅੰਦਾਜ਼ ਚ ਆਪਣੀਆਂ ਧਾਰਮਿਕ ਭਾਵਭਿੰਨੀਆਂ ਰਚਨਾਵਾਂ ਨਾਲ 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਸਿਜਦਾ ਕੀਤਾ। ਪੰਜਾਬੀ ਗਾਇਕੀ ਚ ਮੱਲ੍ਹਾਂ ਮਾਰਨ ਵਾਲੇ ਗਾਇਕ ਬਲਵੀਰ ਦਿਲਦਾਰ ਨੇ ਆਪਣੀ ਸੁਰੀਲੀ ਆਵਾਜ਼ ਚ ਫਨ ਦਾ ਮੁਜਾਹਰਾ ਕਰਦਿਆਂ ਸ਼ਰਧਾਂਜਲੀ ਅਰਪਣ ਕੀਤੀ।ਪੁਆਧੀ ਸ਼ਾਇਰ ਚਰਨ ਪੁਆਧੀ(ਹਰਿਆਣਾ) ਨੇ ਪੁਆਧੀ ਭਾਸ਼ਾ ਚ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਅਜਿਹੇ ਸ਼ਬਦਾਂ ਦੀ ਚੋਣ ਨਾਲ ਸ਼ਰਧਾ ਦੇ ਫੁੱਲ ਅਰਪਣ ਕੀਤੇ,ਜਿਸ ਨਾਲ ਹਰ ਇੱਕ ਦੀ ਅੱਖ ਨਮ ਹੋ ਗਈ। ਸਤੀਸ਼ ਵਿਦਰੋਹੀ ਵੀ ਸਟੇਜ ਸਕੱਤਰ ਦੀ ਭੂਮਿਕਾ ਦੇ ਨਾਲ ਨਾਲ ਆਪਣੀ ਪੁਆਧੀ ਕਵਿਤਾ ਨਾਲ ਮਾਹੌਲ ਨੂੰ ਗਮਗੀਨ ਕਰ ਗਿਆ। ਕੁਲਵੰਤ ਸੈਦੋਕੇ ਨੇ ਕਵੀਸ਼ਰੀ ਰੰਗ ਨਾਲ ਵੀ ਸ਼ਰਧਾਂਜਲੀ ਅਰਪਣ ਕੀਤੀ। ਪਹਿਲੀ ਵਾਰ ਕਿਸੇ ਪਿੰਡ ਦੇ ਲੋਕਾਂ ਨੇ ਰੁਚੀ ਦਿਖਾਉਂਦਿਆਂ ਇਹ ਸ਼ਰਧਾਂਜਲੀ ਕਵੀ ਦਰਬਾਰ ਪਿੰਡ ਕਰਵਾਇਆ ਗਿਆ ਹੈ।ਇਸ ਸਮਾਗਮ ਦੀ ਖਾਸੀਅਤ ਇਹ ਰਹੀ ਕਿ ਇਸ ਸ਼ਰਧਾਂਜਲੀ ਕਾਵਿ ਮਹਿਫਲ ਚ ਪਿੰਡ ਦੀਆਂ ਬਜ਼ੁਰਗ ਔਰਤਾਂ, ਨੌਜਵਾਨ ਅਤੇ ਪਿੰਡ ਵਾਸੀਆਂ ਨੇ ਬਹੁਤ ਹੀ ਸੂਝਵਾਨਤਾ ਦਾ ਪ੍ਰਗਟਾਵਾ ਕਰਦਿਆਂ ਤਵਾਰੀਖ ਦੇ ਸੁਨਹਿਰੀ ਪੰਨਿਆਂ ਦੀ ਸੂਖਮ ਜਾਣਕਾਰੀ ਨੂੰ ਜਗਿਆਸਾ ਨਾਲ ਸੁਣਿਆ।ਇਸ ਸਮਾਗਮ ਵਿੱਚ ਸ਼ਾਇਰ ਅੰਗਰੇਜ਼ ਵਿਰਕ ਦੀ ਕਿਤਾਬ "ਇਸ਼ਕ ਅਵੱਲੜਾ" ਦਾ ਲੋਕ ਅਰਪਣ ਵੀ ਕੀਤਾ ਗਿਆ। ਅੰਤ ਵਿੱਚ ਪ੍ਰਿੰਸੀਪਲ ਬਲਵਿੰਦਰ ਸਿੰਘ ਨੇ ਸਾਰੇ ਸਾਹਿਤਕਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਸਾਹਿਤਕਾਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਸਨਮਾਨ ਦਿੱਤਾ।




**ਇੰਜੀ ਸਤਨਾਮ ਸਿੰਘ ਮੱਟੂ**
**9779708257**





Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html




My Struggle in Life:

Das Pawar, Ishwar: 9781682131558: Amazon.com: Book

https://www.amazon.com/Struggle-Life-Ishwar-Das-Pawar/dp/1682131556


# ਦਾਜ ਦਾ ਲੈਣ ਦੇਣ ਕਰਨਾ ਵੀ ਸਮਾਜ ਦੇ ਮੱਥੇ 'ਤੇ ਕਲੰਕ









**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਅਨੇਕਾਂ ਵਾਰ ਖਬਰਾਂ ਪ੍ਰਕਾਸ਼ਤ ਹੋਈਆਂ ਕਿ ਦਾਜ ਨਾ ਮਿਲਣ ਕਾਰਨ ਸਹੁਰਿਆਂ ਨੇ ਦੁਲਹਨ ਨੂੰ ਤੇਲ ਪਾਕੇ ਸਾੜਿਆ ਜਾਂ ਦਾਜ ਦੀ ਮੰਗ ਪੂਰੀ ਨਾ ਹੋਣ ਕਾਰਨ ਦੁਲਹਨ ਨੇ ਸਹੁਰੇ ਘਰ ਚ ਫਾਹਾ ਲਗਾਕੇ ਆਤਮ ਹੱਤਿਆ ਕੀਤੀ ਇਸ ਤਰਾਂ ਦੀਆਂ ਖਬਰਾਂ ਪੜ ਕੇ ਮਨ ਪਸੀਜ ਜਾਂਦਾ ਹੈ ਕਿ ਦਾਜ ਦੇ ਭੁਖਿਆਂ ਵਲੋਂ ਮਾਪਿਆ ਦੀ ਲਾਡਲੀ ਧੀ ਨੂੰ ਦਾਜ ਦੀ ਬਲੀਂ ਚੜਾ ਦਿਤਾ ਜਾਂਦਾ ਹੈ ਤੇ ਸਾਡੇ ਪਾਠਕਾਂ ਨੇ ਦਾਜ ਬਾਰੇ ਕੁਝ ਵਿਚਾਰ ਪੇਸ਼ ਕੀਤੇ ਜਿਨਾਂ 'ਚ ਸਰੂਪ ਕੋਰ ਢੰਡਾ ਸਰਪੰਚ ਸ਼ੇਖੂਪਰ ਨੇ ਆਖਿਆ ਕਿ ਦਾਜ ਮੰਗਣਾ ਕਾਨੂੰਨੀ ਅਪਾਰਧ ਹੈ ਤੇ ਦਾਜ ਮੰਗਣ ਵਾਲ਼ਿਆਂ ਨੂੰ ਮੰਗਤਿਆਂ ਦੇ ਬਰਾਬਰ ਗਿਣਿਆ ਜਾਂਦਾ ਹੈ ਜਿਨਾਂ ਮਾਪਿਆਂ ਨੇ ਆਪਣੇ ਜਿਗਰ ਦਾ ਟੋਟਾ ਹੀ ਬਿਗਾਨਿਆਂ ਦੀ ਝੋਲੀ ਵਿੱਚ ਪਾ ਦਿਤਾ ਜਾਂ ਆਪਣੀ ਲਾਡਾਂ ਨਾਲ ਪਾਲੀ ਹੋਈ ਧੀ ਕਿਸੇ ਬੈਗਾਨੇ ਨਾਲ ਤੋਰ ਦਿਤੀ ਉਥੇ ਦਹੇਜ ਦੀ ਕੋਈ ਕੀਮਤ ਨਹੀਂ ਰਹਿ ਜਾਂਦੀ ਇਸ ਕਰਕੇ ਜੋ ਲੋਕ ਦਾਜ ਮੰਗਦੇ ਹਨ ਉਨਾਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ ਬਲਵਿੰਦਰ ਕੋਰ ਝਿੰਗੜ ਸਾ.ਸਰਪੰਚ ਝਿੰਗੜਾਂ ਨੇ ਆਖਿਆ ਕਿ ਕੁਝ ਘਟੀਆ ਲੋਕ ਨੂੰਹ ਨੂੰ ਅਬਲਾ ਵੀ ਕਹਿੰਦੇ ਹਨ ਤੇ ਪਰ ਇੱਕ ਨਾਰੀ ਸਮਾਜ ਨੂੰ ਸਿਰਜਣ ਵਾਲੀ ਹੈ ਤੇ ਉਸ ਔਰਤ ਤੋਂ ਦਾਜ ਦੀ ਮੰਗ ਕਰਨਾ ਬਹੁਤ ਵੱਡਾ ਪਾਪ ਹੈ ਅਨੇਕਾਂ ਘਟਨਾਵਾਂ ਸਮਾਜ ਚ ਹੋ ਰਹੀਆਂ ਹਨ ਅਗਰ ਕਾਨੂੰਨ ਮੁਤਾਬਕ ਉਨਾਂ ਦਾਜ ਦੇ ਲੋਭੀਆਂ ਨੂੰ ਸਜਾ ਵੀ ਮਿਲਦੀ ਹੈ ਪਰ ਜੋ ਮਾਪਿਆਂ ਦੀ ਲਾਡਾਂ ਨਾਲ ਪਾਲੀ ਹੋਈ ਧੀ ਦਾਜ ਦੀ ਬਲੀਂ ਚੜ ਗਈ ਉਹ ਵਾਪਸ ਨਹੀਂ ਆਵੇਗੀ ਇਨਾਂ ਦਾਜ ਦੇ ਭੁੱਖਿਆਂ ਨੂੰ ਸਖਤ ਸਜਾਵਾਂ ਨਾਲ ਨਹੀਂ ਮੌਤ ਦੇ ਘਾਟ ਉਤਾਰਨਾ ਚਾਹੀਦਾ ਹੈ ਜੋ ਆਉਣ ਵਾਲੇ ਸਮੇਂ ਚ ਹੋਰ ਕੋਈ ਦਾਜ ਮੰਗਣ ਦੀ ਜੁਅੱਰਤ ਨਾ ਕਰ ਸਕੇ ਸਰਪੰਚ ਅੰਜਨਾ ਕੈਰੋਂ ਚੱਕਦਾਨਾ ਨੇ ਆਖਿਆ ਕਿ ਬਹੁਤ ਵਾਰ ਦੇਖਿਆ ਕਿ ਸਮਾਜ ਚ ਦਹੇਜ ਪ੍ਰਤੀ ਅਣਸੁਖਾਵੀਆਂ ਘਟਨਾਵਾਂ ਵਾਪਰਦੀਆਂ ਹਨ ਤੇ ਅਸੀਂ ਉਸ ਦੁੱਖੀ ਪ੍ਰਵਿਾਰ ਨਾਲ ਦੁੱਖ ਸਾਂਝਾਂ ਕਰਦੇ ਹਾਂ ਇਸ ਇਲਾਵਾ ਹੋਰ ਕੁਝ ਨਹੀਂ ਪਰ ਉਨਾਂ ਮਾਪਿਆਂ ਦਾ ਜਿਊਣਾ ਮੁਹਾਲ ਹੋ ਜਾਂਦਾ ਹੈ ਪਰ ਆਪਣੀ ਧੀ ਨੂੰ ਨਹੀਂ ਭੁੱਲਦੇ ਅਗਰ ਸਰਕਾਰ ਦਾਜ ਦਹੇਜ ਦੀ ਪ੍ਰਥਾ ਬਿਲਕੁਲ ਬੰਦ ਹੋ ਜਾਵੇ ਤਾਂ ਚੰਗਾ ਰਹੇਗਾ ਹੈ ਦਾਜ ਇੱਕ ਸਮਾਨ ਹੈ ਤੇ ਉਸ ਸਮਾਨ ਦੀ ਕੁਝ ਸਮੇਂ ਦੀ ਮਨਿਆਦ ਹੁੰਦੀ ਹੈ ਸਾਨੂੰ ਮਨਿਆਦੀ ਚੀਜਾਂ ਤੌਂ ਗੁਰੇਜ ਕਰਨਾ ਚਾਹੀਦਾ ਤੇ ਦਾਜ ਮੰਗਣ ਵਾਲੇ ਦੀ ਜਮਾਨਤ ਵੀ ਨਹੀਂ ਹੋਣੀ ਚਾਹੀਦੀ ਇਸ ਤਰਾਂ ਦੇ ਸਰਕਾਰ ਵਲੋਂ ਚੁੱਕੇ ਹੋਏ ਸਖਤ ਕਦਮ ਦਹਾਜੂਆਂ ਦੇ ਮੂੰਹ ਤੇ ਚਪੇੜ ਸਾਬਤ ਹੋਣਗੇ ਤੇ ਸਰਕਾਰ ਤੇ ਸਮਾਜ ਸੇਵੀ ਸੰਸਥਾਵਾਂ ਨੂੰ ਚਾਹੀਦਾ ਕਿ ਦਾਜ ਦਹੇਜ ਬਾਰੇ ਲੋਕਾਂ ਨੂੰ ਜਾਗਰੁਕ ਕੀਤਾ ਜਾਵੇ ਤੇ ਇਸ ਪ੍ਰਥਾ ਨੂੰ ਪੂਰਨ ਤੋਰ ਬੰਦ ਕੀਤਾ ਜਾਵੇ ਉਘੀ ਸਮਾਜ ਸੇਵਿਕਾ ਸਿਮਰਨ ਅੰ-ਬੇਡਕਰ ਨਵਾਂਸ਼ਹਿਰ ਨੇ ਆਖਿਆ ਅਗਰ ਇਸ ਦਾਜ ਪ੍ਰਥਾ ਦੀ ਗੱਲ ਕਰੀਏ ਤਾਂ ਹਰ ਰੋਜ ਕਿਤੇ ਨਾ ਕਿਤੇ ਮਾਪਿਆਂ ਦੀਆਂ ਧੀਆਂ ਦਾਜ ਦੀ ਲਪੇਟ ਚ ਆਕੇ ਮੌਤ ਦੀ ਅਗੋਸ਼ ਚ ਸਮਾ ਜਾਂਦੀਆਂ ਹਨ ਤੇ ਦਾਜ ਮੰਗਣ ਵਾਲੇ ਲਾਲਚੀ ਤਾਂ ਬਰੀ ਹੋ ਜਾਂਦੇ ਹਨ ਪਰ ਮਾ-ਪਆਂ ਨੂੰ ਇਨਸਾਫ ਨਹੀਂ ਮਿਲਦਾ ਤੇ ਮਾਪੇ ਸਾਰੀ ਉਮਰ ਆਪਣੀ ਧੀ ਦਾ ਰਾਹ ਤੱਕਦੇ ਹਨ ਪਰ ਜਿਸ ਧੀ ਨੂੰ ਜੋ ਦਾਜ ਦੇ ਦਰਿੰਦਿਆ ਨੇ ਮੌਤ ਨੂੰ ਗਲ ਨਾਲ ਲਗਾਉਣ ਮਜਬੂਰ ਕਰ ਦਿਤਾ ਪਰ ਅੱਜ ਮੈਂ ਇਹ ਗੱਲ ਉਨਾਂ ਧੀਆਂ ਨੂੰ ਕਹਿਣਾ ਚਾਹੁੰਦੀਆਂ ਕਿ ਤੁਹਾਨੂੰ ਸੰਵਿਧਾਨ ਮੁਤਾਬਕ ਹੱਕ ਮਿਲੇ ਉਨਾਂ ਹੱਕਾਂ ਦੀ ਵਰਤੋਂ ਕਰਕੇ ਇਨਾਂ ਦਾਜ ਦੇ ਲਾਲਚੀਆਂ ਨੂੰ ਸਬਕ ਸਿਖਾਉਣ ਤੇ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਅਤੇ ਮਹਿਲਾਵਾਂ ਨੂੰ ਚਾਹੀਦਾ ਕਿ ਉਸ ਧੀ ਦਾ ਸਾਥ ਦਿਓ ਜੋ ਇਸ ਪ੍ਰਥਾ ਦਾ ਸ਼ਿਕਾਰ ਹੋ ਰਹੀ ਹੈ ਬੇਸ਼ੱਕ ਉਹ ਸੱਸ, ਮਾਂ, ਭੈਣ ਜਾਂ ਕਿਸੇ ਹੋਰ ਰਿਸ਼ਤੇ ਨਾਲ ਸਬੰਧ ਰੱਖਦੀ ਹੈ ਮਹਿਲਾਵਾਂ ਨੂੰ ਨਾਰੀ ਜਾਤੀ ਦਾ ਸਾਥ ਦੇਣਾ ਚਾਹੀਦਾ ਹੈ ਅਗਰ ਇਸ ਤਰਾਂ ਦਾਜ ਦੇ ਲਾਲਚੀਆਂ ਨੂੰ ਨਕੇਲ ਨਾ ਪਾਈ ਤਾਂ ਆਉਣ ਵਾਲੇ ਸਮੇ ਚ ਦਹੇਜ ਦੀ ਅੱਗ ਹਰੇਕ ਦੇ ਵੇਹੜੇ ਤੱਕ ਪਹੁੰਚ ਜਾਵੇਗੀ ਧੀਆਂ ਨੂੰ ਅੱਗੇ ਆਉਣ ਲਈ ਉਨਾਂ ਸਾਥ ਦਿਓ ਤੇ ਸਰਕਾਰ ਨੂੰ ਸਖਤ ਕਦਮ ਚੁੱਕਣੇ ਚਾਹੀਦੇ ਹਨ।

# ਸਰਬ ਨੌਜਵਾਨ ਸਭਾ ਨੇ ਵੋਕੇਸ਼ਨਲ ਕੋਰਸ ਪੂਰੇ ਕਰਨ ਵਾਲੀਆਂ ਸਿੱਖਿਆਰਥਣਾਂ ਨੂੰ ਵੰਡੇ ਸਰਟੀਫਿਕੇਟ

## ਕੋਈ ਵੀ ਕੰਮ ਛੋਟਾ ਨਹੀਂ ਹੁੰਦਾ, ਛੋਟੀ ਸ਼ੁਰੂਆਤ ਹੀ ਅਕਸਰ ਵੱਡੇ ਕਾਰੋਬਾਰ ਦਾ ਥੰਮ ਬਣਦੀ ਹੈ - ਸੁੱਖੀ ਬਾਠ



**ਫਗਵਾੜਾ 20 ਦਸੰਬਰ (ਬੀ.ਕੇ.ਰੱਤੂ)–** ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਵਲੋਂ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ਵਿਖੇ ਵੱਖ-ਵੱਖ ਕੋਰਸ ਪੂਰੇ ਕਰਨ ਵਾਲੀਆਂ 25 ਸਿੱਖਿਆਰਥਣਾਂ ਨੂੰ ਸਰਟੀਫਿਕੇਟਾਂ ਦੀ ਵੰਡ ਕਰਨ ਸਬੰਧੀ ਇਕ ਸਮਾਗਮ ਦਾ ਆਯੋਜਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਨਗਰ ਸੁਧਾਰ ਟਰੱਸਟ ਫਗਵਾੜਾ ਦੀ ਇਮਾਰਤ ਵਿਖੇ ਕੀਤਾ ਗਿਆ।

ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਪੰਜਾਬੀ ਭਵਨ ਸਰੀ (ਕੈਨੇਡਾ) ਦੇ ਸੰਚਾਲਕ ਸੁੱਖੀ ਬਾਠ ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਪ੍ਰਿੰਸੀਪਲ ਗੁਰਮੀਤ ਪਲਾਹੀ, ਉਦਯੋਗਪਤੀ ਅਸ਼ਵਨੀ ਕੋਹਲੀ, ਆਮ ਆਦਮੀ ਪਾਰਟੀ ਆਗੂ ਸੰਤੋਸ਼ ਕੁਮਾਰ ਗੋਗੀ, ਅਨੁਰਾਗ ਮਾਨਖੰਡ ਸਾਬਕਾ ਕੌਂਸਲਰ ਤੋਂ ਇਲਾਵਾ ਜੇਸੀਟੀ ਮਿਲ ਦੇ ਜਨਰਲ ਮੈਨੇਜਰ ਹੁਸਨ ਲਾਲ ਸ਼ਾਮਲ ਹੋਏ। ਸਿਲਾਈ ਤੇ ਕਟਾਈ ਦੀ ਸਿਖਲਾਈ ਪੂਰੀ ਕਰਨ ਵਾਲੀਆਂ ਲੜਕੀਆਂ ਨੂੰ ਸਰਟੀਫਿਕੇਟ ਤਕਸੀਮ ਕਰਦੇ ਹੋਏ ਮੁੱਖ ਮਹਿਮਾਨ ਸੁੱਖੀ ਬਾਠ ਨੇ ਸਵੈ ਰੁਜਗਾਰ ਦੇ ਮਹੱਤਵ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਕੋਈ ਵੀ ਕੰਮ ਛੋਟਾ ਨਹੀਂ ਹੁੰਦਾ, ਛੋਟੀ ਸ਼ੁਰੂਆਤ ਹੀ ਅਕਸਰ ਵੱਡੇ ਕਾਰੋਬਾਰ ਦਾ ਆਧਾਰ ਹੁੰਦੀ ਹੈ। ਉਹਨਾ ਕਿਹਾ ਕਿ ਜੀਵਨ 'ਚ ਅਸੂਲ ਅਤੇ ਆਦਰਸ਼ ਅਪਨਾਉਣੇ ਚਾਹੀਦੇ ਹਨ ਅਤੇ ਉਹਨਾ ਅਨੁਸਾਰ ਹੀ ਆਪਣੀ ਜ਼ਿੰਦਗੀ ਦਾ ਸੰਘਰਸ਼ ਕਰਨਾ ਚਾਹੀਦਾ ਹੈ। ਆਪਣੇ ਵਿਚਾਰ ਪੇਸ਼ ਕਰਦਿਆਂ ਅਸ਼ਵਨੀ ਕੋਹਲੀ ਨੇ ਕਿਹਾ ਕਿ ਸਭਾ ਵਲੋਂ ਸਿੱਖਿਆਰਥੀਆਂ ਨੂੰ ਦਿੱਤੀ ਗਈ ਮਿਆਰੀ ਟਰੇਨਿੰਗ ਤਾਂ ਹੀ ਲਾਹੇਵੰਦ ਹੋ ਸਕਦੀ ਹੈ, ਜੇਕਰ ਸਿੱਖਿਆਰਥੀ ਇਮਾਨਦਾਰੀ ਨਾਲ ਕਿੱਤਾ ਅਪਨਾਉਣ ਅਤੇ ਇਸੇ ਨੂੰ ਰੁਜ਼ਗਾਰ ਦਾ ਸਾਧਨ ਬਣਾਉਣ। ਸਾਬਕਾ ਕੌਂਸਲਰ ਅਨੁਰਾਗ ਮਨਖੰਡ ਨੇ ਵੀ ਕਿੱਤਾ ਮੁੱਖੀ ਕੋਰਸਾਂ ਲਈ ਸਰਬ ਨੌ-ਜਵਾਨ ਸਭਾ ਦੀ ਸ਼ਲਾਘਾ ਕੀਤੀ।

ਆਪ ਆਗੂ ਸੰਤੋਸ਼ ਕੁਮਾਰ ਗੋਗੀ ਨੇ ਕਿਹਾ ਕਿ ਹਰ ਵਰਗ ਲਈ ਸਰਬ ਨੌਜਵਾਨ ਸਭਾ ਦੇ ਦਰਵਾਜੇ ਖੁਲ੍ਹੇ ਹਨ। ਇਸ ਦੌਰਾਨ ਪ੍ਰਿੰਸੀਪਲ ਗੁਰਮੀਤ ਪਲਾਹੀ ਅਤੇ ਰਵਿੰਦਰ ਸਿੰਘ ਰਾਏ ਨੇ ਵੀ ਆਪਣੇ ਵਢਮੁੱਲੇ ਵਿਚਾਰ ਪੇਸ਼ ਕੀਤੇ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਤੇ ਉਦਯੋਗਪਤੀ ਅਸ਼ਵਨੀ ਕੋਹਲੀ ਨੇ ਮੁੱਖ ਮਹਿਮਾਨ ਸੁੱਖੀ ਬਾਠ ਵਲੋਂ ਆਪਣੇ ਪਿੰਡ ਰਾਇਪੁਰ ਫਰਾਲਾ ਵਿਖੇ ਵੋਕੇਸ਼ਨਲ ਸੈਂਟਰ ਖੋਲ੍ਹਣ ਦੇ ਦਿੱਤੇ ਸੱਦੇ ਲਈ ਉਹਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਪਿੰਡਾਂ ਦੀਆਂ ਲੜਕੀਆਂ ਲਈ ਕਿੱਤਾ ਮੁੱਖੀ ਕੋਰਸ ਖੋਹਲਣ ਲਈ ਸਹਾਇਤਾ ਸਹਿਯੋਗ ਦੇਣਾ ਪੰਜਾਬ ਭਵਨ ਸਰੀ ਦਾ ਵੱਡਾ ਉਪਰਾਲਾ ਹੋਏਗਾ। ਉਹਨਾਂ ਜਲਦੀ ਹੀ ਪਿੰਡ ਰਾਏਪੁਰ ਫਰਾਲਾ ਵਿਖੇ ਅਤਿ ਆਧੂਨਿਕ ਸੁਵਿਧਾ ਵਾਲਾ ਵੋਕੇਸ਼ਨਲ ਸੈਂਟਰ ਸ਼ੁਰੂ ਕਰਨ ਦੀ ਗੱਲ ਵੀ ਕਹੀ। ਪ੍ਰਧਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਲੋੜਵੰਦ ਲੜਕੀਆਂ ਦੇ ਵਿਆਹ ਕੀਤੇ ਗਏ ਹਨ ਅਤੇ ਲੋਹੜੀ ਮੌਕੇ 51 ਲੜਕੀਆਂ ਦੀ ਲੋਹੜੀ ਪਾਈ ਜਾਏਗੀ। ਸਟੇਜ ਦੀ ਸੇਵਾ ਲੈਕਚਰਾਰ ਹਰਜਿੰਦਰ ਗੋਗਨਾ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਸਭਾ ਦੇ ਜਨਰਲ ਸਕੱਤਰ ਡਾ: ਵਿਜੈ ਕੁਮਾਰ, ਆਰ.ਪੀ. ਸ਼ਰਮਾ, ਡਾ: ਨਰੇਸ਼ ਬਿੱਟੂ, ਰਾਜ ਬਸਰਾ, ਨਰਿੰਦਰ ਸਿੰਘ ਸੈਣੀ, ਸੁਖਦੇਵ ਗੰਢਵਾਂ, ਸ਼ਿਵ ਕੁਮਾਰ, ਸਾਹਿਬਜੀਤ ਸਿੰਘ ਸਾਬੀ, ਜਸ਼ਨ ਮਹਿਰਾ, ਮਨਦੀਪ ਸਿੰਘ, ਸੱਤ ਪ੍ਰਕਾਸ਼ ਸੱਗੂ, ਅਨੂਪ ਦੁੱਗਲ, ਅਸ਼ੋਕ ਮਹਿਰਾ, ਮੈਨੇਜਰ ਜਗਜੀਤ ਸੇਠ, ਰਮਨ ਨਹਿਰਾ, ਬਲਬੀਰ ਸਿੰਘ, ਗੁਰਦੀਪ ਸਿੰਘ ਤੁੱਲੀ, ਪ੍ਰਿਤਪਾਲ ਕੌਰ ਤੁੱਲੀ, ਮੈਡਮ ਸੁਖਜੀਤ ਕੌਰ, ਮੈਡਮ ਪੂਜਾ ਸੈਣੀ, ਮੈਡਮ ਤਨੂੰ, ਸ਼ਮਾ ਰਾਣੀ, ਅਮਰਜੀਤ ਕੌਰ, ਅੰਸ਼ੂ ਕੁਮਾਰੀ, ਹਰਪ੍ਰੀਤ ਜੱਸਲ, ਪਲਕੀ, ਰਜਨੀ ਬਾਲਾ, ਰੇਖਾ ਨਾਰੰਗ, ਸਿਮਰਜੀਤ, ਸ਼ਿਵਾਨੀ ਸਿੰਘ, ਰਾਜਵਿੰਦਰ ਕੌਰ, ਸਿਮਰਨ, ਰੀਨਾ ਰਾਣੀ, ਜਾਸਮੀਨ, ਸੋਨਮ, ਪ੍ਰੀਆ, ਕਮਲਜੀਤ, ਖੁਸ਼ਬੂ, ਦੀਪਿਕਾ ਚਾਵਲਾ, ਸੁਖਵਿੰਦਰ ਕੌਰ, ਰਿਤਿਕਾ, ਨੇਹਾ, ਸ਼ਾਂਤੀ, ਹਰਮੀਤ ਕੌਰ, ਹਰਕੋਮਲ, ਅਪਰਨਾ, ਸੰਧਿਆ, ਹੁਸਨਿਆਰਾ, ਸੋਨੀਆ ਆਦਿ ਹਾਜ਼ਰ ਸਨ।

# ਕਿਸਾਨ ਅੰਦੋਲਨ ਦੌਰਾਨ ਰੇਲਵੇ ਸੁਰੱਖਿਆ ਬਲਾਂ ਵਲੋਂ ਦਰਜ ਕੇਸ ਵਾਪਸ ਲੈਣਾ ਕੇਂਦਰ ਸਰਕਾਰ ਦਾ ਸਵਾਗਤਯੋਗ ਕਦਮ: ਬਿਕਰਮਜੀਤ ਸਿੰਘ ਚੀਮਾ

## 'ਆਪ' ਸਰਕਾਰ ਵੱਲੋਂ ਕਿਸਾਨਾਂ 'ਤੇ ਜ਼ੁਲਮ, ਸੰਘਰਸ਼ਸ਼ੀਲ ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ 'ਤੇ ਲਾਠੀਚਾਰਜ ਕਰਨਾ ਮਾਨ ਸਰਕਾਰ ਦਾ ਘਿਨੌਣਾ ਕਦਮ

**ਚੰਡੀਗੜ੍ਹ–** ਕੇਂਦਰ ਦੀ ਮੋਦੀ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਰੇਲਵੇ ਸੁਰੱਖਿਆ ਬਲ ਵੱਲੋਂ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਖ਼ਿਲਾਫ਼ ਦਰਜ ਕੀਤੇ ਕੇਸ ਵਾਪਸ ਲਏ ਜਾਣ ਦਾ ਪੰਜਾਬ ਭਾਜਪਾ ਦੇ ਸੂਬਾ ਜਨਰਲ ਸਕੱਤਰ ਬਿਕਰਮਜੀਤ ਸਿੰਘ ਚੀਮਾ ਅਤੇ ਕਿਸਾਨ ਮੋਰਚਾ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਨੈਣੇਵਾਲ ਨੇ ਇਸਦਾ ਸਵਾਗਤ ਕਰਦਿਆਂ ਕਿਹਾ ਕਿ ਗ੍ਰਹਿ ਮੰਤਰਾਲੇ ਨੇ ਕਿਸਾਨ ਅੰਦੋਲਨ ਦੌਰਾਨ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੀ ਮੰਗ ਨੂੰ ਪੂਰਾ ਕਰਦੇ ਹੋਏ 86 ਕੇਸ ਵਾਪਸ ਲੈਣ ਦੀ ਮਨਜ਼ੂਰੀ ਦੇ ਦਿੱਤੀ ਹੈ। ਬੀ ਜੇ ਪੀ ਦਫਤਰ ਸੈਕਟਰ 37 ਏ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਿਤ ਕਰਦੇ ਕਿਹਾ ਕਿ ਭਾਜਪਾ ਪੰਜਾਬ ਇਸ ਲਈ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਮੁੱਚੀ ਭਾਰਤ ਸਰਕਾਰ ਦਾ ਧੰਨਵਾਦ ਕਰਦੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਇੱਕ ਵਾਰ ਫਿਰ ਕਿਸਾਨਾਂ 'ਤੇ ਦਰਜ ਕੇਸ ਵਾਪਸ ਲੈ ਕੇ ਕਿਸਾਨ ਹਿਤੈਸ਼ੀ ਹੋਣ ਦਾ ਸਬੂਤ ਦਿੱਤਾ ਹੈ।

ਬਿਕਰਮਜੀਤ ਸਿੰਘ ਚੀਮਾ ਨੇ ਕਿਹਾ ਕਿ ਕਿਸਾਨ ਅੰਦੋਲਨ ਸਾਲ ਤੋ ਜਿਆਦਾ ਸਮਾ ਚੱਲਿਆ ਪਰ ਕੇਂਦਰ ਸਰਕਾਰ ਨੇ ਕਦੇ ਵੀ ਕਿਸਾਨਾ ਤੇ ਸਖਤੀ ਨਹੀ ਵਰਤੀ, ਕੋਈ ਲਾਠੀਚਾਰਜ ਨਹੀ ਕੀਤਾ। ਪਰ ਪੰਜਾਬ ਦੇ ਕਿਸਾਨਾ ਦੇ ਹਿਮਾਇਤੀ ਹੋਣ ਦਾ ਢੰਡੋਰਾ ਪਿੱਟ ਕੇ ਸੱਤਾ ਵਿਚ ਆਈ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਕਿਸਾਨ ਮਜ਼ਦੂਰਾ ਤੇ ਅੱਤਿਆਚਾਰ ਕਰਨੇ ਸੁਰੂ ਕਰ ਦਿੱਤੇ ਹਨ ਜਿਸ ਦੀ ਮਿਸਾਲ ਮੁੱਖ ਮੰਤਰੀ ਦੇ ਇਲਾਕੇ ਸੰਗਰੂਰ ਵਿਖੇ ਕਿਸਾਨ ਮਜਦੂਰ ਯੂਨੀਅਨ ਤੇ ਬੁਰੀ ਤਰਾ ਲਾਠੀਚਾਰਜ ਚਾਰਜ ਕਰਨਾ, ਜੀਰਾ ਵਿਖੇ ਸੰਘਰਸ਼ ਰਹੇ ਕਿਸਾਨ, ਮਜਦੂਰਾ, ਔਰਤਾ ਤੇ ਲਾਠੀਚਾਰਜ ਕਰਨਾ ਹੈ।




ਬਿਕਰਮਜੀਤ ਸਿੰਘ ਚੀਮਾ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਹਰ ਫਰੰਟ ਤੇ ਬੁਰੀ ਤਰਾ ਫੇਲ੍ਹ ਹੋ ਚੁੱਕੀ ਹੈ, ਸਰਕਾਰ ਪੰਜਾਬ ਦੇ ਲੋਕਾ ਨਾਲ ਕੀਤੇ ਵਾਅਦੇ ਪੂਰੇ ਨਹੀ ਕਰ ਰਹੀ, ਕਿਸਾਨਾ ਨੂੰ ਸਮੇ ਸਿਰ ਖਾਦ ਨਹੀ ਮਿਲ ਰਹੀ ਹੈ,ਪੰਜਾਬ ਦੇ ਕਿਸਾਨਾ ਨੇ ਸਰਕਾਰ ਤੇ ਵਿਸਵਾਸ਼ ਕਰਕੇ ਮੂੰਗੀ ਦੀ ਫਸਲ ਬੀਜੀ ਪਰ ਪੰਜਾਬ ਸਰਕਾਰ ਨੇ ਪੰਜਾਬ ਦੇ ਕਿਸਾਨਾ ਨਾਲ ਧੋਖਾ ਕੀਤਾ ਮੂੰਗੀ ਦੀ ਫਸਲ ਐਮ ਐਸ ਪੀ ਤੇ ਨਹੀ ਖਰੀਦੀ। ਉਹਨਾ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਦੀ ਭਾਵ ਅੰਤਰ ਯੋਜਨਾ ਦਾ ਲਾਭ ਕਿਸਾਨਾ ਤੱਕ ਨਹੀ ਪਹੁੰਚਾ ਰਹੀ ਹੈ।ਉਹਨਾ ਦੱਸਿਆ ਕਿ ਪੰਜਾਬ ਦੀਆ ਟੇਲਾ ਤੇ ਪਾਣੀ ਨਹੀ ਪਹੁੰਚ ਰਿਹਾ ਹੈ ਜਿਸ ਕਰਕ ਅਬੋਹਰ, ਫਾਜਿਲਕਾ ਆਦਿ ਜਿਲਿਆ ਵਿੱਚ ਬਾਗ ਆਦਿ ਖਰਾਬ ਹੋ ਗਏ ਹਨ।

ਬਿਕਰਮਜੀਤ ਸਿੰਘ ਚੀਮਾ ਨੇ ਕਿਹਾ ਕੀ ਪੰਜਾਬ ਸਰਕਾਰ ਆਪਣੇ ਵਾਅਦੇ ਅਨੁਸਾਰ ਕਿਸਾਨਾ ਦਾ ਸਾਰਾ ਕਰਜਾ ਮੁਆਫ ਕਰੇ। ਉਹਨਾਂ ਕਿਹਾ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਕੋਈ ਵੀ ਕਿਸਾਨ ਖ਼ੁਦਕੁਸ਼ੀ ਨਹੀਂ ਕਰੇਗਾ, ਪਰ ਪੰਜਾਬ ਵਿੱਚ ਸਾਡੇ ਕਿਸਾਨ ਭਰਾ ਲਗਾਤਾਰ ਖ਼ੁਦਕੁਸ਼ੀਆਂ ਕਰ ਰਹੇ ਹਨ ਜੋ ਬਹੁਤ ਮੰਦਭਾਗਾ ਹੈ। ਉਨ੍ਹਾਂ ਆਮ ਆਦਮੀ ਪਾਰਟੀ ਨੂੰ ਉਸਦੇ ਵਾਅਦੇ ਯਾਦ ਕਰਵਾਉਂਦੀਆਂ ਕਿਹਾ ਕਿ ਕਿਸਾਨਾਂ ਦੇ ਕਰਜ਼ੇ ਤੁਰੰਤ ਮੁਆਫ਼ ਕੀਤੇ ਜਾਣ ਤਾਂ ਜੋ ਕਿਸਾਨਾਂ ਨੂੰ ਕੁਝ ਰਾਹਤ ਮਿਲ ਸਕੇ। ਚੀਮਾ ਨੇ ਕਿਹਾ ਕਿ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਇਸ ਦੇ ਮੁੱਖ ਕਿੱਤੇ ਪ੍ਰਤੀ ਕੋਈ ਵੀ ਅਣਗਹਿਲੀ ਸਾਡੇ ਲਈ ਬੜੀ ਘਾਤਕ ਸਾਬਤ ਹੋਵੇਗੀ।

## ਉੱਤਰੀ ਕੈਲੀਫੋਰਨੀਆ ਵਿਚ ਆਏ ਜਬਰਦਸਤ ਭੂਚਾਲ ਕਾਰਨ 2 ਮੌਤਾਂ 12 ਤੋਂ ਵਧ ਜ਼ਖਮੀ

(ਸਫਾ 1 ਦੀ ਬਾਕੀ)

**ਸੈਕਰਾਮੈਂਟੋ 21 ਦਸੰਬਰ (ਹੁਸਨ ਲੜੋਆ ਬੰਗਾ)–** ਉੱਤਰੀ ਕੈਲੀਫੋਰਨੀਆ ਵਿਚ 6.4 ਤੀਬਰਤਾ ਨਾਲ ਆਏ ਜਬਰਦਸਤ ਭੂਚਾਲ ਕਾਰਨ ਘੱਟੋ ਘੱਟ 2 ਮੌਤਾਂ ਹੋਈਆਂ ਹਨ ਤੇ 12 ਤੋਂ ਵਧ ਲੋਕ ਜ਼ਖਮੀ ਹੋਏ ਹਨ। ਇਹ ਜਾਣਕਾਰੀ ਸਥਾਨਕ ਅਧਿਕਾਰੀਆਂ ਨੇ ਦਿੱਤੀ ਹੈ। ਇਹ ਗਿਣਤੀ ਵਧ ਸਕਦੀ ਹੈ। ਸਨ ਫਰਾਂਸਿਸਕੋ ਤੋਂ ਤਕਰੀਬਨ 250 ਮੀਲ ਦੂਰ ਉੱਤਰ ਵਿਚ ਹਮਬੋਲਡਟ ਕਾਊਂਟੀ ਦੇ ਆਸਪਾਸ ਭੂਚਾਲ ਨੇ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਪਹੁੰਚਾਇਆ ਤੇ ਹਜਾਰਾਂ ਘਰਾਂ ਤੇ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਗੁਲ ਹੋ ਗਈ। ਯੂ ਐਸ ਜੀਓਲੌਜੀਕਲ ਸਰਵੇ ਅਨੁਸਾਰ ਭੂਚਾਲ ਤੜਕਸਾਰ 2.34 ਵਜੇ ਆਇਆ ਜਿਸ ਦਾ ਕੇਂਦਰ ਬਿੰਦੂ ਫਰਨਡੇਲ ਦੇ ਪੱਛਮ ਵਿਚ ਤਕਰੀਬਨ ਸਾਢੇ 7 ਮੀਲ ਦੂਰ ਪ੍ਰਸ਼ਾਂਤ ਮਹਾਸਾਗਰ ਰਿਹਾ ਜਿਸ ਦੀ ਡੂੰਘਾਈ 16 ਮੀਲ ਤੋਂ ਵਧ ਰਹੀ। ਇਹ ਸ਼ਹਿਰ ਕੈਲੀਫੋਰਨੀਆ ਤੇ ਉਰੇਗੋਨ ਸਟੇਟ ਲਾਈਨ ਦੇ ਨੇੜੇ ਈਊਰੇਕਾ ਦੇ ਦੱਖਣ ਵਿਚ ਤਕਰੀਬਨ 19 ਮੀਲ ਦੀ ਦੂਰੀ 'ਤੇ ਸਥਿੱਤ ਹੈ। ਫਰਨਡੇਲ ਵਿਚ ਇਕ ਪੁਲ ਨੂੰ ਪੁੱਜੇ ਨੁਕਸਾਨ ਕਾਰਨ ਉਸ ਨੂੰ ਬੰਦ ਕਰ ਦਿੱਤਾ ਗਿਆ ਹੈ। ਜੀਓਲੌਜੀਕਲ ਸਰਵੇ ਨੇ ਚਿਤਾਵਨੀ ਦਿੱਤੀ ਹੈ ਕਿ ਛੋਟੀ ਤੀਬਰਤਾ ਵਾਲੇ ਹੋਰ ਭੂਚਾਲ ਵੀ ਆ ਸਕਦੇ ਹਨ ਜਿਨਾਂ ਦੀ ਤੀਬਰਤਾ 4 ਤੱਕ ਹੋ ਸਕਦੀ ਹੈ। ਹਮਬੋਲਡਟ ਕਾਊਂਟੀ ਦੇ ਸ਼ੈਰਿਫ ਵਿਲੀਅਮ ਹੋਨਸਲ ਅਨੁਸਾਰ ਮਾਰ ਗਏ ਵਿਅਕਤੀਆਂ ਦੀ ਉਮਰ 72 ਤੇ 83 ਸਾਲ ਸੀ।

ਇਕ ਮੌਤ ਰੀਓ ਡੈਲ ਵਿਚ ਹੋਈ ਹੈ ਜਦ ਕਿ ਦੂਸਰੀ ਮੌਤ ਦਾ ਸਥਾਨ ਸਪੱਸ਼ਟ ਨਹੀਂ ਹੋ ਸਕਿਆ ਹੈ। ਉਨਾਂ ਕਿਹਾ ਕਿ ਇਹ ਮੌਤਾਂ ਭੂਚਾਲ ਕਾਰਨ ਪੈਦਾ ਹੋਈ ਹੰਗਾਮੀ ਸਥਿੱਤੀ ਦੇ ਮੱਦੇਨਜਰ ਸਮੇ ਸਿਰ ਡਾਕਟਰੀ ਸਹਾਇਤਾ ਨਾ ਮਿਲਣ ਕਾਰਨ ਹੋਈਆਂ ਹਨ। ਉਨਾਂ ਕਿਹਾ ਹੈ ਕਿ ਅਜੇ ਤੱਕ ਕੁਲ 12 ਲੋਕਾਂ ਦੀ ਜ਼ਖਮੀ ਹੋਣ ਦੀ ਰਿਪੋਰਟ ਹੈ ਪਰੰਤੂ ਇਹ ਗਿਣਤੀ ਵਧ ਸਕਦੀ ਹੈ। ਹਮਬੋਲਡਟ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਐਲਾਨ ਕੀਤਾ ਹੈ ਕਿ ਸਮੁੱਚੀ ਕਾਊਂਟੀ ਵਿਚ ਘਰਾਂ ਤੇ ਸੜਕਾਂ ਨੂੰ ਨੁਕਸਾਨ ਪੁੱਜਾ ਹੈ ਜਿਸ ਕਾਊਂਟੀ ਦੀ ਕੁਲ ਆਬਾਦੀ ਤਕਰੀਬਨ 1,36,000 ਹੈ। ਰਾਜ ਦੀ ਟਰਾਂਸਪੋਰਟੇਸ਼ਨ ਏਜੰਸੀ ਦੇ ਡਾਇਰੈਕਟਰ ਟੋਨੀ ਟਾਵੇਰਸ ਨੇ ਜਾਣਕਾਰੀ ਦਿੱਤੀ ਹੈ ਕਿ ਫਰਨਡੇਲ ਤੋਂ ਯੂ ਐਸ 101 ਨੂੰ ਜੋੜਦੇ ਫਰਨਪੁਲ ਨੂੰ ਕਾਫੀ ਨੁਕਸਾਨ ਪੁੱਜਾ ਹੈ।

## ਸਿਆਟਲ ਤੇ ਟਰਾਈਸਿਟੀਜ਼ ਦੇ ਪੰਜਾਬੀ ਭਾਈਚਾਰੇ ਨੇ ਅਮਰਜੀਤ ਸਿੰਘ ਬਾਠ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ ਦਿੱਤੀ





**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਰਬੱਤ ਦਾ ਭਲਾ ਟਰੱਸਟ ਸਿਆਟਲ ਦੇ ਪ੍ਰਧਾਨ ਦਇਆਬੀਰ ਸਿੰਘ ਪਿੰਟੂ ਬਾਠ ਤੇ ਵੱਡੇ ਭਰਾ ਸ਼ਰਨਜੀਤ ਸਿੰਘ ਦੇ ਸਤਿਕਾਰਯੋਗ ਪਿਤਾ ਜੀ ਅਮਰਜੀਤ ਸਿੰਘ ਬਾਠ (86) ਨੂੰ ਸਿਆਟਲ ਤੇ ਟਰਾਈਸਿਟੀਜ਼ ਦੇ ਪੰਜਾਬੀ ਭਾਈਚਾਰੇ ਨੇ ਟਰਾਈਸਿਟੀਜ਼ ਵਿਚ ਰਿਚਲੈਂਡ ਦੇ ਫਿਊਨਲ ਹੋਮ ਵਿਚ ਸਸਕਾਰ ਸਮੇਂ ਸੇਜਲ ਅੱਖਾਂ ਨਾਲ ਵਿਦਾਇਗੀ ਦਿੱਤੀ ਅਤੇ ਅੰਤਿਮ ਅਰਦਾਸ ਵਿਚ ਸ਼ਾਮਲ ਹੋਏ। ਇਸ ਮੌਕੇ ਸਟੇਜ ਦਾ ਸੰਚਾਲਨ ਆਗਿਆਪਾਲ ਸਿੰਘ ਬਾਠ ਨੇ ਬੜੇ ਸੁਚੱਜੇ ਢੰਗ ਨਾਲ ਕੀਤਾ ਅਤੇ ਜੋਗਾ ਸਿੰਘ ਬਾਠ, ਸਮਾਜ ਸੇਵੀ ਸੰਸਥਾ ਦੇ ਬਾਨੀ ਬਲਵੰਤ ਸਿੰਘ ਔਲਖ ਤੇ ਸੁਖਚੈਨ ਸਿੰਘ ਸੰਧੂ, ਸ਼ਿਕਾਗੋ ਤੋਂ ਦਲਜੀਤ ਸਿੰਘ, ਤਰਲੋਕ ਸਿੰਘ ਹੁੰਦਲ, ਮਨੀ ਸਰੈਵਾਲ ਕੈਲੇਫੋਰਨੀਆ ਤੇ ਗੁਰਦੀਪ ਸਿੰਘ ਸਿੱਧੂ ਨੇ ਸ਼ਰਧਾਂਜਲੀ ਭਾਸ਼ਣ ਵਿਚ ਦੱਸਿਆ ਕਿ ਅਮਰਜੀਤ ਸਿੰਘ ਬਾਠ ਬਹੁਤ ਮਿਹਨਤੀ, ਮਿਲਣਸਾਰ ਤੇ ਸਮਾਜ ਸੇਵੀ ਅਤੇ ਦਾਨੀ ਸਨ। ਗੁਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਅਮਰਜੀਤ ਸਿੰਘ ਬਾਠ ਲੋੜਵੰਦਾਂ ਦੀ ਮਦਦ ਕਰਦੇ ਸਨ, ਜਿਹਨਾਂ ਦੀ ਰਹਿ–ਨੁਮਾਈ ਹੇਠ ਪਰਿਵਾਰ ਨੇ ਤਰੱਕੀ ਕੀਤੀ ਅਤੇ ਉਹਨਾਂ ਦੇ ਦਿਸ਼ਾ ਨਿਰਦੇਸ਼ ਅਨੁਸਾਰ ਡਾ. ਐਸ. ਪੀ. ਸਿੰਘ ਉਬਰਾਏ ਨਾਲ ਮਿਲ ਕੇ ਸਮਾਜ ਦੇ ਲੋੜਵੰਦ ਲੋਕਾਂ ਦੀ ਮਦਦ ਵਿਚ ਯੋਗਦਾਨ ਪਾਉਣਾ ਸ਼ੁਰੂ ਕਰ ਦਿੱਤਾ। ਜੋਗਾ ਸਿੰਘ ਬਾਠ ਨੇ ਦੱਸਿਆ ਕਿ ਬਾਠ ਪਰਿਵਾਰ ਵਿਚ ਪੰਜ ਭਰਾਵਾਂ ’ਚ ਇਕੱਲ ਹੀ ਰਹਿ ਗਏ ਸਨ ਜੋ ਸਦੀਵੀ ਵਿਛੋੜਾ ਦੇ ਗਏ ਹਨ ਅਤੇ ਪਰਿਵਾਰ ਨੂੰ ਇੱਕਜੁਟ ਵੇਖਣਾ ਚਾਹੁੰਦੇ ਸਨ।

ਭਾਈ ਵਰਿਆਮ ਸਿੰਘ ਦੇ ਕੀਰਤਨੀ ਜਥੇ ਨੇ ਵੈਰਾਗਮਈ ਕੀਰਤਨ ਕਰਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਦਿੱਤੀ ਅਤੇ ਗੁਰੂ ਘਰ ਦੇ ਵਜੀਰ ਭਾਈ ਗੁਰਮੇਲ ਸਿੰਘ ਨੇ ਅੰਤਮ ਅਰਦਾਸ ਕੀਤੀ, ਜਿੱਥੇ ਭਾਰੀ ਗਿਣਤੀ ਵਿਚ ਸੰਗਤ ਨੇ ਸ਼ਾਮਲ ਹੋ ਕੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਕਾਮਨਾ ਕੀਤੀ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਮਹੰਤ ਕਰਮਜੀਤ ਸਿੰਘ ਹਰਿਆਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ


**ਅੰਮ੍ਰਿਤਸਰ (ਬਿਊਰੋ)** ਹਰਿਆਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਵਾਂ ਪ੍ਰਧਾਨ ਮਿਲ ਗਿਆ ਹੈ। ਮਹੰਤ ਕਰਮਜੀਤ ਸਿੰਘ ਨੂੰ ਪ੍ਰਧਾਨ ਚੁਣਿਆ ਗਿਆ ਹੈ। ਦਰਅਸਲ ਚੋਣ ਲਈ ਸਾਹਮਣੇ ਹੋਰ ਕੋਈ ਉਮੀਦਵਾਰ ਨਹੀਂ ਆਇਆ ਤੇ ਬਲਜੀਤ ਸਿੰਘ ਦਾਦੂਵਾਲ ਚੋਣ ਮੀਟਿੰਗ ਦਾ ਬਾਈਕਾਟ ਕਰਦੇ ਹੋਏ ਬਾਹਰ ਆ ਗਏ। ਇਸ ਕਾਰਨ 36 ਮੈਂਬਰਾਂ ਵੱਲੋਂ ਮਹੰਤ ਕਰਮਜੀਤ ਸਿੰਘ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। 38 ਮੈਂਬਰੀ ਐਡਹਾਕ ਕਮੇਟੀ 'ਚੋਂ ਦੋ



ਮੈਂਬਰ ਬਾਹਰ ਰਹੇ।

ਇਸ ਤੋਂ ਪਹਿਲਾਂ ਸਾਬਕਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਸਰਕਾਰੀ ਦਖ਼ਲਅੰਦਾਜ਼ੀ ਦਾ ਦੋਸ਼ ਲਾਉਂਦਿਆਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਮੈਂਬਰ ਨਾ ਬਣਾਏ ਜਾਣ ਦੀ ਗੱਲ ਕਰਦਿਆਂ ਅਸਤੀਫ਼ਾ ਦੇ ਦਿੱਤਾ ਸੀ ਤੇ ਬਲਜੀਤ ਸਿੰਘ ਦਾਦੂਵਾਲ ਮੀਟਿੰਗ ਦਾ ਬਾਈਕਾਟ ਕਰ ਗਏ। ਜਦਿਕ ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਨੇ ਬੈਠਕ ਦਾ ਬਾਈਕਾਟ ਕੀਤਾ।

## ਪੰਜਾਬ ਸਣੇ ਉੱਤਰੀ ਭਾਰਤ ’ਚ ਸੰਘਣੀ ਧੁੰਦ



**ਨਵੀਂ ਦਿੱਲੀ–** ਰਾਸ਼ਟਰੀ ਰਾਜਧਾਨੀ ਅੱਜ ਸਵੇਰੇ ਧੁੰਦ ਦੀ ਲਪੇਟ ’ਚ ਰਹੀ, ਜਿਸ ਕਾਰਨ ਰੇਲ ਅਤੇ ਸੜਕੀ ਆਵਾਜਾਈ ਪ੍ਰਭਾਵਿਤ ਹੋਈ। ਰੇਲਵੇ ਦੇ ਬੁਲਾਰੇ ਨੇ ਦੱਸਿਆ ਕਿ ਕਰੀਬ 18 ਰੇਲ ਗੱਡੀਆਂ ਡੇਢ ਤੋਂ ਪੰਜ ਘੰਟੇ ਦੇਰੀ ਨਾਲ ਚੱਲ ਰਹੀਆਂ ਸਨ।

ਦਿੱਲੀ ਹਵਾਈ ਅੱਡੇ 'ਤੇ ਉਡਾਣਾਂ ਆਮ ਹਨ। ਅਧਿਕਾਰੀ ਮੁਤਾਬਕ ਚੰਡੀਗੜ੍ਹ, ਵਾਰਾਨਸੀ ਅਤੇ ਲਖਨਊ 'ਚ ਖਰਾਬ ਮੌਸਮ ਕਾਰਨ ਮੰਗਲਵਾਰ ਰਾਤ ਨੂੰ ਤਿੰਨ ਉਡਾਣਾਂ ਦਿੱਲੀ ਵੱਲ ਮੋੜ ਦਿੱਤੀਆਂ ਗਈਆਂ ਜਾਂ ਉਨ੍ਹਾਂ ਦਾ ਰਾਹ ਬਦਲ ਦਿੱਤਾ ਗਿਆ। ਪੰਜਾਬ, ਹਰਿਆਣਾ, ਉੱਤਰ-ਪੱਛਮੀ ਰਾਜਸਥਾਨ, ਉੱਤਰ ਪ੍ਰਦੇਸ਼, ਬਿਹਾਰ ਅਤੇ ਉੱਤਰਾਖੰਡ ਦੇ ਕੁਝ ਹਿੱਸਿਆਂ ਵਿਚ ਅਸਮਾਨ ਵਿੱਚ ਸੰਘਣੀ ਤੋਂ ਬਹੁਤ ਸੰਘਣੀ ਧੁੰਦ ਛਾਈ ਰਹੀ।

# ਚਮਕੌਰ ਦੀ ਜੰਗ (21-23, ਦਸੰਬਰ 1704)



ਮੁਗਲ ਬਾਦਸ਼ਾਹ ਅਕਬਰ ਤੋਂ ਬਾਅਦ ਜਹਾਂਗੀਰ 3 ਨਵੰਬਰ, 1605 ਨੂੰ ਤਖਤ 'ਤੇ ਬੈਠਾ। ਉਸਦੇ ਜਬਰੀ ਧਰਮ ਪ੍ਰੀਵਰਤਨ ਦੇ ਖ਼ੂਨੀ ਇਰਾਦੇ ਹੇਠ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਜ਼ੁਲਮ ਦੇ ਟਾਕਰੇ ਲਈ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਕ ਰੂਹਾਨੀ ਅਗਵਾਈ ਦੂਸਰੀ ਸੰਸਾਰਕ ਅਗਵਾਈ ਦੀ। ਉਹਨਾਂ ਨੇ ਸਿੱਖ ਕੌਮ ਨੂੰ ਹਥਿਆਰਬੰਦ ਹੋ ਕੇ ਸੰਤ-ਸਿਪਾਹੀ ਦਾ ਸਿਧਾਂਤ ਦਿੱਤਾ। ਸਿੱਖ ਕੌਮ ਨੂੰ ਬਕਾਇਦਾ ਸੰਗਠਿਤ ਫੌਜ ਵਜੋਂ ਜਥੇਬੰਦ ਕੀਤਾ। ਜਿਸ ਹੇਠ ਗੁਰੂ ਸਾਹਿਬ ਜੀ ਨੇ ਜੰਗਾਂ ਵੀ ਜਿੱਤੀਆਂ।

ਮਾਰਚ 30, 1664 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਗੱਦੀ 'ਤੇ ਬੈਠੇ। ਮੁਗਲ ਬਾਦਸ਼ਾਹ ਔਰੰਗਜੇਬ ਦੇ ਦੂਸਰੇ ਧਰਮਾਂ ਪ੍ਰਤੀ ਜ਼ੁਲਮ ਵਧਦੇ ਗਏ। ਉਸਨੇ ਗੁਰੂ ਸਾਹਿਬ ਜੀ ਦੇ ਧਰਮ ਪ੍ਰਚਾਰ ਨੂੰ ਖਤਮ ਕਰਨ ਦੀ ਨੀਤੀ ਅਪਣਾਈ ਹੋਈ ਸੀ। ਜ਼ੁਲਮ ਦਾ ਭਿਆਨਕ ਸਮਾਂ ਆਉਂਦਾ ਜਾਣ ਕੇ ਉਹਨਾਂ ਆਪਣੇ ਸਾਹਿਬਜ਼ਾਦੇ ਗੋਬਿੰਦ ਰਾਏ ਜੀ ਨੂੰ ਸ਼ਸ਼ਤਰ ਅਤੇ ਸ਼ਾਸਤਰ ਅਭਿਆਸ ਵਿਚ ਨਿਪੁੰਨ ਕੀਤਾ। ਇਕ ਅਜਿਹੀ ਦ੍ਰਿੜ੍ਹ ਸ਼ਖਸੀਅਤ ਬਣਾਇਆ ਕਿ ਆਪਣੇ ਗੁਰ-ਪਿਤਾ ਜੀ ਨੂੰ ਧਰਮ ਦੀ ਰੱਖਿਆ ਕਰਨ ਲਈ ਕੁਰਬਾਨ ਹੋਣ ਭੇਜਿਆ। ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਉਹਨਾਂ ਦਾ ਸਾਹਿਬਜ਼ਾਦਾ ਸਿੱਖ ਕੌਮ ਦੀ ਅਗਵਾਈ ਕਰਨ ਦੇ ਸਮਰੱਥ ਹੋਵੇਗਾ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 11 ਨਵੰਬਰ, 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ। ਇਸ ਲਾਸਾਨੀ ਸ਼ਹੀਦੀ ਨਾਲ ਮੁਗਲਾਂ ਦਾ ਪਤਨ ਸ਼ੁਰੂ ਹੋਇਆ। ਨਵੰਬਰ 24, 1675 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਉਹਨਾਂ ਜਾਣ ਲਿਆ ਕਿ ਹੁਣ ਧਰਮ ਅਤੇ ਸਵੈ-ਰੱਖਿਆ ਲਈ ਹਥਿਆਰਬੰਦ ਹੋ ਕੇ ਜ਼ੁਲਮ ਦੇ ਖਿਲਾਫ ਜੂਝਣ ਤੋਂ ਬਿਨਾਂ ਕੋਈ ਚਾਰਾ ਨਹੀਂ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਸਾਹਿਬ ਜੀ ਨੇ ਗੁਰਬਾਣੀ ਅਤੇ ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਦਾ ਡੂੰਘਾ ਅਧਿਐਨ ਕੀਤਾ। ਉਹ ਮੁਗਲਾਂ ਦੇ ਸਮੇਂ ਸਮੇਂ ਕੀਤੇ ਜ਼ੁਲਮਾਂ ਤੋਂ ਜਾਣੂ ਹੋਏ। ਗੁਰੂ ਸਾਹਿਬ ਜੀ ਨੇ ਅਜਿਹੇ ਹਾਲਾਤਾਂ ਵਿਚ ਦੁਸ਼ਮਣ ਨਾਲ ਟੱਕਰ ਲੈਣ ਲਈ ਵਕਤ ਸੰਭਾਲਣਾ ਸੀ। ਸਿੱਖ ਕੌਮ ਵਿਚ ਚੜ੍ਹਦੀਕਲਾ ਦਾ ਜਜ਼ਬਾ ਭਰਨ ਲਈ 1699 ਈ: ਵਿਚ ਖਾਲਸਾ ਪੰਥ ਸਾਜਿਆ। ਮਨੁੱਖ ਦੀ ਪੂਰਨ ਆਜ਼ਾਦੀ ਤੇ ਪਹਿਰਾ ਦਿੱਤਾ। ਸਿੱਖ ਧਰਮ ਦੇ ਗਣਰਾਜੀਆਂ ਨੂੰ ਖਾਲਸਾ ਫੌਜੀ ਬਣਾਉਣਾ ਸੀ। ਵਿਉਂਤਬੰਦੀ ਲਈ ਸ਼ਾਂਤ ਵਾਤਾਵਰਣ ਦੀ ਤਲਾਸ਼ ਸੀ। ਉਹ ਪਾਉਂਟਾ ਸਾਹਿਬ ਜਾ ਠਹਿਰੇ। ਨਾਹਨ ਦੇ ਰਾਜੇ ਨੇ ਗੁਰੂ ਸਾਹਿਬ ਜੀ ਨੂੰ ਉਥੇ ਹੀ ਟਿਕ ਜਾਣ ਲਈ ਜਗ੍ਹਾ ਦਿੱਤੀ। ਗੁਰੂ ਸਾਹਿਬ ਜੀ ਨੇ ਪਾਉਂਟਾ ਕਿਲਾ ਉਸਾਰ ਲਿਆ। ਗੁਰੂ ਸਾਹਿਬ ਜੀ ਦੀ ਵਧਦੀ ਫੌਜੀ ਤਾਕਤ ਤੋਂ ਮੁਗਲਾਂ ਦੇ ਨਾਲ-ਨਾਲ ਬਾਈਧਾਰ ਦੇ ਪਹਾੜੀ ਰਾਜੇ ਵੀ ਭੈਅ-ਭੀਤ ਸਨ। ਮੁਗਲ ਬਾਦਸ਼ਾਹ ਔਰੰਗਜੇਬ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦਾ ਖ਼ੂਨੀ ਇਰਾਦਾ ਬਣਾ ਲਿਆ। ਇਸ ਲਈ ਜ਼ੁਲਮ ਖਿਲਾਫ ਟੱਕਰ ਹੋਣੀ ਲਾਜਮੀ ਸੀ। ਗੁਰੂ ਸਾਹਿਬ ਜੀ ਨੂੰ ਜੰਗਾਂ ਸਹੇੜਨੀਆਂ ਪਈਆਂ। ਜਿਵੇਂ ਭੰਗਾਣੀ, ਨੰਦੋਨ, ਗੁਲੇਰ ਹੁਸੈਨੀ, ਆਨੰਦਪੁਰ ਦੀ ਪਹਿਲੀ ਜੰਗ, ਨਿਰਮੋਹ, ਸਤਲੁਜ, ਬਸੌਲੀ, ਆਨੰਦਪੁਰ ਦੀ ਦੂਜੀ ਜੰਗ, ਸ਼ਾਹੀ ਟਿੱਬਾ, ਸਿਰਸਾ, ਖਿਦਰਾਣਾ ਅਤੇ ਵਿਸ਼ੇ ਅਧੀਨ ਚਮਕੌਰ ਸਾਹਿਬ ਦੀ ਜੰਗ।

ਚਲਦੀਆਂ ਜੰਗਾਂ ਵਿਚ ਆਨੰਦਪੁਰ ਦੀ 1704 ਦੀ ਜੰਗ ਤੋਂ ਮੁਗਲ ਸੈਨਿਕ ਤੰਗ ਆ ਚੁੱਕੇ ਸਨ। ਮੁਗਲ ਫੌਜਾਂ ਨੇ ਆਨੰਦਪੁਰ ਦਾ ਕਿਲਾ ਗੁਰੂ ਸਾਹਿਬ ਪਾਸੋਂ ਖਾਲੀ ਕਰਵਾਉਣ ਲਈ ਖਾਸ ਸਿਖਲਾਈ ਪ੍ਰਾਪਤ ਕੀਤੀ ਹੋਈ ਸੀ। ਫੌਜ ਦੇ ਘੇਰੇ ਵਿਚ ਗੁਰੂ ਸਾਹਿਬ ਜੀ ਕਿਲੇ ਵਿਚ ਡਟੇ ਹੇ। ਲੰਮੀ ਉਡੀਕ ਤੋਂਬਾਅਦ ਵੈਰੀ ਮਕਾਰੀ ਤੇ ਉਤਾਰ ਆਏ। ਉਹਨਾਂ ਨੇ ਆਪਣੇ ਧਰਮਾਂ ਦੀਆਂ ਕਸਮਾਂ ਖਾ ਕੇ ਸ਼ਰਤ ਰੱਖੀ ਕਿ ਜੇਕਰ ਗੁਰੂ ਸਾਹਿਬ ਜੀ ਆਨੰਦਪੁਰ ਛੱਡ ਦੇਣ ਤਾਂ ਉਹਨਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਗੁਰੂ ਸਾਹਿਬ ਜੀ ਨੇ 20 ਦਸੰਬਰ 1704 ਦੀ ਸਰਦ ਰਾਤ ਨੂੰ 400 ਸਿੰਘਾਂ ਸਮੇਤ ਆਨੰਦਪੁਰ ਛੱਡ ਦਿੱਤਾ।

ਸਿਆਲ ਦੀ ਕਕਰੀਲੀ ਤੂਫਾਨੀ 20-21 ਦਸੰਬਰ ਵਿਚਲੀ ਰਾਤ ਗੁਰੂ ਜੀ 25 ਕਿਲੋਮੀਟਰ ਹੀ ਲੰਘੇ ਸਨ ਕਿ ਵੈਰੀ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ। ਸਿਰਸਾ ਨਦੀ ਤੇ ਘਮਸਾਨ ਦੀ ਜੰਗ ਹੋਈ। ਸਿੰਘ ਬੜੀ ਬਹਾਦਰੀ ਨਾਲ ਮੁਕਾਬਲਾ ਕਰਦੇ ਰਹੇ। ਕਈ ਸਿੰਘ ਸ਼ਹੀਦੀਆਂ ਪਾਉਂਦੇ ਗਏ। ਸਿੰਘ ਦੁਸ਼ਮਣ ਦਾ ਰਾਹ ਰੋਕ ਕੇ ਲੜਦੇ ਰਹੇ। ਬਾਕੀਆਂ ਨੂੰ ਸਿਰਸਾ ਪਾਰ ਕਰਵਾਉਂਦੇ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨਾਲ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਇਸ ਜੰਗ ਵਿਚ ਡਟੇ ਰਹੇ। ਮੁਗਲ ਗਿਣਤੀ ਵਿਚ ਬਹੁਤ ਸਨ। ਇਸ ਮੁਕਾਬਲੇ ਵਿਚ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਸ਼ਹੀਦੀ ਪਾ ਗਏ। ਇਸ ਅਸਥਾਨ ਤੇ ਇਹਨਾਂ ਦੀ ਯਾਦਗਾਰ ਬਣੀ ਹੈ। ਗੁਰੂ ਜੀ ਦਾ ਪਰਿਵਾਰ ਵਿਛੜ ਗਿਆ। ਉਥੇ ਗੁਰਦੁਆਰਾ ਸਾਹਿਬ 'ਪਰਿਵਾਰ ਵਿਛੋੜਾ' ਸੁਸ਼ੋਭਿਤ ਹੈ। ਸਿਰਸਾ ਤੋਂ ਪਾਰ ਗੁਰੂ ਜੀ ਨਾਲ ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘ ਸਨ ਤੇ ਰੋਪੜ ਵੱਲ ਚੱਲ ਪਏ। ਰੋਪੜ ਦੇ ਕੋਲ ਜਾ ਕੇ ਠਾਹਰ ਬਣਾਈ।

ਚੌਧਰੀ ਬੁਧੀਚੰਦ ਜ਼ਿਮੀਦਾਰ ਨੇ ਕਿਹਾ ਕਿ ਗੁਰੂ ਜੀ ਦੁਸ਼ਮਣ ਦੀਆਂ ਫੌਜਾਂ ਪਿੱਛਾ ਕਰ ਰਹੀਆਂ ਹਨ। ਤੁਸੀਂ ਮੇਰੀ ਕੱਚੀ ਹਵੇਲੀ ਵਿਚ ਚਲੇ ਜਾਓ। ਗੁਰੂ ਜੀ ਇਸ ਉਚੀ ਹਵੇਲੀ ਕੱਚੀ-ਗੜ੍ਹੀ ਨੂੰ ਵੇਖ ਕੇ ਮੁਸਕਰਾਏ ਕਿ ਇੱਥੇ ਖਾਲਸੇ ਦਾ ਸਾਹਸ ਅਤੇ ਸੂਰਬੀਰਤਾ ਦਾ ਇਤਿਹਾਸ ਲਿਖਿਆ ਜਾਣਾ ਹੈ। ਇੱਥੇ ਫੈਸਲਾਕੁੰਨ ਜੰਗ ਸੰਭਵ ਹੈ। ਗੁਰੂ ਜੀ ਨ ਆਪਣੀ ਫੌਜੀ ਸੂਝ ਨਾਲ ਕੱਚੀ ਗੜ੍ਹੀ ਨੂੰ ਰਣਨੀਤੀ ਦੇ ਆਧਾਰ ਤੇ ਫੌਜੀ ਕਿਲੇ ਦਾ ਰੂਪ ਦੇ ਦਿੱਤਾ। ਮੋਰਚਾਬੰਦੀ ਕਰਦਿਆਂ ਗੁਰੂ ਜੀ ਨੇ ਸਿੰਘਾਂ ਨੂੰ ਹਥਿਆਰਬੰਦ ਦਸਤਿਆਂ ਵਿਚ ਵੰਡ ਲਿਆ। ਵੈਰੀ ਦੀਆਂ ਫੌਜਾਂ ਲਾਗਲੇ ਮੈਦਾਨਾਂ ਵਿਚ ਪਹੁੰਚ ਚੁੱਕੀਆਂ ਸਨ। ਇਕ ਪਾਸੇ ਗੁਰੂ ਜੀ ਦੇ ਨਾਲ ਲੰਮੇ ਜੰਗਾਂ ਦੀ ਥਕਾਵਟ ਨਾਲ ਸਤਾਏ ਭੁੱਖਣਭਾਣੇ 40 ਸਿੰਘ ਸਨ। ਦੂਸਰੇ ਪਾਸੇ ਸਿਖਲਾਈ ਪ੍ਰਾਪਤ ਵੈਰੀ ਸਨ। ਗੁਰੂ ਜੀ ਨੇ ਕਥਨ ਅਨੁਸਾਰ ਦੁਸ਼ਮਣ ਦੀ ਫੌਜ ਦੀ ਗਿਣਤੀ 10 ਲੱਖ ਸੀ। ਜੋ ਨਵਾਬ ਵਜ਼ੀਰ ਖਾਨ ਦੀ ਅਗਵਾਈ ਹੇਠ ਸੀ। ਗੁਰੂ ਜੀ ਨੇ ਇੱਥੋਂ ਤੀਰਾਂ ਦੀ ਬੁਛਾੜ ਨਾਲ ਜੰਗ ਦਾ ਐਲਾਨ ਕਰ ਦਿੱਤਾ।

ਮੁਗਲ ਫੌਜਾਂ ਨੇ ਵੀ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ। ਪਰ ਕੱਚੀ ਗੜ੍ਹੀ ਦੇ ਨੇੜੇ ਆਉਣ ਦੀ ਕਿਸੇ ਨੇ ਹਿੰਮਤ ਨਾ ਕੀਤੀ। ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਕਿ ਦੁਸ਼ਮਣ ਦੇ ਮੁੱਖ ਸਰਦਾਰਾਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾਵੇ। ਮੁਗਲ ਜਰਨੈਲ ਨਾਹਰ ਖਾਨ ਨੇ ਕੱਚੀ ਗੜ੍ਹੀ ਦੀ ਕੰਧ ਨਾਲ ਪੌੜੀ ਲਾ ਕੇ ਮਮਟੀ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ। ਗੁਰੂ ਜੀ ਨੇ ਤੀਰ ਨਾਲ ਉਸਨੂੰ ਉਡਾ ਦਿੱਤਾ। ਫਿਰ ਗਨੀ ਖਾਨ ਅੱਗੇ ਆਇਆ। ਗੁਰੂ ਜੀ ਨੇ ਉਸਨੂੰ ਵੀ ਚਿੱਤ ਕਰ ਦਿੱਤਾ। ਜਰਨੈਲ ਮਹਿਮੂਦ ਅਲੀ ਨੇ ਆਪਣੇ ਸਾਥੀਆਂ ਨੂੰ ਮਰਦੇ ਵੇਖਿਆ ਤਾਂ ਉਹ ਕੰਧ ਦੀ ਓਟ ਵਿਚ ਭੱਜ ਗਿਆ। ਵੈਰੀ ਦੀਆਂ ਫੌਜਾਂ ਭੈ-ਭੀਤ ਹੋ ਗਈਆਂ। ਨਵਾਬ ਸਰਹਿੰਦ ਨੇ ਹੁਕਮ ਦਿੱਤਾ ਕਿ ਇੱਕੋ ਹੱਲੇ ਨਾਲ ਕੱਚੀ ਗੜ੍ਹੀ ਸਰ ਕਰ ਲਈ ਜਾਵੇ ਤਾਂ ਜੋ ਫੈਸਲਾਕੁੰਨ ਯੁੱਧ ਲੜਿਆ ਜਾ ਸਕੇ। ਤਦ ਜਰਨੈਲ ਹਦਾਇਤ ਖਾਂ, ਇਜ਼ਮਾਈਲ ਖਾਂ, ਫੌਲਾਦ ਖਾਂ, ਸੁਲਤਾਨ ਖਾਂ, ਜ਼ਹਾਨ ਖਾਂ, ਅਸਲਮ ਖਾਂ, ਭੂਰੇ ਖਾਂ ਦੀਆਂ ਫੌਜਾਂ ਕੱਚੀ ਗੜ੍ਹੀ ਵੱਲ ਵਧੀਆਂ।

ਗੁਰੂ ਜੀ ਬਾਹਰ ਦਾ ਦ੍ਰਿਸ਼ ਵੇਖ ਰਹੇ ਸਨ। ਆਪ ਹੁਣ ਗੜ੍ਹੀ ਦੀ ਉਚੀ ਮਮਟੀ ਤੇ ਚਲੇ ਗਏ। ਦੋਵੇਂ ਸਾਹਿਬਜ਼ਾਦੇ ਵੀ ਨਾਲ ਸਨ। ਸਿੰਘਾਂ ਨੇ ਵੀ ਚੌਹੀਂ ਪਾਸੀਂ ਮੋਰਚੇ ਸੰਭਾਲ ਲਏ। ਭਾਈ ਮਦਨ ਸਿੰਘ ਤੇ ਭਾਈ ਗੰਡਾ ਸਿੰਘ ਗੜ੍ਹੀ ਦੇ ਮੁੱਖ ਦੁਆਰ ਤੇ ਤਾਇਨਾਤ ਸਨ। ਤਲਵਾਰ, ਤੀਰ, ਨੇਜ਼ੇ ਭਾਲੇ ਲੈ ਕੇ ਮੁਕਾਬਲੇ ਲਈ ਤਿਆਰ ਹੋ ਗਏ। ਸਿੰਘ ਚੜ੍ਹਦੀਕਲਾ ਵਿਚ ਸਨ। ਉਹਨਾਂ ਨੂੰ ਮਾਣ ਸੀ ਕਿ ਧਰਮ ਯੁੱਧ ਵਿਚ ਉਹ ਗੁਰੂ ਜੀ ਦੇ ਨਾਲ ਹਨ। ਵੈਰੀ ਦੀਆਂ ਫੌਜਾਂ ਆਣ ਪਹੁੰਚੀਆਂ।

22 ਦਸੰਬਰ 1704 ਨੂੰ ਚਮਕੌਰ ਵਿਚ ਉਹ ਯੁੱਧ ਹੋਇਆ ਜੋ ਸੰਸਾਰ ਦੀਆਂ ਮਿਸਾਲੀ ਯੁੱਧਾਂ ਵਿਚ ਸ਼ਾਮਲ ਹੋ ਗਿਆ। ਜਦੋਂ ਵੈਰੀ ਦੀ ਫੌਜ ਗੜ੍ਹੀ ਦੇ ਨੇੜੇ ਆਈ ਤਾਂ ਗੁਰੂ ਜੀ ਨੇ ਅਜਿਹੀ ਵਿਉਂਤ ਬਣਾਈ ਕਿ ਪੰਜ-ਪੰਜ ਸਿੰਘਾਂ ਦਾ ਜਥਾ ਮੈਦਾਨ ਵਿਚ ਭੇਜਿਆ। ਸਿੰਘ ਜੈਕਾਰਿਆਂ ਦੀ ਗੂੰਜ ਵਿਚ ਵੈਰੀ ਤੇ ਟੁੱਟ ਪਏ। ਉਪਰੋਂ ਗੁਰੂ ਜੀ ਅਤੇ ਸਾਹਿਬਜ਼ਾਦਿਆਂ ਨੇ ਤੀਰਾਂ ਦੀ ਝੜੀ ਲਗਾ ਦਿੱਤੀ। ਦੋ ਘੰਟੇ ਘਮਸਾਨ ਦਾ ਯੁੱਧ ਹੋਇਆ। ਖੰਡਾ ਖੜਕਿਆ। ਤੀਰ ਨੇਜ਼ੇ ਤਲਵਾਰਾਂ ਭਾਲੇ ਚੱਲੇ। ਸਰਦੀ ਦੀ ਸਵੇਰ ਵਿਚ ਯੁੱਧ ਦਾ ਮੈਦਾਨ ਮਘ ਗਿਆ। ਕੱਚੀ ਗੜ੍ਹੀ ਤੋਂ ਆਉਂਦੇ ਤੀਰਾਂ ਨੇ ਵੈਰੀਆਂ ਨੂੰ ਵਿੰਨ ਸੁੱਟਿਆ। ਵੈਰੀ ਹੈਰਾਨ ਸਨ ਕਿ ਮੁੱਠੀ ਭਰ ਸਿੰਘਾਂ ਦਾ ਮੁਕਾਬਲਾ ਏਨਾ ਭਿਆਨਕ ਕਿਵੇਂ ਹੋ ਸਕਦਾ ਹੈ। ਚਮਕੌਰ ਦੀ ਧਰਤੀ ਖ਼ੂਨ ਨਾਲ ਰੰਗੀ ਗਈ। ਖ਼ੂਨ ਦੇ ਘਾਣ ਮੱਚ ਗਏ। ਸਿੰਘਾਂ ਨੇ ਬੇਮਿਸਾਲ ਬੀਰਤਾ ਦ੍ਰਿੜਤਾ ਨਾਲ ਟਾਕਰਾ ਕੀਤਾ। ਬਹਾਦਰੀ ਦੇ ਜੌਹਰ ਦਿਖਾਉਂਦੇ ਪੰਜ ਸਿੰਘਾਂ ਦਾ ਜਥਾ ਸ਼ਹੀਦ ਹੋ ਗਿਆ। ਗੁਰੂ ਜੀ ਨੇ ਦੂਸਰਾ ਜੱਥਾ ਮੈਦਾਨ ਵਿਚ ਉਤਾਰਿਆ, ਉਹ ਵੀ ਅਨੇਕਾਂ ਦੁਸ਼ਮਣਾਂ ਦਾ ਮੁਕਾਬਲੇ ਕਰਦੇ ਮਾਰ ਮੁਕਾਉਂਦੇ ਸ਼ਹੀਦੀ ਪਾ ਗਿਆ।

ਹੁਣ ਸਿੰਘ ਜਾਣ ਗਏ ਸਨ ਕਿ ਇੰਨੇ ਵੱਡੇ ਲਾਮ ਲਸ਼ਕਰ ਦਾ ਸਾਹਮਣਾ ਕਰਦਿਆਂ ਸ਼ਹੀਦੀਆਂ ਨਿਸਚਿਤ ਹਨ। ਉਹਨਾਂ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਸੁਰੱਖਿਅਤ ਨਿਕਲ ਜਾਓ। ਗੁਰੂ ਜੀ ਨੇ ਕਿਹਾ ਕਿ ਇਸ ਰਣਤੱਤੇ ਵਿਚ ਹਰ ਸਿੱਖ ਮੇਰਾ ਸਾਹਿਬਜ਼ਾਦਾ ਹੈ। ਅਸੀਂ ਇਕੱਠੇ ਲੜਾਂਗੇ ਤੇ ਜਿੱਤ ਸਾਡੀ ਹੋਵੇਗੀ। ਇਹ ਸੁਣ ਕੇ ਸਿੰਘ ਜੋਸ਼ ਵਿਚ ਆ ਕੇ ਫਿਰ ਤਿਆਰ- ਬਰ-ਤਿਆਰ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰਪਿਤਾ ਤੋਂ ਯੁੱਧ ਵਿਚ ਜਾਣ ਦੀ ਆਗਿਆ ਮੰਗੀ। ਗੁਰਾਂ ਨੇ ਆਪਣੇ ਹੱਥੀਂ ਸ਼ਸ਼ਤਰ ਦੇ ਕੇ ਅੱਠ ਸਿੰਘਾਂ ਦਾ ਜਥਾ ਨਾਲ ਭੇਜਿਆ। ਜੈਕਾਰਿਆਂ ਦੀ ਗੂੰਜ ਵਿਚ ਮੈਦਾਨ ਵਿਚ ਆ ਗਏ। ਵੈਰੀ ਦੀਆਂ ਫੌਜਾਂ ਨੇ ਚਾਰੇ ਪਾਸਿਆਂ ਤੋਂ ਘੇਰ ਲਿਆ। ਬੜੀ ਬੀਰਤਾ ਨਾਲ ਤੀਰਾਂ ਦੇ ਵਾਰ ਕੀਤੇ ਤੇ ਵੈਰੀ ਦੀਆਂ ਛਾਤੀਆਂ ਵਿੰਨ ਦਿੱਤੀਆਂ। ਦੁਸ਼ਮਣ ਨੂੰ ਵੰਗਾਰਿਆ ਕਿ ਸਾਹਮਣੇ ਆਓ। ਵੈਰੀ ਦੇ ਸਿਪਾਹੀ ਆ ਗਏ ਪਰ ਸਾਹਿਬਜ਼ਾਦੇ ਅੱਗੇ ਟਿਕ ਨਾ ਸਕੇ ਅਤੇ ਪਿੱਛੇ ਹਟਦੇ ਗਏ। ਦੁਸ਼ਮਣ ਸਰਦਾਰ ਨੇ ਵਾਰ ਕੀਤਾ ਘੋੜਾ ਜ਼ਖਮੀ ਹੋ ਗਿਆ। ਪੈਦਲ ਹੀ ਜੰਗ ਜਾਰੀ ਰੱਖੀ। ਉਹ ਇਕੱਠੇ ਪੈ ਗਏ, ਵੈਰੀ ਨੇ ਇਕੋ ਹੱਲੇ ਨਾਲ ਸ਼ਹੀਦ ਕਰ ਦਿੱਤੇ। ਗੁਰੂ ਜੀ ਮਮਟੀ ਤੋਂ ਸਾਹਿਬਜ਼ਾਦੇ ਨੂੰ ਸ਼ਹੀਦ ਹੁੰਦਾ ਵੇਖ ਰਹੇ ਸਨ ਪਰ ਸਾਹਿਬਜ਼ਾਦੇ ਦੇ ਜੌਹਰ ਤੇ ਉਹਨਾਂ ਨੂੰ ਮਾਣ ਸੀ। ਉਹਨਾਂ ਅਕਾਲ ਪੁਰਖ ਦਾ ਸ਼ੁਕਰ ਮਨਾਇਆ।

ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਇਹ ਸ਼ਹੀਦੀ ਵੇਖ ਕੇ ਆਪਣਾ ਫਰਜ਼ ਯਾਦ ਆਇਆ। ਉਹਨਾਂ ਨੇ ਗੁਰ ਪਿਤਾ ਤੋਂ ਆਪਣਾ ਫਰਜ਼ ਨਿਭਾਉਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੰਜ ਸਿੰਘਾਂ ਦੇ ਨਾਲ ਯੁੱਧ ਵਿਚ ਭੇਜਿਆ। ਜੈਕਾਰਿਆਂ ਦੀ ਗੂੰਜ ਵਿਚ ਯੁੱਧ ਵਿਚ ਜਾ ਪਹੁੰਚੇ। ਯੁੱਧ ਦਾ ਮੈਦਾਨ ਫਿਰ ਤੋਂ ਭਖ ਗਿਆ। ਲਾਸ਼ਾਂ ਦੇ ਢੇਰ ਵਿਚ ਯੁੱਧ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਵੈਰੀ ਹੋਰ ਸਰਗਰਮ ਹੋ ਉਠਿਆ। ਵੈਰੀ ਦੀ ਗਿਣਤੀ ਬਹੁਤ ਜ਼ਿਆਦਾ ਸੀ। ਵੈਰੀ ਨੇ ਸਾਹਿਬਜ਼ਾਦੇ ਦੇ ਜਥੇ ਨੂੰ ਆਣ ਘੇਰਿਆ। ਸਾਹਿਬਜ਼ਾਦੇ ਨੇ ਨੇਜ਼ਾਂ ਸੂਤ ਲਿਆ। ਉਹ ਜਿੱਧਰ ਵੀ ਨੇਜ਼ਾ ਘੁੰਮਾਉਂਦੇ ਵੈਰੀ ਨੂੰ ਮਾਰ ਮੁਕਾਉਂਦੇ। 'ਸਵਾ ਲਾਖ ਸੇ ਏਕ ਲੜਾਊਂ" ਦਾ ਪ੍ਰਮਾਣ ਪ੍ਰਤੱਖ ਕਰ ਵਿਖਾਇਆ। ਵੈਰੀ ਨੇ ਸਾਹਿਬਜ਼ਾਦੇ ਨੂੰ ਪੂਰੀ ਤਰ੍ਹਾਂ ਘੇਰ ਲਿਆ। ਉਹ ਫਿਰ ਵੀ ਤੇਗ ਵਾਹੁੰਦੇ ਗਏ। ਸਾਹਿਬਜ਼ਾਦੇ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਸੂਰਜ ਦੇ ਛਿਪਣ ਤੱਕ ਜੰਗ ਜਾਰੀ ਰਹੀ। ਇਸ ਅਸਾਵੀਂ ਜੰਗ ਵਿਚ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਜਥਾ ਸ਼ਹੀਦੀ ਪਾ ਗਿਆ। ਗੁਰੂ ਜੀ ਨੇ ਕਿਹਾ ਕਿ ਮੈਂ ਅਕਾਲ ਪੁਰਖ ਦੀ ਅਮਾਨਤ ਅਦਾ ਕੀਤੀ।

ਸੂਰਜ ਛਿਪਣ ਤੇ ਜੰਗ ਖਤਮ ਹੋਈ। ਸਿੰਘ ਗੁਰੂ ਜੀ ਨਾਲ ਕੱਚੀ-ਗੜ੍ਹੀ ਵਿਚ ਜਾ ਬੈਠੇ। ਗੁਰੂ ਜੀ ਨੇ ਕਿਹਾ ਵੈਰੀ ਨਾਲ ਮਰਦੇ ਦਮ ਤੱਕ ਜੰਗ ਜਾਰੀ ਰਹੇਗੀ। ਸਾਡਾ ਹੁਣ ਸੂਰਮਿਆਂ ਵਾਂਗ ਸ਼ਹੀਦੀ ਪਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਹੁਣ ਖਾਲਸੇ ਨੂੰ ਅਕਾਲ ਪੁਰਖ ਦੀ ਓਟ ਹੈ। ਰਣਭੂਮੀ ਵਿਚ ਪਿੱਠ ਨਹੀਂ ਦਿਖਾਉਣੀ। ਧਰਮ ਹੇਤ ਕੁਰਬਾਨ ਹੋਣਾ ਹੈ। ਕੱਚੀ ਗੜ੍ਹੀ ਵਿਚ ਬਚੇ 11 ਸਿੰਘਾਂ ਨੇ ਗੁਰੂ ਜੀ ਨੂੰ ਕਿਹਾ ਕਿ ਗੜ੍ਹੀ ਛੱਡ ਜਾਓ।ਪੰਜ ਪਿਆਰਿਆਂ ਦੀ ਗੁਰੂ ਜੀ ਨਾਲ ਗੱਲ ਕਰਨ ਦੀ ਚੋਣ ਨਾਲ ਭਾਈ ਦਯਾਸਿੰਘ ਜੀ ਦੀ ਅਗਵਾਈ ਹੇਠ, ਗੁਰੂ ਜੀ ਨੂੰ ਕਿਹਾ ਕਿ ਆਪ ਜੀ ਦੀ ਸ਼ਹੀਦੀ ਨਾਲ ਪੰਥ ਦਾ ਭਵਿੱਖ ਖਤਰੇ ਵਿਚ ਪੈ ਜਾਵੇਗਾ। ਪੰਥ ਨੂੰ ਆਪ ਜੀ ਦੀ ਅਗਵਾਈ ਦੀ ਹਮੇਸ਼ਾ ਜ਼ਰੂਰਤ ਹੈ। ਇਸ ਲਈ ਆਪ ਸੁਰੱਖਿਅਤ ਚਲੇ ਜਾਓ। ਪੰਜ ਪਿਆਰਿਆਂ ਦਾ ਪੰਥਕ ਹੁਕਮ ਮੰਨਣਾ ਪਿਆ। ਗੁਰੂ ਜੀ ਨੇ ਦ੍ਰਿੜ੍ਹ ਹੋ ਕੇ ਕਿਹਾ ਕਿ ਉਹ ਪਿੱਠ ਵਿਖਾ ਕੇ ਨਹੀਂ ਜਾਣਗੇ, ਸਗੋਂ ਦੁਸ਼ਮਣ ਨੂੰ ਵੰਗਾਰ ਕੇ ਜਾਣਗੇ।

ਕਲਗੀਆਂ ਵਾਲੇ ਪਾਤਸ਼ਾਹ ਨੇ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਤਿੰਨ ਸਿੰਘਾਂ ਨੂੰ ਨਾਲ ਲੈ ਕੇ ਜਾਣ ਦਾ ਫੈਸਲਾ ਸੁਣਾਇਆ। ਆਪਣੇ ਹਮ ਸ਼ਕਲ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਸਜਾ ਕੇ ਆਪਣੀ ਪੁਸ਼ਾਕ ਸਜਾ ਕੇ ਉਚੀ ਮਮਟੀ ਵਿਚ ਬਿਠਾ ਦਿੱਤਾ। ਅੱਧੀ ਰਾਤ ਨੂੰ ਗੁਰੂ ਜੀ ਨੇ ਬੁਰਜ਼ ਉਤੇ ਖੜ੍ਹੇ ਹੋ ਕੇ ਵੰਗਾਰਿਆ ਕਿ 'ਪੀਰੇ ਹਿੰਦ ਮੇ ਰਵੱਦ'- ਹਿੰਦ ਦਾ ਪੀਰ ਚਲਾ ਗਿਆ।

ਵੈਰੀ ਦੀਆਂ ਫੌਜਾਂ ਵਿਚ ਇੱਕਦਮ ਹੜਬੜੀ ਮੱਚ ਗਈ। ਰਾਹ ਵਿਚ ਮਿਸ਼ਾਲਚੀ ਪਹਿਰੇ ਤੇ ਸੀ। ਗੁਰੂ ਜੀ ਨੇ ਮਿਸ਼ਾਲ ਤੇ ਨਿਸ਼ਾਨਾ ਲਗਾ ਕੇ ਮਿਸ਼ਾਲ ਬੁਝਾ ਦਿੱਤੀ। ਫਿਰ ਤੋਂ 23 ਦਸੰਬਰ, 1704 ਦੀ ਸਵੇਰ ਨੂੰ ਦੁਸ਼ਮਣ ਨੇ ਹੱਲਾ ਕਰ ਦਿੱਤਾ। ਸਿੰਘ ਮੁਕਾਬਲੇ ਲਈ ਬਾਹਰ ਨਿਕਲ ਆਏ। ਜਮ ਕੇ ਟਾਕਰਾ ਹੋਇਆ। ਸਿੰਘਾਂ ਨੇ ਕਈ ਦੁਸ਼ਮਣਾਂ ਨੂੰ ਮਾਰ ਮੁਕਾਇਆ। ਗੁਰੂ ਦੇ ਰਾਹ ਤੇ ਗੁਰੂ ਦੇ ਵਾਅਦੇ ਤੇ ਵਾਰੋ-ਵਾਰੀ ਸ਼ਹੀਦੀਆਂ ਪਾ ਗਏ। ਉਹਨਾਂ ਨਿਡਰ ਯੋਧਿਆਂ ਦੀ ਲਾਸਾਨੀ ਕੁਰਬਾਨੀ ਕੌਮ ਵਿਚ ਵੱਡੀ ਮਿਸਾਲ ਹੈ। ਜਰਨੈਲਾਂ ਨੂੰ ਖਬਰ ਹੋਈ ਕਿ ਗੁਰੂ ਜੀ ਵੀ ਸ਼ਹੀਦ ਹੋ ਗਏ ਹਨ। ਪਰ ਇਹ ਤਾਂ ਇਕ ਭੁਲੇਖਾ ਸੀ।

ਗੁਰੂ ਜੀ ਤਾਂ ਮਾਛੀਵਾੜੇ ਦੇ ਜੰਗਲਾਂ ਵਿਚ ਜਾ ਪਹੁੰਚੇ ਸਨ। ਕੁਝ ਦਿਨਾਂ ਬਾਅਦ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਜੀ ਵੀ ਗੁਰੂ ਜੀ ਦੇ ਕੋਲ ਜਾ ਪਹੁੰਚੇ। ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ, ਗੁਰੂ ਜੀ ਨੂੰ ਇੱਥੇ ਹੀ ਮਿਲੀ। ਗੁਰੂ ਜੀ ਨੇ 'ਕਾਈ ਦੇ ਬੂਟੇ' ਨੂੰ ਉਖੇੜ ਕੇ ਫੁਰਮਾਇਆ ਕਿ ''ਇਹ ਮੁਗਲ ਰਾਜ ਹੁਣ ਜੜ੍ਹੋਂ ਪੁੱਟਿਆ ਗਿਆ।'

ਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਫਾਰਸੀ ਕਵਿਤਾ ਵਿਚ ਚਿੱਠੀ ਲਿਖੀ, ਜਿਸਨੂੰ 'ਜ਼ਫਰਨਾਮਾ' ਕਿਹਾ ਜਾਂਦਾ ਹੈ। ਉਸ ਵਿਚ ਵੀ ਚਮਕੌਰ ਦੀ ਜੰਗ ਦਾ ਬਿਰਤਾਂਤ ਹੈ।

# ਪੰਜਾਬੀ ਲਿਖਾਰੀ ਸਭਾ ਝੱਤਰਾ (ਜ਼ੀਰਾ) ਫਿਰੋਜ਼ਪੁਰ ਨੇ ਪੰਜਾਬੀ ਲਿਖਾਰੀ ਪ੍ਰੋ ਗੁਰਦੀਪ ਸਿੰਘ ਖਿੰਡਾ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ

ਪੰਜਾਬੀ ਲਿਖਾਰੀ ਸਭਾ ਪਿੰਡ ਝੱਤਰਾ ਨੇ 18 ਦਸੰਬਰ ਨੂੰ ਸਥਾਨਕ ਸਰਕਾਰੀ ਮਿਡਲ ਸਕੂਲ ਪਿੰਡ ਝੱਤਰਾ ਵਿਖੇ ਪੰਜਾਬੀ ਲਿਖਾਰੀ ਤੇ ਅਦਾਕਾਰ ਪ੍ਰੋ ਗੁਰਦੀਪ ਸਿੰਘ ਖਿੰਡਾ ਨਾਲ ਰੂਬਰੂ ਪ੍ਰੋਗਰਾਮ ਪ੍ਰਧਾਨ ਜਗਜੀਤ ਸਿੰਘ ਦੀ ਪ੍ਰਧਾਨਗੀ ਵਿਚ ਕਰਾਵਿਆ। ਪੁਰਾਤਨ ਵਸਤਾਂ ਸਾਂਭਣ ਵਾਲੇ ਪਿੰਡ ਦੀਵਾਲਾ ਦੇ ਨੌਜਵਾਨ ਤਸਵਿੰਦਰ ਸਿੰਘ ਬੜੈਚ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਰਚਨਾਵਾਂ ਦੇ ਦੌਰ ਵਿਚ ਵਿਵੇਕ ਨੇ 'ਨਵਾਂ ਜ਼ਮਾਨਾ' ਕਵਿਤਾ ਪੜ੍ਹੀ। ਹਰੀ ਸਿੰਘ ਨੇ ਕਾਵਿ ਵਿਅੰਗ 'ਸਿਆਸਤ', ਗੁਰਸੇਵਕ ਸਿੰਘ ਨੇ 'ਟਰੱਕਾਂ' ਬਾਰੇ ਲੇਖ, ਸੁਖਜਿੰਦਰ ਸਿੰਘ ਨੇ 'ਤਰਕ', ਸਵਰਨਜੀਤ ਪੱਧਰੀ ਨੇ 'ਉਹ ਕਿਧਰ ਗਏ', ਰਾਮ ਸਿੰਘ ਹਨੂਰ ਨੇ 'ਬੱਚਿਆਂ ਦਾ ਡਰ' ਕਵਿਤਾ ਪੜ੍ਹੀ। ਅਜੀਤ ਸਿੰਘ ਨੇ 'ਜ਼ਿੰਦਗੀ' 'ਤੇ ਲੇਖ




ਪੜ੍ਹਿਆ। ਜਗਰਾਜ ਕੌਰ ਨੇ ਖੇਤੀ 'ਤੇ ਬੋਲਿਆ। ਸਰਪੰਚ ਹਰਦੀਪ ਸਿੰਘ ਬਾਠ ਨੇ ਪੇਂਡੂ ਕੰਮਾਂ 'ਤੇ ਲੇਖ ਪੜ੍ਹਿਆ। ਗੁਰਦੀਪ ਸਿੰਘ ਖਿੰਡਾ ਨੇ ਸਕੂਲਾਂ ਦੇ ਪ੍ਰਬੰਧਾਂ ਬਾਰੇ ਰਚਨਾ ਬੋਲੀ ਤੇ ਮੱਖਣ ਸਿੰਘ ਨੇ 'ਕੰਮੀਆਂ' ਕਵਿਤਾ ਪੜ੍ਹੀ। ਗੁਰਚੈਨ ਤੇ ਸੁਖਚੈਨ ਨੇ ਮਿਲਕੇ 'ਮੇਹਨਤਾਂ' 'ਤੇ ਗੀਤ ਗਾਇਆ ਤੇ ਵਾਹ ਵਾਹ ਖੱਟੀ। ਭਰਪੂਰ ਇਕੱਠ ਵਿਚ ਸਾਹਿਤਕਾਰਾਂ ਨੇ ਰਚਨਾਵਾਂ ਪੜ੍ਹੀਆ। ਅਖੀਰ ਵਿਚ ਪ੍ਰੋ ਗੁਰਦੀਪ ਸਿੰਘ ਖਿੰਡਾ ਨੂੰ ਪ੍ਰਧਾਨ ਜਗਜੀਤ ਸਿੰਘ ਝੱਤਰਾ ਤੇ ਬਾਕੀ ਦੇ ਮੈਂਬਰਾਂ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਲੋੜਵੰਦਾਂ ਨੂੰ ਘਰੇਲੂ ਸਮਾਨ ਵੀ ਵੰਡਿਆ ਗਿਆ ਅਤੇ ਅੰਤ ਵਿਚ ਜਗਜੀਤ ਸਿੰਘ ਝੱਤਰਾ ਨੇ ਸਾਰੇ ਸਾਹਿਤਕਾਰਾਂ ਨੂੰ ਜੀ ਆਇਆ ਕਿਹਾ ਤੇ ਧੰਨਵਾਦ ਕੀਤਾ।

– ਤਸਵਿੰਦਰ ਸਿੰਘ ਬੜੇਚ,
75279-31887

# ਬਚਿੱਤ੍ਰ ਗੁਰੂ, ਗੁਰੂ ਗੋਬਿੰਦ ਸਿੰਘ ਜੀ




ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਅਤੇ ਬਹੁਤ ਹੀ ਥੋੜੇ ਜਿਹੇ ਸਮੇਂ ਲਈ ਉਨ੍ਹਾਂ ਦੀ ਸੰਸਾਰ ਯਾਤਰਾ ਮਾਨਵਤਾ ਦੇ ਇਤਿਹਾਸ ਵਿੱਚ ਇਕ ਅਹਿਮ ਪੜਾਅ ਹੈ। ਇਸ ਤਰ੍ਹਾਂ ਜਾਪਦਾ ਹੈ। ਕਿ ਜਿਵੇਂ ਸਾਰੀ ਲੋਕਾਈ, ਸਾਰਾ ਬ੍ਰਹਿਮੰਡ ਹੀ ਗੁਰੂ ਸਾਹਿਬ ਦੀ ਰੂਹਾਨੀ ਜੋਤਿ ਨੂੰ ਆਪਣਾ ਧੁਰਾ ਮੰਨ ਕੇ ਉਸਦੀ ਪਰਿਕਰਮਾ ਕਰਨ ਲੱਗ ਪਿਆ।

ਸਾਧ ਸਮੂਹ ਪ੍ਰਸੰਨ ਫਿਰੇ ਜਗ ਸਤ੍ਰ ਸਭੈ ਅਵਲੋਕ ਚਪੈਂਗੇ॥ ਦੇ ਨਿਸ਼ਾਨੇ ਦੀ ਪੂਰਤੀ ਲਈ ਕਰਤਾ ਪੁਰਖ ਦੇ ਹੁਕਮ ਅਨੁਸਾਰ ਪ੍ਰਗਟੀ ਗੁਰੂ ਨਾਨਕ ਜੋਤਿ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿੱਚ ਆਪਣੇ ਕਾਰਜ ਦੀ ਸੰਪੂਰਨਤਾ ਕਰਦਿਆਂ ਪਸ਼ੂ, ਪ੍ਰੇਤ ਵਰਗੀਆਂ ਮਾਨਸ ਰੂਪ ਵਿੱਚ ਵਿਚਰ ਰਹੀਆਂ ਜੂਨਾਂ ਨੂੰ ਅਕਾਲ ਪੁਰਖ਼ ਦਾ ਨਿੱਜ ਰੂਪ ਅਤੇ ਸਰੂਪ ਪ੍ਰਦਾਨ ਕਰ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਆਗਮਨ ਅਤੇ ਜੀਵਨ ਯਾਤਰਾ ਇੱਕ ਬਿਜਲੀ ਦੀ ਚਮਕ ਨਿਆਈ ਸੀ। ਇਸ ਦੀ ਜ਼ਿੰਦਗੀ ਲਮੇਰੀ ਤਾਂ ਨਹੀਂ ਹੁੰਦੀ ਪਰ ਇਹ ਜਿਤਨੀ ਦੇਰ ਨਜ਼ਰ ਹੁੰਦੀ ਹੈ ਇਸ ਵਿੱਚ ਚਮਕ ਅਤੇ ਗਰਜ ਹੁੰਦੀ ਹੈ।

ਹਜ਼ੂਰ ਦੀ ਜ਼ਿੰਦਗੀ ਅਤੇ ਜੀਵਨ ਦਾ ਹਰ ਪੱਖ ਵਚਿਤ੍ਰਤਾ ਭਰਿਆ ਸੀ। ਉਨ੍ਹਾਂ ਦੇ ਪ੍ਰਕਾਸ਼ ਹੁੰਦੇ ਸਾਰ ਪੀਰ ਭੀਖਣ ਸ਼ਾਹ ਦਾ ਪੱਛਮ ਦੀ ਬਜਾਏ ਪੂਰਬ ਵੱਲ ਸਿਜਦਾ ਕਰਨਾ, ਉਨ੍ਹਾਂ ਦੀ ਛੱਬ ਰੱਬ ਦਾ ਸਰਗੁਣ ਸਰੂਪ, ਉਨ੍ਹਾਂ ਦੀ ਕਲਗੀ – ਨੂਰਾਨੀਂ, ਉਨ੍ਹਾਂ ਦੀ ਕ੍ਰਿਪਾਨ – ਸ੍ਰੀ ਸਾਹਿਬ, ਉਨ੍ਹਾਂ ਦਾ ਖੰਡਾ – ਦੋਧਾਰਾ, ਉਨ੍ਹਾਂ ਦਾ ਝੰਡਾ ਨਿਸ਼ਾਨ ਸਾਹਿਬ, ਉਨ੍ਹਾਂ ਦਾ ਨਗਾਰਾ – ਪਰਬਤਾਂ ਵਿੱਚ ਗੂੰਜ ਪੈਦਾ ਕਰਨ ਵਾਲਾ ਰਣਜੀਤ ਨਗਾਰਾ, ਉਨ੍ਹਾਂ ਦਾ ਜੈਕਾਰਾ – ਸਤਿ ਸ੍ਰੀ ਅਕਾਲ, ਉਨ੍ਹਾਂ ਦਾ ਖ਼ਾਲਸਾ – ਅਬਿ–ਨਾਸ਼ੀ, ਉਨ੍ਹਾਂ ਦੀ ਗੂੰਜ – ਦੇਗ ਤੇਗ ਫ਼ਤਹਿ॥, ਉਨ੍ਹਾਂ ਦੇ ਪੀਰ – ਅਸਤ੍ਰ–ਸ਼ਸਤ੍ਰ, ਉਨ੍ਹਾਂ ਦੀ ਮੋਹਰ – ਕੇਸ, ਉਨ੍ਹਾਂ ਦਾ ਖਾਸ ਰੂਪ – ਖਾਲਸਾ, ਉਨ੍ਹਾਂ ਦਾ ਕੀਰਤਨੀ ਸਾਜ਼ – ਤਾਊਸ, ਉਨ੍ਹਾਂ ਦਾ ਘੋੜਾ – ਨੀਲਾ, ਉਨ੍ਹਾਂ ਦਾ ਹਾਥੀ – ਪ੍ਰਸਾਦੀ, ਉਨ੍ਹਾਂ ਦਾ ਬਾਜ਼ – ਚਿੱਟਾ, ਉਨ੍ਹਾਂ ਦਾ ਤੀਰ ਸੋਨੇ ਦੀ ਚੁੰਝ ਜੜਤ, ਉਨ੍ਹਾਂ ਦੀ ਕਲਮ – ਲੋਹ ਕਲਮ, ਉਨ੍ਹਾਂ ਦੀ ਖੜਗ – ਸਰਬ–ਲੋਹ ਦੀ ਭਗੌਤੀ, ਉਨ੍ਹਾਂ ਦਾ ਦਾਨ – ਸਰਬੰਸ ਦਾਨ, ਉਨ੍ਹਾਂ ਦੇ ਆਸ਼ਕ – ਪਰਿਵਾਰ ਵਾਰਨ ਵਾਲੇ ਪੀਰ ਬੁੱਧੂ ਸ਼ਾਹ ਤੇ ਨਬੀ ਖਾਂ–ਗਨੀ ਖਾਂ ਵਰਗੇ, ਉਨ੍ਹਾਂ ਦੇ ਯੋਧੇ ਭਾਈ ਬਚਿੱਤਰ ਸਿੰਘ ਵਰਗੇ, ਉਨ੍ਹਾਂ ਦੇ ਸੰਗ੍ਰਾਮ – ਧਰਮ ਯੁੱਧ, ਉਨ੍ਹਾਂ ਦਾ ਚਾਅ – ਸ਼ਸਤ੍ਰਨ ਸਿਓ ਜੂਝ ਮਰਨ ਦੀ ਲਾਲਸਾ, ਉਨ੍ਹਾਂ ਵਲੋਂ ਮੋੜੀ ਹੋਈ ਭਾਜੀ – ਭਾਈ ਘਨੱਈਆ, ਉਨ੍ਹਾਂ ਦੇ ਪੰਜ ਪਿਆਰੇ – ਸਿਰ ਧਰ ਤਲੀ 'ਤੇ ਰੱਖ ਪ੍ਰੀਤਮ ਦੀ ਗਲੀ ਤੇ ਟੁਰਨ ਵਾਲੇ, ਉਨ੍ਹਾਂ ਦੇ ਮੁਕਤੇ – ਆਪਣੇ ਲਹੂ ਨਾਲ ਬੇਦਾਵਾ ਪੜਵਾਣ ਵਾਲੇ, ਉਨ੍ਹਾਂ ਦਾ ਸਿੱਖ ਦੇ ਬਿਰਦ ਬਾਣੇ ਦੀ ਪੈਜ – ਸਿੱਖ ਅਤੇ ਬਦਕਾਰੀ ਵਿਚਕਾਰ ਚੱਟਾਨ ਵਾਂਗ ਖੜ ਜਾਣਾ, ਉਨ੍ਹਾਂ ਦਾ ਬਿਖੜੇ ਸਮੇਂ ਦੀ ਸਦਾਅ – ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦੀ ਗੂੰਜ, ਉਨ੍ਹਾਂ ਦਾ ਸ਼ੁਕਰਾਨਾ – ਚਾਰੋਂ ਸਾਹਿਬਜ਼ਾਦੇ ਸ਼ਹੀਦ ਕਰਵਾ ਕੇ ਕਹਿਣਾ ਇਨ ਪੁਤ੍ਰਨ ਕੇ ਸੀਸ ਪੇ , ਉਨ੍ਹਾਂ ਦੀ ਕੁਰਬਾਨੀ ਦੀ ਇੰਤਹਾ – ਪਿਤਾ ਦੇ ਕੇਵਲ ਸੀਸ ਦਾ ਸਸਕਾਰ, ਵੱਡੇ ਸਾਹਿਬਜ਼ਾਦਿਆਂ ਦੇ ਕੇਵਲ ਸਰੀਰਾਂ ਦੇ ਦਰਸ਼ਨ ਅਤੇ ਛੋਟੇ ਸਾਹਿਬਜ਼ਾਦਿਆਂ ਮਾਂ ਗੁਜਰੀ ਦੀ ਸ਼ਹਾਦਤ ਦਾ ਸਿਰਫ਼ ਸੁਨੇਹਾ ਹੀ ਪ੍ਰਾਪਤ ਹੋਣਾ, ਉਨ੍ਹਾਂ ਦਾ ਸਰਬੰਸ ਪਰਿਵਾਰ ਲੇਖੇ ਲਾਣ ਦੇ ਬਾਅਦ ਅਕਾਲ ਪੁਰਖ ਨੂੰ ਮੁਖ਼ਾਤਬ ਕਰਨਾ – ਕਮਾਲੇਕਰਾਮਾਤ ਕਾਇਮ ਕਰੀਮ ਰਜ਼ਾ ਬਖ਼ਸ਼, ਰਾਜ਼ਕ, ਰਿਹਾਕੁਨ, ਰਹੀਮ, ਉਨ੍ਹਾਂ ਦਾ ਨਿਸ਼ਾਨਾ ਜਾਂ ਮੰਜ਼ਿਲੇ ਮਕਸੂਦ – ਧਰਮ ਚਲਾਵਨ ਸੰਤ ਉਬਾਰਨ, ਦੁਸ਼ਟ ਸਭਨ ਕੋ ਮੂਲ ਉਪਾਰਨ, ਉਨ੍ਹਾਂ ਦਾ ਜ਼ਫ਼ਰਨਾਮਾ – ਵਾਹਿਗੁਰੂ ਜੀ ਕੀ ਫਤਹਿ ਦਾ ਐਲਾਨ–ਨਾਮਾ, ਉਨ੍ਹਾਂ ਦਾ ਰੱਬ ਨੂੰ ਅਦੁੱਤੀ ਅਰਜ਼ਨਾਮਾ – ਬੇਨਤੀ ਚੌਪਈ, ਉਨ੍ਹਾਂ ਦੀ ਪੂਜਾ – ਅਕਾਲ, ਅਕਾਲ, ਉਨ੍ਹਾਂ ਦੀ ਧੁਨੀ – ਤੂਹੀ–ਤੂਹੀ–ਤੂਹੀ.... , ਉਨ੍ਹਾਂ ਦਾ ਪਰਚਾ – ਗ੍ਰੰਥ ਕਾ, ਉਨ੍ਹਾਂ ਦੀ ਦਰਸ਼ਨ ਦੀ ਲਾਲਸਾ – ਖਾਲਸੇ ਦੇ ਦੀਦਰ , ਉਨ੍ਹਾਂ ਦੀ ਅਰਦਾਸ – ਭਲਾ ਸਰਬੱਤ ਕਾ, ਉਨ੍ਹਾਂ ਦਾ ਬਾਣੀ ਲਈ ਸਤਿਕਾਰ – ਆਦਿ ਗ੍ਰੰਥ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿ ਕੇ ਸਿਰ ਝੁਕਾ ਦੇਣਾ, ਉਨ੍ਹਾਂ ਦੀ ਨਿਮਰਤਾ – ਆਪਣੀ ਬਾਣੀ ਨੂੰ ਮੇਰੀ ਖੇਡ ਕਹਿ ਦੇਣਾ, ਉਨ੍ਹਾਂ ਦੀ ਸਭ ਤੋਂ ਵੱਡੀ ਕਿਰਤ – ਖਾਲਸੇ ਨੂੰ ਵਾਹਿਗੁਰੂ ਜੀ ਕਾ ਖਾਲਸਾ ਬਣਾ ਦੇਣਾ, ਉਨ੍ਹਾਂ ਦੀ ਜੁਗਤੀ – ਦੇਗ ਤੇਗ ਫ਼ਤਹਿ, ਉਨ੍ਹਾਂ ਦੇ ਦਰਬਾਰ ਦੇ ਸ਼ਿੰਗਾਰ – ਕਵੀ, ਗੁਣੀ, ਗਿਆਨੀ ਅਤੇ ਵਿਦਵਾਨ, ਉਨ੍ਹਾਂ ਦੀ ਬਖ਼ਸ਼ਿਸ਼ – ਬਾਣਾ ਤੇ ਬਾਣੀ, ਉਨ੍ਹਾਂ ਦੇ ਹੁਕਮ – ਰਹਿਤ ਦੀ ਪ੍ਰਪੱਕਤਾ, ਉਨ੍ਹਾਂ ਦੀ ਬਰਕਤ – ਪੰਜ ਕਕਾਰ, ਉਨ੍ਹਾਂ ਦੀ ਤਾੜਨਾ – ਚਾਰ ਕੁਰਹਿਤਾਂ, ਉਨ੍ਹਾਂ ਦਾ ਐਲਾਨ – ਏਕ ਬਿਨਾ ਮਨ ਨੈਕ ਨ ਆਨੇ, ਉਨ੍ਹਾਂ ਦਾ ਵਾਰਸ ਅਤੇ ਵਿਰਾਸਤ – ਸਤਿ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ, ਉਨ੍ਹਾਂ ਦੀ ਆਤਮਾ –ਗੁਰੂ ਗ੍ਰੰਥ ਵਿੱਚ, ਉਨ੍ਹਾਂ ਦਾ ਸਰੀਰ – ਗੁਰੂ ਪੰਥ ਵਿੱਚ।ਉਹ ਮਾਲਕ – ਦੋਹਾਂ ਜਹਾਨਾਂ ਦਾ। ਸਭ ਵਚਿੱਤ੍ਰ ਮਈ, ਸਭ ਵਚਿੱਤਆ, ਸਭ ਵਚਿੱਤ੍ਰਤਾ ਭਰਪੂਰ। ਐਸੋ ਕਉਨੁ ਬਲੀ ਰੇ॥ ਐਸੇ ਗੁਰਦੇਵ ਬਾਰੇ ਇਹੋ ਹੀ ਕਿਹਾ ਫਬਦਾ ਹੈਸੁਪਨ ਚਰਿਤ੍ਰ ਚਿਤੁ ਬਾਨਕ ਬਨੇ ਬਚਿਤ੍ਰ ਪਾਵਨ ਪਵਿਤ੍ਰ ਮਿਤ੍ਰ ਆਜ ਮੇਰੈ ਆਏ ਹੈ॥(ਕਬਿੱਤ 205)

ਇਸੇ ਲਈ ਤਾਂ ਸ਼ਾਇਰੇ ਮਸ਼ਰਕ ਅਲਾਮਾ ਇਕਬਾਲ ਨੇ ਵੀਗੁਰੂ ਦੀ ਉੱਮਤ ਖ਼ਾਲਸੇ ਦੀ ਉਪਮਾ ਕਰਦਿਆਂ ਕਹਿ ਹੀ ਦਿੱਤਾ ਕਿ ਇਸ ਦੀਆਂ ਅਦਾਵਾਂ ਲਟਬੌਰੂ ਫ਼ਕੀਰਾਂ ਵਰਗੀਆਂ ਅਤੇ ਇਸਦਾ ਜਲਾਲ ਬਾਦਸ਼ਾਹਾਂ ਵਰਗਾ ਹੈ। ਇਹ ਗੁਰੂ ਦੇ ਸਿੱਖ ਤਲਵਾਰਾਂ ਦੀ ਛਾਂ ਥੱਲ੍ਹੇ ਪਲਦੇ ਹਨ। ਕਲੰਦਰਾਨਾ ਅਦਾਏਂ, ਸਿਕੰਦਰਾਨਾ ਜਲਾਲ–ਯੇ ਉਤੇ ਹੈਂ ਬਰਹਿਨਾਂ ਸ਼ਮਸ਼ੀਰੇਂ।

ਇਸੇ ਤਰ੍ਹਾਂ ਚੰਦ ਸਤਰਾਂ ਵਿੱਚ ਹੀ ਹਕੀਮ ਮਿਰਜ਼ਾ ਅਲਹ ਯਾਰ ਖਾਂ ਜੋਗੀ ਰਹਿਮਾਨੀ ਕਲਗੀਧਰ ਪਿਤਾ ਦੇ ਇਸ

**ਗੁਰਚਰਨਜੀਤ ਸਿੰਘ ਲਾਂਬਾ**
1 973 699 0950

ਬਚਿੱਤ੍ਰ ਨਾਟਕ ਦਾ ਵਰਣਨ ਕਰਦੇ ਹਨ,
ਕਰਤਾਰ ਕੀਸੁਗੰਧ ਹੈ ਨਾਨਕ ਕੀ ਕਸਮ ਹੈ। ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ ਵੁਹ ਕਮ ਹੈ।
ਹਰਚੰਦ ਮੇਰੇ ਹਾਥ ਮੇਂ ਪੁਰ ਜ਼ੋਰ ਕਲਮ ਹੈ। ਸਤਿਗੁਰ ਕੇ ਲਿਖੂੰ ਵਸਫ ਕਹਾਂ ਤਾਬਿ ਰਕਮ ਹੈ।
ਇਕ ਆਂਖ ਸੇ ਕਿਆ ਬੁਲਬੁਲਾ ਕੁਲ ਬਹਿਰ ਕੋ ਦੇਖੇ। ਸਾਹਿਲ ਕੋ ਯਾ ਮੰਝਧਾਰ ਕੋ ਯਾ ਲਹਿਰ ਕੋ ਦੇਖੇ।

ਕਲਗੀਧਰ ਪਿਤਾ ਸਰਬ ਕਲਾ ਭਰਪੂਰ ਸਮਰੱਥ ਗੁਰੂ ਹਨ। ਉਹ ਸਿੱਖ ਦੇ ਹਲਤੁ ਪਲਤ ਰਾਖੇ ਤੇ ਤਿੰਨਾਂ ਕਾਲਾਂ ਦੇ ਸਦਾ ਸਦਾ ਸਹਾਈਗੁਰ ਪਰਮੇਸਰ ਹਨ। ਇਸੇ ਲਈ ਤਾਂ ਹਰ ਸਿੱਖ ਨਿਤਾਪ੍ਰਤਿ ਅਰਦਾਸ ਵਿੱਚ ਜਾਚਨਾ ਕਰਦਾ ਹੈ, ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸਭ ਥਾਈਂ ਹੋਇ ਸਹਾਇ॥

ਉਸ 'ਮੇਹਰਾਂ ਦੇ ਘਰ' ਸਤਿਗੁਰੂ ਗੋਬਿੰਦ ਸਿੰਘ ਜੀ ਦੀਆਂ ਅਪਾਰ ਬਖ਼ਸ਼ਿਸ਼ਾਂ ਵਿੱਚੋਂ ਇਕ ਰਹਿਮਤ ਗੁਰਬਾਣੀ ਅਤੇ ਸਾਹਿਤ ਦਾ ਖ਼ਜ਼ਾਨਾ ਵੀ ਹੈ। ਸਾਹਿਤ ਦੇ ਕਦਰਦਾਨ ਗੁਰੂ ਜੀ ਨੇ ਬੇਅੰਤ ਕਵੀਆਂ ਨੂੰ ਨਿਵਾਜਿਆ ਤੇ ਬਵੰਜਾ ਕਵੀਆਂ ਨੂੰ ਹਜ਼ੂਰੀ ਕਵੀ ਹੋਣ ਦਾ ਮਾਣ ਵੀ ਬਖ਼ਸ਼ਿਆ। ਇਨ੍ਹਾਂ ਹਜ਼ੂਰੀ ਕਵੀਆਂ ਵਿੱਚੋਂ ਪ੍ਰਮੁੱਖ ਸਨ–ਅਣੀ ਰਾਇ, ਅੰਮ੍ਰਿਤ ਰਾਇ, ਆਸਾ ਸਿੰਘ, ਆਲਮ, ਸੁਖਾ ਸਿੰਘ, ਸੁਦਾਮਾ, ਸੈਨਾਪਤਿ, ਹੀਰ, ਹੰਸ ਰਾਮ, ਕੁੰਵਰੇਸ਼, ਸਿੰਘ, ਨੰਦ ਲਾਲ, ਮਦਨ ਸਿੰਘ ਤੇ ਮੰਗਲ। ਇਨ੍ਹਾਂ ਕਵੀਆਂ ਤੇ ਵਿਦਵਾਨਾਂ ਵਿੱਚ ਕਈ ਅਜਿਹੇ ਵੀ ਸਨ ਜੋ ਮੁਗ਼ਲ ਦਰਬਾਰ ਵਿੱਚ ਮਾਣ ਪ੍ਰਾਪਤ ਕਰਦੇ ਰਹੇ ਸਨ ਪਰ ਸੰਗੀਤ ਤੇ ਕੋਮਲ ਕਲਾਵਾਂ ਦੀ ਦੁਸ਼ਮਣ ਵਕਤੀ ਸਰਕਾਰ ਦੀਆਂ ਫ਼ਿਰਕੂ ਅਤੇ ਵਹਿਸ਼ੀਆਨਾ ਨੀਤੀਆਂ ਕਰਕੇ ਇਨ੍ਹਾਂ ਵਿੱਚੋਂ ਕਈ ਗੁਰੂ ਦੀ ਸ਼ਰਨ ਵਿੱਚ ਆ ਗਏ। ਇਨ੍ਹਾਂ ਸਾਰਿਆਂ ਨੇ ਵੀ ਮਹਾਨ ਰਚਨਾਵਾਂ ਰਚੀਆਂ। ਇਹਨਾਂ ਨੂੰ ਇਕਤ੍ਰ ਕਰ ਕੇ ਨਾਮ ਵਿਦਿਆ ਸਾਗਰ ਗ੍ਰੰਥ ਪ੍ਰਸਿੱਧ ਹੋਇਆ। ਇਨ੍ਹਾਂ ਕਵੀਆਂ ਦੀਆਂ ਕਾਫ਼ੀ ਰਚਨਾਵਾਂ ਖੋਜੀਆਂ ਨੇ ਪ੍ਰਾਪਤ ਕਰ ਲਈਆਂ ਹਨ। ਇਨ੍ਹਾਂ ਸਾਰੀਆਂ ਰਚਨਾਵਾਂ ਵਿੱਚ ਇਕ ਗੱਲ ਬਹੁਤ ਹੀ ਵਿਲੱਖਣ ਅਤੇ ਸਪੱਸ਼ਟ ਤੌਰ 'ਤੇ ਉਭਰ ਕੇ ਪ੍ਰਗਟ ਹੁੰਦੀ ਹੈ ਕਿ ਹਰ ਕਵੀ ਨੇ ਮੰਗਲ ਗੁਰੂ ਕਲਗੀਧਰ ਪਿਤਾ ਦਾ ਹੀ ਕੀਤਾ ਹੈ। ਪਰ ਸ੍ਰੀ ਦਸਮ ਗ੍ਰੰਥ ਸਾਹਿਬ ਵਿੱਚ ਅੰਕਤ ਗੁਰੂ ਸਾਹਿਬ ਦੀ ਆਪਣੀ ਸਾਰੀ ਬਾਣੀ ਦਾ ਮੰਗਲ ਕੇਵਲ ਅਕਾਲ ਪੁਰਖ਼ ਦਾ ਅਤੇ ਉਸਤਤਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦੁਰ ਜੀ ਤੱਕ ਦੀ ਹੀ ਹੈ।ਜਿਵੇਂ ਵਾਰ ਸ੍ਰੀ ਭਗੌਤੀ ਜੀ ਕੀ ਪਾ. ੧੦॥ ਵਿੱਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦੁਰ ਜੀ ਤੱਕ ਦਾ ਮੰਗਲ ਕੀਤਾ ਗਿਆ ਹੈ।ਇਸਦੇ ਬਅਦ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਜੀ! ਸਭ ਥਾਈਂ ਹੋਇ ਸਹਾਇ। ਪੰਥ ਨੇ ਅਰਦਾਸ ਵਿੱਚ ਸ਼ਾਮਿਲ ਕੀਤਾ ਹੈ। ਇਸੇ ਤਰ੍ਹਾਂ 'ਅਪਨੀ ਕਥਾ' ਵਿੱਚ ਵੀ ਗੁਰੂ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਤੱਕ ਦਾ ਵਰਣਨ ਕੀਤਾ ਹੈ। ਸਪੱਸ਼ਟ ਹੈ ਕਿ ਜੇਕਰ ਸਤਿਗੁਰੂ ਜੀ ਤੋਂ ਇਲਾਵਾ ਕੋਈ ਹੋਰ ਰਚਨਾ ਕਰੇਗਾ ਤਾਂ ਨੌਂ ਗੁਰੂ ਸਾਹਿਬ ਦੇ ਨਾਲ–ਨਾਲ ਦਸਮ ਪਾਤਸ਼ਾਹ ਦਾ ਜ਼ਿਕਰ ਜ਼ਰੂਰ ਕਰੇਗਾ। ਸਮੁੱਚੇ ਸ੍ਰੀ ਦਸਮ ਗ੍ਰੰਥ ਸਾਹਿਬ ਵਿੱਚ ਕਿਧਰੇ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤਿ ਨਹੀਂ ਹੈ।

ਹਜ਼ੂਰੀ ਕਵੀ ਗਵਾਲ ਸਾਹਿਬਾਂ ਦੀ ਬਾਣੀ ਬਾਰੇ ਬਿਆਨ ਕਰਦਾ ਹੈ ਕਿ ਹੇ ਸਤਿਗੁਰੂ ਸੱਚੇ ਪਾਤਸ਼ਾਹ ! ਆਪ ਜੀ ਦੀ ਬਾਣੀ ਪੜ੍ਹ ਕੇ ਇਸ ਸੰਸਾਰ ਵਿੱਚ ਜੀਵਨ ਮੁਕਤ ਹੋਇਆ ਜਾ ਸਕਦਾ ਹੈ। ਇਸ ਦੇ ਪਠਨ ਨਾਲ ਸੰਤ–ਸਿਪਾਹੀ ਦੀ ਬਿਰਤੀ ਯਾਨਿ ਕਿ ਸਾਧੂ ਬਿਰਤੀ ਵਾਲੇ ਸ਼ੇਰ ਦੀ ਨਿਆਈਂ ਤੇ ਸ਼ੇਰ ਸਾਧੂ ਬਿਰਤੀ ਨਾਲ ਨਿਵਾਜੇ ਜਾਂਦੇ ਹਨ। ਇਸ ਬਾਣੀ ਦੀ ਕ੍ਰਿਪਾ ਸਦਕਾ ਗੁਰੂ ਕੇ ਸਿੱਖ ਨਾਮ ਕਰਕੇ ਸ਼ੇਰ ਹੋ ਜਾਂਦੇ ਹਨ ਅਤੇ ਜੋ ਮੈਦਾਨੇ ਜੰਗ (ਸਮਰ) ਵਿੱਚ ਵੀ ਸ਼ੇਰ ਦੀ ਤਰ੍ਹਾਂ ਗਰਜਦੇ ਹਨ ਅਤੇ ਜਗਤ ਵਿੱਚ ਵੀ ਸ਼ੇਰ (ਸ਼ਿਰੋਮਣੀ) ਹੋ ਜਾਂਦੇ ਹਨ।

ਪਢ ਕੈ ਤਿਹਾਰੀ ਬਾਨੀ ਮਨ ਗੋਬਿੰਦ ਸਿੰਘ,
ਜੀਵਨ ਮੁਕਤ ਜਨ ਹੋਯ ਰਹੈਂ ਅਗ ਮੇ।
ਸਾਧੁ ਮੇਨ ਸ਼ੇਰਪਨ ਸ਼ੇਰ ਮੇਨ ਸਾਧੁਮਨ,
ਦੋਊ ਪਨ ਦੇਖਿਯਤ ਆਪ ਹੀ ਕੇ ਮਗ ਮੇ।...
ਸਿਖ ਜੇ ਤਿਹਾਰੇ ਸਭ ਸੰਗਯਾ ਮਾਹਿ ਸਿੰਘ ਭਯੋ,
ਸਮਰ ਮੇ ਸਿੰਘ ਭਯੋ ਸਿੰਘ ਭਯੋ ਜਗ ਮੇ ॥

ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿੱਚ ਰਾਗ ਕੇਵਲ ਰਾਗ ਰੰਗ ਹੋ ਕੇ ਰਹਿ ਗਿਆ ਸੀ ਤੇ ਇਸਲਾਮ ਵਿੱਚ ਇਸ ਨੂੰ ਹਰਾਮ ਤੱਕ ਕਹਿ ਦਿੱਤਾ ਗਿਆ। ਗੁਰੂ ਸਾਹਿਬ ਨੇ ਇਸ ਰਾਗ ਵਿੱਚ ਸ਼ਬਦ ਪਾ ਕੇ ਕਾਦਰ ਦੀ ਉਸਤਤਿ ਕਰਕੇ ਇਸ ਨੂੰ ਪਾਵਨਤਾ ਬਖ਼ਸ਼ੀ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਵੀ ਸਾਹਿਤ ਦੇ ਸ਼ਿੰਗਾਰ ਰਸ ਦਾ ਕਾਲ ਸੀ। ਸਾਹਿਤ ਵਿੱਚ ਨੌਂ ਰਸ ਹੁੰਦੇ ਹਨ। ਕੋਈ ਵੀ ਕਵੀ ਕਿਸੇ ਇਕ ਰਸ ਵਿੱਚ ਪ੍ਰਬੀਨਤਾ ਹਾਸਿਲ ਕਰ ਸਕਦਾ ਹੈ ਜਾਂ ਵੱਧ ਤੋਂ ਵੱਧ ਦੋ ਰਸਾਂ ਵਿੱਚ। ਪਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਕਲਮ ਨੇ ਰੀਤੀ ਕਾਲ ਦੇ ਸਮੇ ਵਿੱਚ ਵੀ ਨੌਂ ਦੇ ਨੌਂ ਰਸਾਂ ਵਿੱਚ ਹੀ ਸਾਹਿਤ ਦੀ ਸਿਰਜਨਾ ਕੀਤੀ। ਇਸ ਬਾਰੇ ਹਜ਼ੂਰ ਦਾ ਦਰਬਾਰੀ ਕਵੀ ਅੰਮ੍ਰਿਤ ਰਾਇ ਲਿਖਦਾ ਹੈ,

ਪ੍ਰਿਯਾ ਪ੍ਰੇਮ ਸੋ ਸ਼ਿੰਗਾਰੀ, ਹਾਸਯ ਸੋ ਵਿਨੋਦ ਭਾਰੀ,
ਦੀਨਨ ਪੈ ਕਰਣਾਨੁਖਾਰੀ ਸੁਖੋਦੀਨੋ ਹੈ।
ਕੀਨੇ ਆਰਿ ਰੁੰਡ ਮੁੰਡ ਰੌਦ੍ਰ ਰਸ ਭਰਯੋ ਝੁੰਡ,
ਫੌਜਨ ਸੁਧਾਰਨ ਮੇਂ ਵੀਰ ਰਸ ਕੀਨੋ ਹੈ।
ਡੰਕ ਧੁਨ ਲੋਕ ਭਯਭਾਂਤ ਸਤ੍ਰੂ ਵਾਮ ਨਿੰਦਾ
ਵਿਕ੍ਰਮ ਪ੍ਰਬਲ ਅਦਭੁਤ ਰਸ ਲੀਨੋ ਹੈ।
ਬ੍ਰਹਮ ਗਯਾਨ ਸਮ ਰਸ ਅੰਮ੍ਰਿਤ ਵਿਰਾਜੈ ਸਦਾ,
ਸ੍ਰੀ ਗੁਰੁ ਗੋਬਿੰਦ ਰਾਇ ਨਵੋ ਰਸ ਭੀਨੋ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਾ ਇਕ ਹੋਰ ਪੱਖ ਗੁਰਮਤਿ ਦੇ ਪਹਿਲੂ ਤੋਂ ਬਹੁਤ ਹੀ ਅਹਿਮੀਅਤ ਰੱਖਦਾ ਹੈ। ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਦੇ ਮੁਤਾਬਿਕ ਸਿੱਖ ਦੀ ਪਰਿਭਾਸ਼ਾ ਅਤੇ ਗੁਰਮਤਿ ਦੀ ਰਹਿਣੀ ਸਿਰਲੇਖ ਹੇਠ ਅੰਕਿਤ ਹੈ ਕਿ ਸਿੱਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਆਪਣਾ ਮੁਕਤੀ ਦਾਤਾ ਤੇ ਇਸ਼ਟ ਮੰਨਣਾ ਅਤੇ ਇਸ 'ਤੇ ਨਿਸ਼ਚਾ ਰੱਖਣਾ ਜ਼ਰੂਰੀ ਹੈ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਾਣੀ ਸਿੱਖ ਲਈ ਉਸਦਾ ਇਸ਼ਟ ਤੇ ਮੁਕਤੀ ਦਾਤਾ ਹੈ ਅਤੇ ਇਸ ਵਿੱਚ ਭਰੋਸਾ, ਵਿਸ਼ਵਾਸ਼, ਅਕੀਦਾ ਤੇ ਟੇਕ ਰੱਖਣਾ ਉਸਦਾ ਧਾਰਮਿਕ ਫ਼ਰਜ਼ ਹੈ।

ਸਿੱਖ ਰਹਿਤ ਮਰਿਯਾਦਾ ਮੁਤਾਬਿਕ ਅੰਮ੍ਰਿਤ ਛਕਾਉਣ ਲਈ ਅਤੇ ਨਿਤਨੇਮ ਲਈ ਮੁਕੱਰਰ ਕੀਤੀਆਂ ਪੰਜ ਬਾਣੀਆਂ ਵਿੱਚ ਤਿੰਨ ਬਾਣੀਆਂ ਦਸਮ ਪਾਤਸ਼ਾਹ ਦੀਆਂ ਹਨ। ਇਸੇ ਤਰ੍ਹਾਂ ਸਿੱਖ ਦੀ ਨਿਤਾਪ੍ਰਤਿ ਅਰਦਾਸ ਦੀ ਪਹਿਲੀ ਪਉੜੀ ਵਾਰ ਸ੍ਰੀ ਭਗੌਤੀ ਜੀ ਕੀ ਕਲਗੀਧਰ ਪਿਤਾ ਦੀ ਬਖ਼ਸ਼ਿਸ਼ ਹੈ ਅਤੇ ਇਸ ਦਾ ਸੋਮਾ ਵੀ ਸ੍ਰੀ ਦਸਮ ਗ੍ਰੰਥ ਹੀ ਹੈ।

ਸਤਿਗੁਰੂ ਸੱਚੇ ਪਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦਸਿੰਘ ਜੀ ਦੀ ਬਾਣੀ ਦੇ ਪ੍ਰਭਾਵ ਬਾਰੇ ਉੱਘੇ ਤੇ ਸਤਿਕਾਰਤ ਖੋਜੀ ਡਾ. ਬਲਬੀਰ ਸਿੰਘ ਜੀ ਕਥਨ ਬਹੁਤ ਹੀ ਮਹੱਤਵ ਪੂਰਨ ਹਨ ਜੋ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਛਪੇ ਦਸਮ ਗ੍ਰੰਥ ਤੁਕ ਤਤਕਰਾ ਵਿੱਚ ਇਸ ਤਰ੍ਹਾਂ ਅੰਕਿਤ ਹਨ, ਹੁਣ ਵਕਤ ਆ ਰਿਹਾ ਹੈ ਕਿ ਦਸਮ ਗ੍ਰੰਥ ਦੇ ਸਾਹਿਤ ਦਾ ਪ੍ਰਭਾਵ ਫਿਰ ਮਹਿਸੂਸ ਕੀਤਾ ਜਾਵੇ। ਜਿਸ ਉਦੇਸ਼ ਨੂੰ ਲੈ ਕੇ ਗੁਰੂ ਜੀ ਨੇ ਸਾਹਿਤ ਰਚਨਾ ਕੀਤੀ ਸੀ, ਉਸ ਨੂੰ ਮੁੜ ਸੁਰਜੀਤ ਕੀਤਾ ਜਾਏ। ਗੁਰੂ ਜੀ ਦਾ ਆਸ਼ਾ ਸੀ ਕਿ ਗਿਰੀ ਹੋਈ ਮਨੁੱਖ ਸ਼੍ਰੇਣੀ ਨੂੰ ਉੱਚਾ ਕਰਨ ਲਈ ਬਲਵਾਨ ਸਾਹਿਤ ਦੀ ਲੋੜ ਹੈ।ਉਨ੍ਹਾਂ ਸਾਹਿਤ ਵੀ ਰਚਿਆ ਤੇ ਉਸ ਰਚਨਾ ਅਸਰ ਵੀ ਪ੍ਰਤੱਖ ਕਰਕੇ ਦਿਖਾ ਦਿੱਤਾ। ਅਸੀਂ ਜਿਸ ਵੇਲੇ ਦਿਮਾਗ਼ੀ ਬਹਿਸ ਵਿੱਚ ਪੈ ਜਾਂਦੇ ਹਾਂ ਤਾਂ ਸਾਰ ਵਸਤੂ ਤੋਂ ਉਖੜ ਜਾਂਦੇ ਹਾਂ। ਸਾਨੂੰ ਕੁਝਸਬਕ ਪੱਛਮੀਆਂ ਕੋਲੋਂ ਲੈ ਲੈਣਾ ਚਾਹੀਦਾ ਹੈ। ਇੰਗਲੈਂਡ ਵਿੱਚ ਵੀ ਸ਼ੈਕਸਪੀਅਰ ਦੀ ਹਸਤੀ ਬਾਰੇ ਸ਼ੰਕੇ ਹਨ। ਪਰ ਇਸਦੇ ਬਾਵਜੂਦ ਸ਼ੈਕਸਪੀਅਰ ਦੀ ਰਚਨਾ ਦਾ ਪ੍ਰਭਾਵ ਵੈਸੇ ਦਾ ਵੈਸਾ ਹੀ ਹੈ। ਅਸੀਂ ਜਿਸ ਵੇਲੇ ਧਰਮ ਪੁਸਤਕਾਂ ਸਬੰਧੀ ਨਿੱਜੀ ਸੰਦੇਹ ਪ੍ਰਗਟ ਕਰਦੇ ਹਾਂ ਤਾਂ ਸਤਕਾਰ ਦਾ ਸਾਰਾ ਵਾਯੂ ਮੰਡਲ ਵਿਗਾੜ ਲੈਂਦੇ ਹਾਂ। ਜ਼ਰੂਰਤ ਹੈ ਦਸਮ ਗ੍ਰੰਥ ਦੇ ਉਦੇਸ਼ ਨੂੰ ਸਮਝਣ ਦੀ ਤੇ ਉਸ ਮੰਤਵ ਨੂੰ ਪ੍ਰਾਪਤ ਕਰਨ ਲਈ ਹੰਬਲਾ ਮਾਰਨ ਦੀ, ਜਿਸ ਦਾ ਇਖਲਾਕੀ ਟੀਚਾ ਇਸ ਸਾਹਿਤ ਨੇ ਸਾਡੇ ਸਾਹਮਣੇ ਰੱਖਿਆ। ਅਸੀਂ ਉਸ ਖਾਰਿਸ਼ (ਅਲਲਇਰਗੇ) ਤੋਂ ਵੀ ਉੱਚਾ ਉਠਣਾ ਹੈ ਜੋ ਪੁਰਾਣਾਂ ਦਾ ਨਾਮ ਜਾਂ ਕੁਝ ਕਥਾ ਕਹਾਣੀਆਂ ਸੁਣਨ ਨਾਲ ਸਾਡੇ ਜਿਸਮ ਉੱਤੇ ਖੁਰਾਕ ਪੈਦਾ ਕਰ ਦਿੰਦੇ ਹੈ ਤੇ ਜੋ ਰੋਗ ਅਸੀਂ ਬਾਹਰਲੀ ਛੂਤ ਤੋਂ ਅੰਦਰ ਵਾੜਿਆ। ਗੁਰੂ ਨਾਨਕ ਸਾਹਿਬ ਨੇ ਸਾਨੂੰ ਇਹੋ ਸਿੱਖਿਆ ਦਿੱਤੀ ਸੀ,

ਦਸ ਅਠਾਰ ਮੈ ਅਪਰੰਪਰੋਚੀਨੋ ਕੇ ਨਾਨਕ ਇਵ ਏਕ ਤਾਰੇ (ਮ.1)

ਇਸ ਦਾ ਭਾਵ ਇਹ ਹੈ ਕਿ ਅਠਾਰਾਂ ਪੁਰਾਣਾਂ ਨੂੰ ਬੇਸ਼ੱਕ ਵਾਚੋ, ਉਨ੍ਹਾਂ ਵਿੱਚੋਂ ਰੂਹਾਨੀਅਤ ਦਾ ਤਤ ਜੋ ਅਪਰੰਪਰ ਹੈ ਉਸ ਨੂੰ ਪਛਾਣੋ। ਗੁਰੂ ਗੋਬਿੰਦ ਸਿੰਘ ਨੇ ਇਹੋ ਕੀਤਾ ਸੀ। ਉਨ੍ਹਾਂ ਨੇ ਭਾਗਵਤ ਪੁਰਾਣ, ਮਾਰਕੰਡੇ ਪੁਰਾਣ, ਮਹਾਂਭਾਰਤ, ਉਪਨਿਸ਼ਦ ਆਦਿ ਹੋਰ ਗ੍ਰੰਥਾਂ ਦੇ ਪਠਨ ਪਾਠਨ ਕੀਤੇ ਅਤੇ ਉਨ੍ਹਾਂ ਪੁਸਤਕਾਂ ਦਾ ਪੁਨਰ ਨਿਰਮਾਣ ਕੀਤਾ, ਉਨ੍ਹਾਂ ਨੂੰ ਸਜਾਇਆ ਸੰਵਾਰਿਆ ਤੇ ਅਜਿਹੀ ਫਬਨ ਵਿੱਚ ਪੇਸ਼ ਕੀਤਾ ਜਿਸ ਨਾਲ ਇਖ਼ਲਕੀ ਤੇ ਰੂਹਾਨੀਅਤ ਦਾ ਸਬੱਲ ਤਤ ਅਸਰਦਾਰ ਹੈ ਜਾਏ।

ਇਹ ਗੱਲ ਕਦੇ ਵੀ ਅੱਖੋਂ ਓਹਲੇ ਨਹੀਂ ਹੋਣੀ ਚਾਹੀਦੀ ਕਿ ਗੁਰੂ ਗੋਬਿੰਦ ਸਿੰਘ ਵਰਗੀ ਕ੍ਰਾਂਤੀਕਾਰੀ ਹਸਤੀ ਦੀ ਰਚਨਾ ਵਿੱਚ ਕੁਝ ਖ਼ਾਸਵਿਚਿਤ੍ਰਤਾ ਹੈ। ਚਾਹੇ ਸਾਡੀ ਅਣਗਹਿਲੀ ਜਾਂ ਅਰੁਚੀ ਕਾਰਨ ਇਹ ਰਚਨਾ ਸਾਡੇ ਪ੍ਰਚਾਰ ਦੇ ਦਾਇਰੇ ਤੋਂ ਬਾਰਵਾਰ ਰਹੀ ਹੈ ਪਰ ਇਸ ਰਚਨਾ ਦੀ ਬੁਝੀ ਹੋਈ ਭਸਮ ਵਿੱਚ ਵੀ ਦੱਬੇ ਹੋਏ ਲਾਲ ਅੰਗਾਰੇ ਹਨ, ਜੋ ਲੋੜ ਸਮੇਂ ਫਿਰ ਭੜਕ ਸਕਦੇ ਹਨ ਤੇ ਅੰਦੋਲਨ ਦਾ ਕਾਰਜ ਸੰਪੂਰਨਤਾ ਤੱਕ ਲਿਜਾ ਸਕਦੇ ਹਨ।

ਇਤਹਾਸਕਾਰਾਂ ਨੂੰ ਵੀ ਹੁਣ ਇਹ ਸਮਝ ਪੈ ਰਹੀ ਹੈ ਕਿ ਉਹ ਮਨੌਤਾਂ ਜੋ ਇਕ ਕੰਮ ਦੇ ਰਗ ਰੇਸ਼ੇ ਵਿੱਚ ਰਚਗਈਆਂ ਹਨ ਤੇ ਇਸਦੀ ਜਿੰਦ ਨਾਲ ਰਸ ਰੂਪ ਹੋ ਗਈਆਂ ਹਨ ਉਨ੍ਹਾਂ ਨੂੰ ਪੜਚੋਲ ਦੀ ਨਜ਼ਰ ਬਦਲ ਨਹੀਂ ਸਕਦੀ। ਉਨ੍ਹਾਂ ਨੂੰ ਬਦਲਣ ਲਈ ਕਿਸੇ ਕ੍ਰਾਂਤੀਕਾਰੀ ਤਾਕਤ ਦੀ ਲੋੜ ਹੈ। ਉਨ੍ਹਾਂ ਨੂੰ ਬਦਲਣ ਲਈ ਕਿਸੇ ਗੁਰੂ ਪੀਰ ਦੀ ਕੁਰਬਾਨੀ ਦੇ ਖ਼ੂਨ ਦੀ ਲੋੜ ਹੁੰਦੀ ਹੈ।

ਗੁਰੂ ਕਲਗੀਧਰ ਪਿਤਾ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੇ ਅਤੇ ਉਦੇਸ਼ ਦੀ ਪ੍ਰੋੜਤਾ ਕਰਦੀ ਹੈ। ਇਹ ਖਾਲਸੇ ਦੇ ਨਿਆਰੇਪਨ ਦੀ ਜਾਮਨ ਹੈ। ਇਸ ਬਾਰੇ ਗੁਰਬਾਣੀ ਵਿੱਚ ਭਿੱਜੇ ਹੋਏ ਗੁਰਮਤੀਏ ਵਿਦਵਾਨ ਡਾ. ਤਾਰਨ ਸਿੰਘ ਜੀ ਆਪਣੀ ਪੁਸਤਕ ਦਸਮ ਗ੍ਰੰਥ ਰੂਪ ਤੇ ਰਸ ਵਿੱਚ ਲਿਖਦੇ ਹਨ, ਵਿਚਾਰਧਾਰਾ ਕਰਕੇ ਦਸਮ ਗ੍ਰੰਥ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਬੁਨਿਆਦੀ ਤੌਰ ਤੇ ਪੂਰੀ ਤਰ੍ਹਾਂ ਇਕ ਹਨ। ਰੂਪ ਦੋਹਾਂ ਦਾ ਡੂੰਘੇ ਰਹੱਸਾਂ ਵਿੱਚ ਇਕ ਹੈ, ਰਸ ਦੋਹਾਂ ਦਾ ਭਿੰਨ–ਭਿੰਨ ਹੈ।

ਸੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਖ਼ਸ਼ਿਸ਼ ਕੀਤੀ ਬਾਣੀ ਸਿੱਖ ਦਾ ਇਸ਼ਟ, ਮੁਕਤੀਦਾਤਾ ਤੇ ਸਾਹ–ਰਗ ਹੈ। ਇਸ ਬਾਣੀ ਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਤੱਤ ਸਾਰ ਅਤੇ ਨਿਸ਼ਾਨਾ ਵੀ ਇਕੋ ਹੀ ਹੈ। ਇਸ ਬਾਣੀ ਦੀ ਸੰਭਾਲ ਇਸ ਸੋਮੇ ਪ੍ਰਤੀ ਸਮਰਪਤ ਹੋਣਾ ਸਿੱਖ ਦਾ ਮਨੋਰਥ ਤੇ ਫਰਜ਼ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਾਣੀ ਦੇ ਨਾਲ ਸਿੱਖ ਦਾ ਨਾਤਾ ਕੇਵਲ ਨਿਤਨੇਮ ਤੇ ਅੰਮ੍ਰਿਤ ਸੰਸਕਾਰ ਦੀਆਂ ਬਾਣੀਆਂ ਤੱਕ ਹੀ ਸੀਮਿਤ ਨਾ ਹੋਵੇ ਬਲਕਿ ਕਲਗੀਧਰ ਪਿਤਾ ਦੀ ਬਾਣੀ ਦੇ ਵਿਸ਼ਾਲ ਸਾਗਰ ਵਿੱਚੋਂ ਪਠਨ ਪਾਠਨ ਦੀ ਰੁਚੀ ਵਿਕਸਤ ਹੋਵੇ ਤਾਂ ਕਿ ਕਲਗੀਆਂ ਵਾਲੇ ਪ੍ਰੀਤਮ ਦਾ ਸੁਨੇਹਾ ਸਾਡੇ ਹਿਰਦੇ ਵਿਚ ਰਚ ਸਕੇ। ਸਾਹਿਬਾਂ ਦੇ ਆਗਮਨ ਪੁਰਬ ਤੇ ਇਹੋ ਧੁਨੀ ਅਲਾਪੀਏ,

ਗੋਬਿੰਦ ਗੋਬਿੰਦ ਕਰਿ ਹਾਂ॥ ਹਰਿ ਹਰਿ ਮਨਿ ਪਿਆਰਿ ਹਾਂ॥
ਗੁਰ ਕਹਿਆ ਸੁ ਚਿਤਿ ਧਰਿ ਹਾਂ॥ ਅਨ ਸਿਉ ਤੋਰਿ ਫੇਰਿ ਹਾਂ॥
ਐਸੇ ਲਾਲਨੁ ਪਾਇਓ ਰੀ ਸਖੀ ॥1॥
(ਗੁਰੂ ਗ੍ਰੰਥ ਸਾਹਿਬ, 410)

## ਨਿਕੰਮੇ ਬੰਦੇ

ਹਰ ਕਿਸੇ ਤੋਂ, ਪਿਆਰ ਨਾ ਲੱਭ
ਪਿਆਰ ਨਿਭਾਉਣ ਦਾ, ਨਹੀਂ ਸਭ ਨੂੰ ਜੱਚ
ਅੱਧ ਵਿਚਾਲੇ ਕਈ ਡੋਬ ਦਿੰਦੇ ਨੇ
ਛਿੜ ਜਾਦਾਂ ਫਿਰ ਨਵਾਂ ਹੀ ਯੱਭ
ਦੁਨੀਆਂ ਕੋਲੋਂ ਲੁਕਾਉਣਾ ਪੈਂਦਾ
ਯਾਰ ਨੂੰ ਦਿਖਾਉਣਾ ਹੁੰਦਾ ਸਭ
ਦੋ ਦਿਲ ਮਿਲਦੇ ਵੇਖ ਕੇ ਯਾਰੋ
ਸੜ–ਬਲ ਜਾਦਾਂ ਇਹ ਜੋ ਜੱਗ
ਆਪਣੇ ਹੀ ਕਈ ਭਾਨੀ ਮਾਰਦੇ
ਅੜਿੱਕੇ ਡਾਹੁੰਦੇ ਮੁਕਾਉਂਦੇ ਹੱਦ
ਕਮ ਚ ਘੜੰਮ ਪਾ ਕੇ ਰੱਖਦੇ
ਨਿਕੰਮੇ ਬੰਦੇ ਸੋਚ ਅਲੱਗ
ਕੋਈ ਕਿਸੇ ਨੂੰ ਖੁਸ਼, ਨਹੀਂ ਚਾਹੁੰਦਾ
ਦੁੱਖ ਦਿੰਦੇ, ਫਿਰ ਹੱਸਦੇ ਦੱਬ ਦੱਬ
ਸਭ ਸਵਾਰਥੀ ਲੋਕ ਨੇ ਇਥੇ
ਐਵੇਂ ਕਿਸੇ ਦੇ ਮਗਰ ਨਾ ਲੱਗ
ਬੜੀ ਛੇਤੀ ਲੋਕ ਰੰਗ ਬਦਲਦੇ
ਕਈ ਬਣੇ ਰਹਿੰਦੇ ਡੱਬ– ਖੱੜਬ
ਸੋਚ ਵਿਚਾਰ ਕੇ ਮਿੱਤਰ ਬਣਾਈਂ
ਝੂਠਿਆਂ ਨੂੰ ਛੇਤੀ, ਦੇਵੀਂ ਛੱਡ
"ਮਾਵੀ" ਲੋਕੀਂ ਨਜਰ ਲਾ ਦਿੰਦੇ
ਬਹੁਤੀ ਟੌਹਰ ਨਾ ਤੂੰ ਐਵੇਂ ਕੱਢ।



**ਗੁਰਦਰਸ਼ਨ ਸਿੰਘ ਮਾਵੀ**
98148 51298

# ਸਹਿਬਜਾਦੇ ਸ਼ਹਾਦਤ ਦਿਵਸ

ਗੁਰਚਰਨਜੀਤ ਸਿੰਘ ਲਾਂਬਾ
1 973 699 0950

ਪੰਥਕ ਕਵੀ ਤੇਜਾ ਸਿੰਘ ਸਾਬਰਨੇ ਇਕ ਅਦੁੱਤੀ ਅਤੇ ਸ਼ਾਨਦਾਰ ਸ਼ਹੀਦੀ ਲੜੀ ਦਾ ਜ਼ਿਕਰ ਕੀਤਾ ਹੈ-

ਸੁਰਗਾਂ ਦੇ ਵਿੱਚ ਬੈਠੀਆਂ ਹੈਸਨ ਇਕ ਜਗ੍ਹਾ ਸਰਕਾਰਾਂ ਦੋ।
ਵੇਖਣ ਵਾਲੇ ਵੇਖ ਰਹੇ ਨੇ ਬੁੱਤ ਏ ਇਕ, ਨੁਹਾਰਾਂ ਦੋ।
ਗੱਲਾਂ ਵਿੱਚ ਗੱਲ ਇਹ ਨਿਕਲੀ, ਗੱਲ ਏ ਇਕ ਵਿਚਾਰਾਂ ਦੋ
ਇਕ ਨੇ ਪੰਚਮ ਪਿਤਾ ਪਿਆਰੇ, ਇਕ ਉਨ੍ਹਾਂ ਦੇ ਪੋਤੇ ਜੋ
ਉਸ ਪੋਤੇ ਨੇ ਪੋਤੇ ਲੈ ਲਏ, ਦੋ ਏਧਰ ਤੇ ਉਧਰ ਦੋ।

ਸ਼ਹੀਦਾਂ ਦੇ ਸਿਰਤਾਜ ਗੁਰ ਅਰਜਨ ਪ੍ਰਤਖ ਹਰਿਅਤੇ ਫਿਰ ਉਨ੍ਹਾਂ ਦੇ ਪੋਤਰੇ ਹਿੰਦ ਦੀ ਚਾਦਰਤਿਲਕ ਜੰਞੂ ਰਾਖਾ ਪ੍ਰਭ ਤਾਂਕਾ ਗੁਰੂ ਤੇਗ ਬਹਾਦਰ ਜੀ ਅਤੇ ਅੱਗੋਂ ਉਨ੍ਹਾਂ ਦੇ ਚਾਰੋਂ ਪੋਤਰੇ ਦਸਮੇਸ਼ ਪਿਤਾ ਦੇ ਫ਼ਰਜ਼ੰਦ ਚਾਰ ਸਾਹਿਬਜ਼ਾਦਿਆਂ ਨਾਲ ਰੌਸ਼ਨ ਇਸ ਲਾਸਾਨੀ ਸ਼ਹੀਦੀ ਰੌਸ਼ਨ ਮਿਨਾਰ ਦਾ ਕੋਈ ਜੋੜ ਨਾ ਹੋਇਆ ਹੈ ਅਤੇ ਨਾ ਹੀ ਹੋਣਾ ਹੈ। ਇਸ ਸ਼ਹੀਦੀ ਲੜੀ ਤੇ ਹੀ ਇਹ ਗੱਲ ਸਮਾਪਤ ਨਹੀਂ ਹੋਈ ਬਲਕਿ ਇਹ ਸ਼ਹਾਦਤਾਂ ਦਾ ਸੋਮਾ ਬਣ ਨਿਬੜਿਆ। ਇਸ ਲੜੀ ਨੇ ਤਾਂ ਸ਼ਹੀਦੀਆਂ ਦੀ ਝੜੀ ਹੀ ਲਾ ਦਿੱਤੀ।

ਪਰਵਾਨੇ ਨੂੰ ਆਪਣੇ ਉਪਰ ਮਰ ਮਿਟਣ ਦੀ ਪ੍ਰੇਰਨਾ ਦੇਣ ਲਈ ਸ਼ਮਾਂ ਨੂੰ ਖੁਦ ਪਹਿਲਾਂ ਆਪਣਾ ਆਪ ਸਾੜਨਾ ਪੈਂਦਾ ਹੈ, ਆਪਣਾ ਸਿਰ ਭੇਂਟ ਕਰਨਾ ਪੈਂਦਾ ਹੈ।

ਸ਼ਮਾ ਭੀ ਕਮ ਨਹੀਂ ਕੁਛ ਇਸ਼ਕ ਮੇਂ ਪਰਵਾਨੇ ਸੇ।
ਜਾਨ ਦੇਤਾ ਹੈ ਅਗਰ ਵੋ, ਤੋਂ ਯੇ ਸਰ ਦੇਤੀ ਹੈ।

ਉਬਲਦੀਆਂ ਦੇਗਾਂ, ਤੱਤੀਆਂ ਤਵੀਆਂ, ਭੁਜਦੀਆਂ ਰੇਤਾਂ, ਲਿਸ਼ਕਦੀਆਂ ਤੇਗਾਂ, ਤਿੱਖੀਆਂ ਰੰਬੀਆਂ, ਨੁਕੀਲੀਆਂ ਚਰਖੜੀਆਂ, ਚੀਰਵੇਂ ਆਰਿਆਂ, ਖ਼ੂਨੀ ਜੰਬੂਰਾਂ, ਨੇਜ਼ਿਆਂ, ਗੰਡਾਸਿਆਂ, ਜੰਡਾਂ, ਭੱਠੀਆਂ, ਤੋਪਾਂ ਆਦਿ ਦਾ ਉਹ ਕਿਹੜਾ ਢੰਗ ਅਤੇ ਤਰੀਕਾ ਸੀ ਜੋ ਸਾਡੇ ਬਜ਼ੁਰਗਾਂ ਨੇ ਨੰਗੇ ਧੜ ਨਾਲ ਹੰਢਾਇਆ।

ਕਈ ਚਰਖ ਕਈ ਫਾਂਸੀ ਮਾਰੇ,
ਕਈ ਤੋਪਨ ਕਈ ਛੁਰੀ ਕਟਾਇ॥
ਕਈਅਨ ਕੇ ਸਿਰ ਮੁੰਗਲੀ ਕੁੱਟੇ,
ਕਈ ਡੋਬੇ ਕਈ ਘਸੀਟ ਸੁ ਸੁੱਟੇ ॥੩॥
ਦੱਬੇ, ਟੰਗੇ ਬੰਦੂਖਨ ਦਏ ਮਾਰ,
ਕੌਨ ਗਨੇ ਜੋ ਮਾਰੇ ਹਜ਼ਾਰ ॥
ਪਾਂਤ ਪਾਂਤ ਕਈ ਪਕੜ ਬਹਾਏ,
ਸਾਥ ਤੇਗਨ ਕੇ ਸੀਸ ਉਡਵਾਏ॥੪॥
ਕਿਸੇ ਹੱਥ ਕਿਸੇ ਟੰਗ ਕਟਵਾਇ,
ਅੱਖ ਕੱਢ ਕਿਸੈ ਖਲ ਕਢਵਾਇ॥
ਕੇਸਨ ਵਾਲੇ ਜੋ ਨਰ ਹੋਈ,
ਬਾਲ ਬਿਰਧ ਲਭ ਛੱਡੇ ਨ ਕੋਈ॥੫॥ (ਪੰਥ ਪ੍ਰਕਾਸ਼—ਭੰਗੂ)

ਸ਼ਮਾਂ ਨੂੰ ਗੁਰੂ ਦੇ ਪ੍ਰਵਾਨਿਆਂ ਨੇ ਬਰਫ਼ ਸਮ ਠੰਡੀ ਨਾ ਕਰ ਦਿੱਤੀ, ਮਦਸਮਤ ਹਾਥੀਆਂ ਨੂੰ ਪਛਾੜ ਨਾ ਦਿੱਤਾ, ਦਰਿਆਵਾਂ ਨੂੰ ਠੱਲ੍ਹ ਨਾ ਦਿੱਤਾ, ਧਾੜਵੀਆਂ ਦੇ ਮੂੰਹ ਮੋੜ ਨਾ ਦਿੱਤ ਅਤੇ ਜ਼ੁਲਮ ਅਤੇ ਜ਼ਾਲਮ ਰਾਜ ਦੀਆਂ ਜੜ੍ਹਾਂ ਨਾ ਪੁੱਟ ਦਿੱਤੀਆਂ। ਅੰਗਰੇਜ਼ਾਂ ਦੇ ਦਿੱਲੀ ਤੇ ਪੂਰੀ ਤਰ੍ਹਾਂ ਕਾਬਜ਼ ਹੋ ਜਾਣ ਦੇ ਬਾਅਦ ਦਿੱਲੀ ਦੇ ਫ਼ਿਰੰਗੀ ਲਾਟ ਕੈਪਟਨ ਮਰੇ ਨੇ ਪ੍ਰਾਚੀਨ ਪੰਥ ਪ੍ਰਕਾਸ਼ ਦੇ ਲਿਖਾਰੀ ਰਤਨ ਸਿੰਘ ਭੰਗੂ ਨੂੰ ਪੁੱਛਿਆ ਸੀ ਕਿ ਕੀ ਕਾਰਣ ਹੈ ਕਿ ਹੋਰ ਸਾਰੇ ਅਵਤਾਰੀ ਪੁਰਸ਼ਾਂ ਦੀ ਰੀਤ ਦੇ ਉਲਟ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸੰਤਾਨ ਨੂੰ ਰਾਜ ਭਾਗ ਨਾ ਦਿੱਤਾ? ਭੰਗੂ ਨੇ ਜਵਾਬ ਦਿੱਤਾ ਸੀ ਕਿ ਸਾਹਬ ਬਹਾਦੁਰ ! ਘਾਹ ਧਰਤੀ 'ਤੇ ਆਪੇ ਉੱਗਣ ਕਰਕੇ ਇਸ ਨੂੰ ਧਰਤੀ ਪੁੱਤਰ ਕਿਹਾ ਜਾਂਦਾ ਹੈ। ਪਰ ਧਰਤੀ ਤੇ ਇਕ ਸਮੇਂ ਘਾਹ ਜਾਂ ਅੰਨ ਹੀ ਉੱਗ ਸਕਦਾ ਹੈ, ਦੋਵੇਂ ਇਕੱਠੇ ਨਹੀਂ।

ਸ੍ਰੀ ਰਾਮ ਕ੍ਰਿਸ਼ਨ ਸੁਤ ਨਿਜ ਰਖੇ ਦਯੋ ਰਾਜਕਨ ਪ੍ਰੀਤ।
ਸ੍ਰੀ ਸਤਿਗੁਰ ਸਿਖਨ ਦਯੋ, ਅਧਿਕ ਭਈ ਯਾ ਰੀਤ॥੯॥
ਅਪਨੇ ਅੰਸਹਿ ਹੋਤਿ ਢਿਗੇ ਪਰ ਅੰਸਹਿ ਬਢਤਿ ਨ ਹੇਤ।
ਭੂਮ ਪੁਤੈ ਜਿਹ ਘਾਸ ਹੈ ਨਹਿ ਹੁਇ ਅੰਨ ਤਿਹ ਖੇਤ॥੧੦॥
(ਪੰਥ ਪ੍ਰਕਾਸ਼—ਭੰਗੂ)

ਕਲਗੀਧਰ ਪਿਤਾ ਨੇ ਮਾਨਵਤਾ ਦੇ ਕਲਿਆਣ ਹਿੱਤ ਆਪਣੀ ਨਿੱਜ ਸੰਤਾਨ ਦੀ ਕੁਰਬਾਨੀ ਦੇ ਦਿੱਤੀ ਤਾਂ ਕਿ ਇੱਥੇ ਖਾਲਸਾ ਅਕਾਲ ਪੁਰਖ ਕੀ ਫੌਜ' ਰੂਪੀ ਅੰਨ ਸਦੀਵੀਂ ਤੌਰ 'ਤੇ ਪਨਪ ਸਕੇ।

ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਪ੍ਰੇਰਿਤ ਅਤੇ ਉਨ੍ਹਾਂ ਦੀ ਬਖ਼ਸ਼ਿਸ਼ ਅਤੇ ਰਹਿਮਤ ਸਦਕਾ ਸਰਹੰਦ ਅਤੇ ਚਮਕੌਰ ਦੇ ਇਹ ਸਾਕੇ ਧਰਤ ਲੁਕਾਈ ਦੇ ਕਲਿਆਣ ਹਿੱਤ ਖ਼ਾਲਸੇ ਦੀ ਸਦੀਵੀ ਫ਼ਸਲ ਦੇ ਨਮਿੱਤ ਸੀ। ਤਾਂ ਹੀ ਤਾਂ ਗੁਰੂ ਸਾਹਿਬ ਨੇ ਕਹਿ ਦਿੱਤਾ, ਇਨ ਪੁਤ੍ਰਨ ਕੇ ਸੀਸ ਪਰ ਵਾਰ ਦਿਏ ਸੁਤ ਚਾਰ, ਚਾਰ ਮੂਏ ਤੋ ਕਿਆ ਹੁਆ, ਜਬ ਜੀਵਤ ਕਈ ਹਜਾਰ।

ਅੱਲ੍ਹਾ ਯਾਰ ਖਾਂ ਜੋਗੀ ਰਹਿਮਾਨੀ ਨੇ ਕਿਤਨਾ ਸੁੰਦਰ ਕਿਹਾ ਹੈ,
'ਯਾਕੂਬ' ਕੋ ਯੂਸਫ ਕੇ ਬਿਛੜਨੇ ਨੇ ਰੁਲਾਇਆ,
ਸਾਬਰ ਕੋਈ ਕਮ ਐਸਾ ਰਸੂਲੋ ਮੇਂ ਹੈ ਆਇਆ
ਕਟਵਾ ਕੇ ਪਿਸਰ ਚਾਰੋ, ਇਕ ਆਂਸੂ ਨ ਗਿਰਾਇਆ,
ਰੁਤਬਾ ਗੁਰੂ ਗੋਬਿੰਦ ਨੇ ਰਿਸ਼ੀਓ ਕਾ ਬੜ੍ਹਾਇਆ....
ਕਟਵਾ ਦਿਯੇ ਸ਼ਿਸ਼ 'ਸ਼ਾਮ' ਨੇ ਗੀਤਾ ਕੋ ਸੁਨਾ ਕਰ,
ਰੂਹ ਫੂਕ ਦੀ ਗੋਬਿੰਦ ਨੇ ਔਲਾਦ ਕਟਾ ਕਰ।

ਆਪਣੇ ਪਿਆਰਿਆਂ (ਭਾਈ ਹਿੰਮਤ, ਭਾਈ ਮੋਹਕਮ ਅਤੇ ਭਾਈ ਸਾਹਿਬ), ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ, ਪਿਤਾ ਗੁਰੂ ਤੇਗ ਬਹਾਦਰ ਜੀ ਅਤੇ ਅਜ਼ੀਜ਼ ਸਿੰਘਾਂ ਦੀਆਂ ਕੁਰਬਾਨੀ ਦੇ ਬਾਅਦ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਅਤੇ 'ਫ਼ਤਹਿਨਾਮਾ'ਲਿਖਣਾ ਅਤੇ ਇਸ ਸਾਰੀ ਆਤਮ ਗਾਥਾ ਨੂੰ 'ਬਚਿੱਤ੍ਰ ਨਾਟਕ' ਕਹਿਣਾ ਉਨ੍ਹਾਂ ਦੇ ਪਰਮੇਸ਼ਰ ਦਾ ਪ੍ਰਤੱਖ ਸਰਗੁਣ ਸਰੂਪ ਹੋਣਦਾ ਲਖਾਇਕ ਹੈ।

ਚਿ ਖ਼ੁਦ ਗਰ ਸ਼ਿਗਾਲੇ ਬਿ ਮਕਰੋ ਰਯਾ।
ਹਮੀਂ ਕੁਸ਼ਤ ਦੋ ਬੱਚਾਹਿ ਸ਼ੇਰ ਰਾ॥ (ਫ਼ਤਹਿਨਾਮਾ 14)

ਕੌਮ ਦੇ ਭਵਿੱਖ ਲਈ ਸਾਕਾ ਚਮਕੌਰ ਅਤੇ ਸਰਹਿੰਦ ਦੀਆਂ ਇਨ੍ਹਾਂ ਮਹਾਨ ਕੁਰਬਾਨੀਆਂ ਦੇ ਬਾਅਦ ਜਦੋਂ ਸਿੱਖਾਂ ਨੇ ਸਾਹਿਬਾਂ ਨੂੰ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੇ ਅਫ਼ਸੋਸ ਪ੍ਰਗਟ ਕੀਤਾ ਤਾਂ ਕਲਗੀਧਰ ਪਿਤਾ ਨੇ ਧਰਵਾਸ ਦਿੱਤੀ, ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪਨੇ ਗ੍ਰਿਹਿ ਜਾਇ ॥ ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥ (1365) ਹਜ਼ੂਰ ਦੇ ਬਚਨ ਸਨ ਕਿ ਜੇ ਅਫ਼ਸੋਸ ਹੀ ਕਰਨਾ ਹੈ ਤਾਂ ਉਨ੍ਹਾਂ ਲਈ ਕਰੋ ਜੋ ਪਤਿਤ ਹੋ ਗਏ ਹਨ, ਜਿਹੜੇ ਆਪਣਾ ਧਰਮ ਛੱਡ ਕੇ ਪਾਪ ਕਰਦੇ ਹਨ, ਬਿਪ੍ਰਨ ਕੀ ਰੀਤ ਧਾਰਨ ਕਰਦੇ ਹਨ ਅਤੇ ਗੁਰਮਤਿ ਦੇ ਉੱਤਮ ਪੰਥ ਦਾ ਤਿਆਗ ਕਰਕੇ ਕੁਰਾਹੇ ਪੈ ਜਾਂਦੇ ਹਨ।



ਸੋ ਸੋਚਨ ਕੇ ਜੋਗ ਸਮਾਨਾ,
ਧਰਮ ਤਿਆਗ ਜਿਨ ਕੀਏ ਪਾਪ ਨਾਨਾ ।
ਤਜੇ ਸੁਪੰਥ ਕੁਮਾਰਗ ਚਾਲੇ,
ਸੋ ਸੋਚਨ ਕੇ ਜੋਗ ਬਿਸਾਲੇ ॥

ਚਮਕੌਰ ਦੀ ਕੱਚੀ ਗੜ੍ਹੀ (ਅਸੀਂ ਪੱਕੀ ਕਰ ਦਿੱਤੀ) ਅਤੇ ਸਰਹਿੰਦ ਦੀ ਦੀਵਾਰ (ਜਿਸਦਾ ਛੋਟਾ ਜਿਹਾ ਹਿੱਸਾ ਸਾਡੇ ਹੱਥੋਂ ਬਚ ਗਿਆ) ਸਿੱਖੀ ਦੇ ਸਦੀਵੀ ਮਹੱਲ ਦੀ ਨੀਂਹ ਹੈ। ਸਰਹੰਦ ਦੀ ਇਸ ਦੀਵਾਰ ਦਾ ਤਸਵੱਰ ਅੰਤਰਜਮੀ ਪਿਤਾ ਨੂੰ ਸੀ,

ਰਿਹਾ ਗਿੱਠਾ ਨਾਲ ਪੁੱਤਾਂ ਦੀਆਂ ਮਿਣੇ ਪਿੰਨੀਆਂ,
ਚੋਜੀ ਅੱਖਾਂ ਸਾਹਵੇਂ ਨਕਸ਼ਾ ਸਰਹੰਦ ਦੀ ਦੀਵਾਰ ਦਾ ਰਿਹਾ।

ਕੌਮੀ ਮਹੱਲ ਦੀਆਂ ਨੀਹਾਂ ਲਈ ਸਾਹਿਬਜ਼ਾਦਿਆਂ ਨੇ ਇੱਟਾਂ ਦੇ ਟੁਕੜੇ ਲਗਾਣ ਦੀ ਬਜਾਇ ਆਪਣੇ ਗੋਡੇ ਛਿਲਵਾਣੇ ਮਨਜ਼ੂਰ ਕੀਤੇ।

ਪਰ ਗੁਰੂ ਮਾਰੀ ਸਰਹਿੰਦ ਸਿੰਘਾਂ ਦੇ ਅਜ਼ਾਬ ਤੋਂ ਬਚ ਨਾ ਸਕੀ ਤੇ ਬਾਬਾ ਬੰਦਾ ਬਹਾਦੁਰ ਦੀ ਕਮਾਨ ਵਿੱਚ ਇਹ ਖੰਡਰਾਤ ਵਿੱਚ ਤਬਦੀਲ ਹੋ ਗਈ। ਸੁਲਤਾਨਲ ਕੰਮ ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੂੰ ਜਦੋਂ ਕਿਸੇ ਨੇ ਕੌਮ ਵਿੱਚ ਪ੍ਰਚੱਲਿਤ ਮਨੌਤ ਦੱਸੀ ਕਿ ਹਜੂਰ ਸੱਚੇ ਪਾਤਸ਼ਾਹ ਨੇ ਬਚਨ ਕੀਤਾ ਸੀ ਕਿ ਸਰਹੰਦ ਵਿੱਚ ਖੋਤਿਆਂ ਨਾਲ ਹੱਲ ਚੱਲਣਗੇ, ਤਾਂ ਜੱਥੇਦਾਰ ਜੀ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਖੋਤੇ ਮੰਗਵਾ ਕੇ ਸਰਹਿੰਦ ਨੂੰ ਪੱਧਰਾ ਕਰਵਾ ਦਿੱਤਾ। ਸਰਹੰਦ ਦਾ ਇਹ ਸਾਰਾ ਮਲਬਾ ਹੁਣ ਅੰਬਾਲਾ ਤੋਂ ਲੁਧਿਆਣਾ ਤੱਕ ਦੀ ਰੇਲ ਲਾਈਨ ਦੇ ਥੱਲ੍ਹੇ ਵਿਛਿਆ ਹੋਇਆ ਹੈ।

ਨੇਕੀ ਵਹੁ ਸ਼ੈ ਹੈ ਜੋ ਕਭੀ ਛੂਟ ਨਹੀਂ ਸਕਤੀ।
ਸਰਹੰਦ ਤੋਂ ਲੁਟ ਸਕਤਾ ਹੈ ਪਰ ਯੇ ਕਭੀ ਲੁਟ ਨਹੀਂ ਸਕਤੀ।

ਸਾਡੇ ਬਜ਼ੁਰਗਾਂ ਨੇ ਮਹਾਨ ਕੁਰਬਾਨੀਆਂ ਦੇ ਕੇ ਜ਼ੁਲਮ, ਧੋਖੇ ਅਤੇ ਮਗ਼ਰੂਰੀਅਤ ਦੇ ਚਿੰਨ੍ਹ ਸਰਹੰਦ ਨੂੰ ਉਜਾੜ ਦਿੱਤਾ। ਪਰ ਉਨ੍ਹਾਂ ਮਹਾਨ ਸੂਰਬੀਰਾਂ ਦੇ ਵਾਰਿਸ ਹੋਣ ਦਾ ਦਾਅਵਾ ਕਰਨ ਵਾਲਿਆਂ ਨੇ ਕੀ ਅੱਜ ਸਿੱਖੀ ਦੇ ਮਹੱਲ ਨੂੰ ਕਾਇਮ ਰੱਖਿਆ ਹੈ ? ਸ਼ਤਾਬਦੀਆਂ ਹੁਣ ਜਸ਼ਨਾਂ ਅਤੇ ਮੇਲਿਆਂ ਵਿੱਚ ਤਬਦੀਲ ਹੋ ਕੇ ਰਸਮ ਪੂਰੀ ਕਰਨ ਤੱਕ ਹੀ ਸੀਮਿਤ ਨਹੀਂ ਰਹਿ ਗਈਆਂ?

ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖ਼ਾਨ ਸਾਹਿਬ ਨੇ ਸਰਹੰਦ ਦੀ ਕਚਹਿਰੀ ਵਿੱਚ ਹਾਅ ਦਾ ਨਾਅਰਾ' ਮਾਰਿਆ ਸੀ। ਉਸ ਖ਼ਾਨਦਾਨ ਦੀ ਵਾਰਿਸ ਸਾਜਿਦਾ ਬੇਗ਼ਮ ਨੇ ਦਾਸ ਦੀ ਪੁਸਤਕ ਇਕ ਖ਼ਤ ਭਾਈ ਤਾਰੂ ਸਿੰਘ ਦੇ ਵਾਰਿਸ ਦੇ ਨਾਮ ਦੇ ਹਵਾਲੇ ਨਾਲ ਇਕ ਖ਼ਤ ਰਾਹੀਂ ਖ਼ਾਲਸੇ ਦੀ ਤੀਸਰੀ ਸਿਰਜਨਾ ਸ਼ਤਾਬਦੀ ਮੌਕੇ ਵਧਾਈ ਤਾਂ ਦਿੱਤੀ ਸੀ ਪਰ ਨਾਲ ਹੀ ਕਿਹਾ ਸੀ, "ਖ਼ਾਲਸੇ ਦੇ 300 ਸਾਲਾ ਸਾਜਣਾ ਦੇ ਮੌਕੇ 'ਤੇ ਵਧਾਈ ਦਿੰਦਿਆਂ ਇਸ ਗੱਲ ਦਾ ਅਫ਼ਸੋਸ ਅਤੇ ਰੰਜਿਸ਼ ਹੈ ਕਿ ਅੱਜ ਦਾ ਸਿੱਖ ਨੌਜਵਾਨ ਆਪਣੇ ਵਿਰਸੇ, ਤਵਾਰੀਖ ਤੇ ਫ਼ਰਜ਼ ਤੋਂ ਮੂੰਹ ਮੋੜ ਕੇ ਕੇਸਾਂ ਦੀ ਸੰਭਾਲ ਨਹੀਂ ਕਰ ਰਿਹਾ। ਇਹ ਉਨ੍ਹਾਂ ਮਹਾਨ ਸ਼ਹੀਦਾਂ ਦੀ ਨਿਰਾਦਰੀ ਅਤੇ ਗੁਰੂ ਦੀ ਬਖ਼ਸ਼ਿਸ ਤੋਂ ਮਹਿਰੂਮ ਹੋਣਾ ਹੈ। ਇਸ ਅਫ਼ਸੋਸਨਾਕ ਹਾਲਤ ਤੇ ਫਿਰ ਹਾਅ ਦਾ ਨਾਅਰਾ' ਮਾਰਦਿਆਂ ਖ਼ਾਲਸਾ ਜੀ ਨੂੰ ਅਪੀਲ ਹੈ ਕਿ ਉਹ ਸਾਬਤ ਸੂਰਤ ਸਰੂਪ ਦੀ ਸੰਭਾਲ ਕਰਣ।"

ਮਿਰਜ਼ਾ ਮੁਹੰਮਦ ਅਬਦੁਲ ਗਨੀ ਨੇ ਤਕਰੀਬਨ ਸੌ ਸਾਲ ਪਹਿਲਾਂ ਵੀ ਹਾਅ ਦਾ ਨਾਅਰਾ ਮਾਰਿਆ ਸੀ,


ਅਫ਼ਸੋਸ ਹੈ ਗੁਰੂ ਜੀ ਨੇ ਬੇਟੇ ਕੀਏ ਨਿਸਾਰ॥
ਤੁਮ ਨੇ ਅਦਾ ਉਨੋਂ ਕਾ ਕੀਆ, ਹੱਕ ਨਾ ਜੀ ਨਹਾਰ ॥
ਵੁਹ ਤੋਂ ਸਵਾਰਨੇ ਕੇ ਤੁਮਾਰੇ ਥੇ ਖ਼ਾਸਤਗਾਰ॥
ਤੁਮ ਵੁਹ ਕਿ ਤੁਮ ਨੇ ਪਹਿਲਾ ਭੀ ਸਬ ਖੋ ਦੀਆ ਵਕਾਰ ॥
ਉਨੋਂ ਨੇ ਤੋ ਸਵਾਰਾ ਥਾ, ਪਰ ਤੁਮ ਬਿਗੜ ਗਏ।
ਉਨੋਂ ਨੇ ਥਾ ਬਸਾਯਾ, ਮਗਰ ਤੁਮ ਉਜੜ ਗਏ।

ਸਰਹਿੰਦ ਅਤੇ ਚਮਕੌਰ ਦੀਆਂ ਕੁਰਬਾਨੀਆਂ ਨਾਲ ਤਿਆਰ ਇਸ ਲਾਸਾਨੀ ਸ਼ਹੀਦੀ ਬਾਗ਼ ਨੂੰ ਹੁਣ 'ਪਤਿਤਪੁਣੇ ਨਾਲ ਬਦਰੂਪ ਹੋਏ ਇਨ੍ਹਾਂ ਗਿਰਝਾਂ, ਚਮਗਾਦੜਾਂ, ਕਾਂਵਾਂ ਅਤੇ ਟਿੱਡੀਦਲਾਂ ਤੋਂ ਉਜੜਨ ਦਾ ਖ਼ਤਰਾ ਹੈ। ਕੀ ਬਾਗ਼ ਦੇ ਮਾਲੀ, ਪੰਥਕ ਆਗੂ ਆਪਣੀ ਗੂੜ੍ਹੀ ਨੀਂਦ ਤੋਂ ਉਠਣਗੇ? ਕੀ ਸਰਹੰਦ ਮੁੜ ਆਬਾਦ ਹੋ ਜਾਏਗੀ ਤੇ ਕਲਗੀਆਂ ਵਾਲੇ ਦੇ ਸਰਬੰਸ ਦੇ ਖ਼ੂਨ ਨਾਲ ਸਿੰਜਿਆ ਇਹ ਚਮਨ ਉਜੜ ਜਾਏਗਾ?

*****

# ਧਰਤੀ 'ਤੇ ਏਲੀਅਨ ਦੇ ਆਉਣ ਦੇ ਕੋਈ ਸਬੂਤ ਨਹੀਂ

ਉਡਣਤਸ਼ਤਰੀ, ਏਲੀਅਨ ਜਾਂ ਯੂਐੱਫਓ ਬਾਰੇ ਅੱਜ ਕਈ ਰਹੱਸ ਬਣੇ ਹੋਏ ਹਨ ਤੇ ਦੁਨੀਆਭਰ ਦੇ ਵਿਗਿਆਨੀ ਲੰਬੇ ਸਮੇਂ ਤੋਂ ਇਸ ਬਾਰੇ ਰਿਸਰਚ ਵੀ ਕਰ ਰਹੇ ਹਨ। ਅਸੀਂ ਅਕਸਰ ਯੂਐੱਫਓ ਜਾਂ ਏਲੀਅਨ ਦੇ ਧਰਤੀ 'ਤੇ ਆਉਣ ਦੀ ਖਬਰ ਸੁਣਦੇ



ਹਨ ਤੇ ਕਈ ਵਾਰ ਅਸਮਾਨ 'ਚ ਰਹੱਸਮਈ ਚੀਜ਼ਾਂ ਦੇ ਦਿਸਣ ਬਾਰੇ ਵੀ ਰਿਪੋਰਟ ਪੜ੍ਹਦੇ ਹਨ ਪਰ ਅਮਰੀਕੀ ਰੱਖਿਆ ਮੰਤਰ-ਾਲੇ ਨੇ ਯੂਐੱਫਓ ਤੇ ਏਲੀਏਨ ਨੇ ਹਾਲ ਹੀ 'ਚ ਇਸ ਬਾਰੇ ਅਪਡੇਟ ਦਿੱਤੀ ਹੈ।

ਅਣਪਛਾਤੀਆਂ ਉੱਡਣ ਵਾਲੀਆਂ ਵਸਤਾਂ ਦੀ ਜਾਂਚ ਸੰਬੰਧੀ ਅਮਰੀਕੀ ਰੱਖਿਆ ਹੈੱਡਕੁਆਰਟਰ ਪੈਂਟਾਗਨ ਲੰਬੇ ਸਮੇਂ ਤੋਂ ਕੰਮ ਕਰ ਰਿਹਾ ਹੈ। ਪੈਂਟਾਗਨ ਨੇ ਹਾਲ ਹੀ 'ਚ ਅਪਡੇਟ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਅਣਪਛਾਤੀਆਂ ਉੱਡਣ ਵਾਲੀਆਂ ਵਸਤਾਂ ਸੰਬੰਧੀ ਉਨ੍ਹਾਂ ਨੂੰ ਸੈਂਕੜੇ ਰਿਪੋਰਟਾਂ ਪ੍ਰਾਪਤ ਹੋਈਆਂ ਹਨ, ਪਰ ਹੁਣ ਤਕ ਏਲੀਏਨ ਦੇ ਧਰਤੀ 'ਤੇ ਆਉਣ ਦੇ ਕੋਈ ਸਬੂਤ ਨਹੀਂ ਮਿਲੇ ਹਨ।

ਪੈਂਟਾਗਨ ਦੇ ਖ਼ੁਫੀਆ ਤੇ ਸੁਰੱਖਿਆ ਵਿਭਾਗ ਦੇ ਸਕੱਤਰ ਪੱਧਰ ਦੇ ਅਧਿਕਾਰੀ ਰੋਨਾਲਡ ਮੋਲਟਰੀ ਨੇ ਕਿਹਾ ਕਿ ਹੁਣ ਤਕ ਦੀ ਜਾਂਚ ਵਿਚ ਅਸੀਂ ਅਜਿਹਾ ਕੁਝ ਵੀ ਨਹੀਂ ਦੇਖਿਆ ਹੈ, ਜੋ ਸਾਨੂੰ ਮੰਨਣ ਲਈ ਮਜਬੂਰ ਕਰਨ ਕਿ ਅਸੀਂ ਜੋ ਵੀ ਵਸਤਾਂ ਦੇਖੀਆਂ ਹਨ, ਧਰਤੀ ਦੇ ਬਾਹਰ ਦੀਆਂ ਹਨ। ਯੂਐੱਫਓ ਸਬੰਧੀ ਜਾਂਚ ਕਰਨ ਵਾਲੀ ਟੀਮ ਨਾਲ ਜੁੜੇ ਸ਼ੌ ਕਿਰਕਪੈਟ੍ਰਿਕ ਨੇ ਕਿਹਾ ਕਿ ਅਣਪਛਾਤੀਆਂ ਵਸਤਾਂ ਸੰਬੰਧੀ ਸੈਂਕੜੇ ਰਿਪੋਰਟਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿਚੋਂ ਕੁਝ ਪੁਰਾਣੀਆਂ ਹਨ। ਪੈਂਟਾਗਨ ਨੂੰ ਜੂਨ 2021 ਤਕ 144 ਰਿਪੋਰਟਾਂ ਮਿਲੀਆਂ ਸਨ, ਜਿਨ੍ਹਾਂ ਵਿਚ ਯੂਐੱਫਓ ਦੇਖੇ ਜਾਣ ਦਾ ਦਾਅਵਾ ਕੀਤਾ ਗਿਆ ਸੀ, ਪਰ ਜਾਂਚ ਤੋਂ ਬਾਅਦ ਕੋਈ ਵੀ ਅਧਿਕਾਰੀ ਇਹ ਨਹੀਂ ਦੱਸੇਗਾ ਕਿ ਕਿੰਨ ਮਾਮਲਿਆਂ ਦਾ ਏਲੀਏਨ ਦੇ ਮਿਲਣ ਦੀ ਪੁਸ਼ਟੀ ਹੋਈ ਹੈ।

# ਪੰਜਾਬ ਵਿਚ ਅਰਾਜਕਤਾ ਵਾਲਾ ਮਾਹੌਲ, ਸਨਅਤੀ ਪਾਲਸੀ ਹੈ ਨਹੀ, ਮੁੱਖ ਮੰਤਰੀ ਦੂਜੇ ਸੂਬਿਆ ਤੋ ਨਿਵੇਸ਼ ਲਿਆਉਣ ਦੇ ਨਾਮ 'ਤੇ ਕਰ ਰਿਹਾ ਦੌਰੇ: ਜੀਵਨ ਗੁਪਤਾ

**ਚੰਡੀਗੜ੍ਹ–** ਭਾਜਪਾ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਜੀਵਨ ਗੁਪਤਾ ਨੇ ਪੰਜਾਬ ਸਰਕਾਰ ਤੇ ਤੰਜ ਕਸਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਵਿਚਾਲੇ ਬਣੀ ਭਗਵੰਤ ਮਾਨ ਸਰਕਾਰ ਨੇ ਪੰਜਾਬ ਵਿਚ ਅਰਾਜਕਤਾ ਦਾ ਮਾਹੌਲ ਬਣਾ ਦਿੱਤਾ ਹੈ। ਜਿਸ ਕਾਰਨ ਵੱਡੇ ਸਨਅਤੀ ਘਰਾਨੇ ਪੰਜਾਬ ਵਿੱਚ ਨਿਵੇਸ਼ ਕਰਨ 'ਤੋਂ ਮੂੰਹ ਮੋੜ ਰਹੇ ਹਨੀ ਮੁਖਮੰਤਰੀ ਭਗਵੰਤ ਮਾਨ ਪੰਜਾਬ ਨੂੰ ਗੈਂਗਸਟਰਾਂ, ਅਰਾਜਕਤਾਵਾਦੀ ਅਤੇ ਦੇਸ਼ ਵਿਰੋਧੀ ਅਨਸਰਾਂ ਦੇ ਹੱਥਾਂ 'ਚ ਦੇ ਕੇ ਖੁਦ ਦੂਜੇ ਸੂਬਿਆਂ ਦੀ ਸੈਰ 'ਚ ਕਰ ਰਹੇ ਹਨ ਅਤੇ ਸੂਬੇ ਦੀ ਜਨਤਾ ਨੂੰ ਪੰਜਾਬ 'ਚ ਸਨਅਤਕਾਰਾਂ ਦਾ ਨਿਵੇਸ਼ ਲਿਆਉਣ ਲਈ ਝੂਠ ਬੋਲ ਕੇ ਧੋਖਾ ਦੇ ਰਹੇ ਹਨੀ ਪੰਜਾਬ ਸਰਕਾਰ ਅਜੇ ਤੱਕ ਇਹ ਵੀ ਸਪੱਸ਼ਟ ਨਹੀਂ ਕਰ ਸਕੀ ਹੈ ਕਿ ਨਵੀ ਯੋਜਨਾ ਵਿਚ ਬਾਹਰੋ ਨਿਵੇਸ਼ ਨੂੰ ਆਕਰਸ਼ਿਤ ਕਿੰਵੇਂ ਕੀਤਾ ਜਾਣਾ ਹੈ ਅਤੇ ਉਹਨਾਂ ਵਲੋਂ ਇਸ ਲਈ ਕੀ-ਕੁਝ ਕੀਤਾ ਗਿਆ ਹੈ। ਜੀਵਨ ਗੁਪਤਾ ਨੇ ਕਿਹਾ ਕਿ ਪੰਜਾਬ ਦੀ ਸਨਅਤ ਇਸ ਵੇਲੇ ਸੂਬੇ ਵਿਚਲੇ ਅੰਦੋਲਨਾ, ਧਰਨਿਆ, ਫਿਰੌਤੀਆ ਦੀਆਂ ਘਟਨਾਵਾ ਅਤੇ ਅਮਨ-ਕਾਨੂੰਨ ਦੀ ਬਦਤਰ ਹਾਲਤ ਕਾਰਨ ਡਰ ਤੇ ਸਹਿਮ ਦੇ ਮਾਹੌਲ ਵਿਚੋ ਗੁਜ਼ਰ ਰਹੀ ਹੈ। ਭਗਵੰਤ ਮਾਨ ਸਰਕਾਰ ਆਪਣੇ 8 ਮਹੀਨੇ ਦੇ ਸ਼ਾਸਨ ਦੌਰਾਨ ਅਜੇ ਤੱਕ ਨਾਂ ਤਾਂ ਕੋਈ ਨਵੀਂ ਸਨਅਤੀ ਪਾਲਸੀ ਬਣਾ ਸਕੇ ਹਨ ਅਤੇ ਨਾਂ ਹੀ ਕਿਸੇ ਪਾਲਸੀ ਨੂੰ ਅਜੇ ਤੱਕ ਪ੍ਰਵਾਨਗੀ ਦੇ ਸਕੇ ਹਨੀ ਵਿਧਾਨਸਭਾ ਚੋਣਾਂ ਦੌਰਾਨ ਕੇਜਰੀਵਾਲ ਅਤੇ ਭਗਵੰਤ ਮਾਨ ਦੋਨੋਂ ਹੀ ਪੰਜਾਬ 'ਚ ਨਵੇਂ ਸਨਅਤੀ ਨਿਵੇਸ਼ ਦੇ ਵੱਡੇ-ਵੱਡੇ ਦਾਅਵੇ ਕਰਦੇ ਸਨ, ਪਰ ਹੁਣ ਦੋਨੋਂ ਹੀ ਮੂੰਹ ਲੁਕਾਉਂਦੇ ਫਿਰਦੇ ਹਨੀ

ਜੀਵਨ ਗੁਪਤਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਉਹਨਾਂ ਦੇ ਮੰਤਰੀ ਅਤੇ ਸਰਕਾਰੀ ਅਫ਼ਸਰ ਵਿਸ਼ੇਸ਼ ਚਾਰਟਰ ਜਹਾਜ ਨਾਲ ਦੂਸਰੇ ਸੂਬਿਆ ਤੋ ਨਿਵੇਸ਼ ਲਿਆਉਣ ਲਈ ਦੌਰੇ ਕਰ ਰਹੇ ਹਨ। ਇਹ ਬੜੀ ਹਾਸੋਹੀਣੀ ਗੱਲ ਹੈ। ਇੰਝ ਲੱਗਦਾ ਹੈ ਕਿ ਮੁਖਮੰਤਰੀ ਭਗਵੰਤ ਮਾਨ ਅਤੇ ਉਹਨਾਂ ਦੇ ਮੰਤਰੀਆਂ ਨੂੰ ਚਾਰਟਰ ਜਹਾਜ ਦੇ ਝੂਟੇ ਲੈਣ ਦਾ ਸਵਾਦ ਪੈ ਗਿਆ ਹੈ। ਜੀਵਨ ਗੁਪਤਾ ਨੇ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਹਿਲਾ ਹਿਮਾਚਲ ਤੇ ਗੁਜਰਾਤ ਚੋਣਾ ਦੌਰਾਨ ਅਰਵਿੰਦ ਕੇਜਰੀਵਾਲ ਨੂੰ ਖੁਸ਼ ਕਰਨ ਲਈ ਪੰਜਾਬ ਦੀ ਜਨਤਾ ਦੇ ਟੈਕਸ ਦੇ ਪੈਸੇ ਨੂੰ ਇਸ਼ਤਿਹਾਰਾ ਤੇ ਚਾਰਟਰ ਜਹਾਜਾ 'ਤੇ ਖਰਚਿਆ ਅਤੇ ਹੁਣ ਹੋਰਨਾ ਸੂਬਿਆ 'ਤੋਂ ਨਿਵੇਸ਼ ਲਿਆਉਣ ਦੇ ਨਾਮ ਤੇ ਖਰਚਿਆ ਜਾ ਰਿਹਾ ਹੈ। ਉਹਨਾ ਕਿਹਾ ਕਿ ਪੰਜਾਬ ਵਿੱਚ ਐਮਰਜੈਂਸੀ ਵਰਗੇ ਹਾਲਾਤ ਬਣੇ ਹੋਏ ਹਨ। ਜਿਹੜੇ ਮੀਡੀਆ ਹਾਊਸ ਪੰਜਾਬ ਵਿਚ ਨਿਰਪੱਖ ਖਬਰਾਂ ਲੋਕਾ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਉਹਨਾਂ ਨੂੰ ਪੰਜਾਬ ਸਰਕਾਰ ਵੱਲੋ ਤੰਗ-ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਸ ਨੂੰ ਪੰਜਾਬ ਸਰਕਾਰ ਵਲੋਂ ਦਿੱਤੇ ਜਾਣ ਵਾਲੇ ਇਸ਼ਤਿਹਾਰ ਬੰਦ ਕੀਤੇ ਜਾ ਰਹੇ ਹਨ, ਜੋ ਕਿ ਬਹੁਤ ਹੀ ਮੰਦਭਾਗਾ ਹੈ। ਉਹਨਾਂ ਕਿਹਾ ਕਿ ਪੰਜਾਬ ਵਿਚਲੀਆਂ ਸਨਅਤਾਂ ਨੂੰ ਸਾਢੇ ਅੱਠ ਰੁਪਏ ਯੂਨਿਟ ਬਿਜਲੀ ਮਿਲ ਰਹੀ ਹੈ, ਜੋ ਗੁਆਂਢੀ ਰਾਜਾਂ ਨਾਲੋ ਬਹੁਤ ਵੱਧ ਹੈ। ਉਹਨਾ ਕਿ ਪੰਜਾਬ ਸਰਕਾਰ ਹਰ ਫਰੰਟ ਤੇ ਫੇਲ ਹੋ ਚੁਕੀ ਹੈ। ਭਗਵੰਤ ਮਾਨ ਦੀ ਸਰਕਾਰ ਨੇ ਸੂਬੇ ਦੇ ਲੋਕਾਂ ਦਾ ਭਰੋਸਾ ਗੁਆ ਲਿਆ ਹੈ। ਗੁਪਤਾ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨ ਵਿਰੋਧੀ ਅਤੇ ਪੰਜਾਬ ਵਿਰੋਧੀ ਹੈ।



# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |



**Vinod Kumar Chumber (Chairman) 510-953-9800**



**Ram Lubhaya (President) 408-449-1105**




ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ 'ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

**ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)**



**Naresh Kumar (Secretary) 510-857-4551**



**Sohan Singh Dhanda (Treasurer) 510-200-6649**


















# ਜਿਉਣ ਢੰਗ 'ਚ ਬਜ਼ੁਰਗਾਂ ਦੀ ਅਹਿਮੀਅਤ



ਜਗਮੀਤ ਸਿੰਘ ਬਰੜਵਾਲ
96536-39891

ਜ਼ਿੰਦਗੀ ਜਿਊਣ ਦੇ ਢੰਗ ਤੋਂ ਬਾਅਦ ਅਤੇ ਜ਼ਿੰਦਗੀ ਦੇ ਚਲਦੇ ਸਫ਼ਰ ਦੌਰਾਨ ਇਹ ਸਮਝ ਵਿਚ ਆਇਆ ਕਿ ਜੇਕਰ ਅਸੀਂ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਅਤੇ ਬਿਹਤਰੀਨ ਬਣਾਉਣਾ ਹੈ ਤਾਂ ਸਭ ਤੋਂ ਜ਼ਰੂਰੀ ਗੱਲ ਜਿਸ ਵਿਚ ਕਿ ਸਾਡੇ ਸਿਆਣੇ ਬਜ਼ੁਰਗਾਂ ਦੇ 'ਉਮਰ ਦੇ ਤਜਰਬੇ' ਜੋ ਕਿ ਸਾਨੂੰ ਜੀਵਨ ਜਿਊਣ ਦੇ ਢੰਗ ਤੋਂ ਲੈ ਕੇ ਜੀਵਨ ਵਿਚ ਆਉਣ ਵਾਲੀਆਂ ਹਰ ਪ੍ਰਕਾਰ ਦੀਆਂ ਕਠਿਨਾਈਆਂ ਔਕੜਾਂ ਅਤੇ ਜ਼ਿੰਦਗੀ ਨਾਲ ਸਬੰਧਿਤ ਪਰਿਵਾਰਕ ਅਤੇ ਸੰਸਾਰਕ ਸਮੱਸਿਆਵਾਂ ਨੂੰ ਅਸੀਂ ਬਹੁਤ ਹੀ ਆਸਾਨੀ ਨਾਲ ਸਮਝ ਕੇ ਇਕ ਖੁਸ਼ਹਾਲ ਜੀਵਨ ਦੀ ਸਿਰਜਣਾ ਕਰ ਸਕਦੇ ਹਾਂ।


ਵੇਖਣ ਵਿਚ ਆਇਆ ਹੈ ਕਿ ਅਜੋਕੇ ਤਕਨਾਲੋਜੀ ਦੇ ਯੁੱਗ ਵਿਚ ਜਿੱਥੇ ਗਿਆਨ ਵਿਗਿਆਨ ਅਤੇ ਸਿੱਖਿਆ ਦਾ ਵਿਸਥਾਰ ਹੋਇਆ ਉਥੇ ਕਿਤੇ ਨਾ ਕਿਤੇ ਵਿਅਕਤੀ ਜੀਵਨ ਵਿਚ ਲੋਕਾਂ ਦੀ ਮਾਨਸਿਕਤਾ ਵੀ ਨੀਚੇ ਗਿਰਦੀ ਹੋਈ ਵਿਖਾਈ ਦਿੰਦੀ ਹੈ, ਭਾਵੇਂ ਅੱਜ ਲੋਕ ਕਿੰਨੇ ਵੀ ਗਿਆਨਵਾਨ ਹੋ ਗਏ ਪਰ ਅੱਜ ਵੀ ਉਹੀ ਪੁਰਾਣੀ ਊਚ-ਨੀਚ, ਜਾਤ-ਪਾਤ, ਅਮੀਰੀ-ਗਰੀਬੀ ਆਦਿ ਵਰਗੀਆਂ ਭੈੜੀਆਂ ਸੋਚਾਂ ਨੂੰ ਛੱਡਣ ਲਈ ਤਿਆਰ ਨਹੀਂ। ਅੱਜ ਹਰ ਇਕ ਗਲੀ ਚੌਰਾਹੇ ਉਪਰ ਇਸ ਪ੍ਰਕਾਰ ਦਾ ਵਿਤਕਰਾ ਆਮ ਵੇਖਣ ਨੂੰ ਮਿਲਦਾ ਹੈ ਜੋ ਕਿ ਆਉਣ ਵਾਲੇ ਸਮੇਂ ਵਿਚ ਵਧੇਰੇ ਘਾਤਕ ਸਿੱਧ ਹੋ ਸਕਦਾ ਹੈ। ਅੱਜ ਸਾਡੇ ਬੱਚਿਆਂ ਵਿਚ ਵੱਡਿਆਂ ਦਾ ਸਤਿਕਾਰ ਜੋ ਕਿ ਸਿਰਫ਼ ਲੋੜ ਮੁਤਾਬਕ ਬਣ ਕੇ ਰਹਿ ਗਿਆ ਹੈ, ਜਿਸਦਾ ਪ੍ਰਮੁੱਖ ਕਾਰਨ ਸਾਡੇ ਪਰਿਵਾਰ ਦਾ ਵਾਤਾਵਰਣ ਜਾਂ ਮਾਹੌਲ ਕਿ ਅਸੀਂ ਕਿਸ ਤਰ੍ਹਾਂ ਆਪ ਤੋਂ ਵੱਡੇ ਦਾ ਕਿਵੇਂ ਸਤਿਕਾਰ ਕਰਦੇ ਹਾਂ ਸਿਰਫ਼ ਇਹੋ ਹੀ ਨਹੀਂ ਅੱਜ ਲੋਕ ਸਿਰਫ਼ ਗੂਗਲ ਨੂੰ ਹੀ ਆਪਣਾ ਗੁਰੂ ਜਾਂ ਗਿਆਨ ਦਾ ਸੋਮਾ ਮੰਨ ਕੇ ਬੈਠ ਗਏ ਹਨ ਪਰ ਠੀਕ ਹੈ ਕਿ ਅਸੀਂ ਇਸ ਰਾਹੀਂ ਆਪਣੇ ਗਿਆਨ ਵਿਚ ਵਾਧਾ ਤਾਂ ਜ਼ਰੂਰ ਕਰ ਸਕਦੇ ਹਾਂ ਪਰ ਜੋ ਸਾਡੇ ਬੱਚਿਆਂ ਵਿਚ ਪਰਿਵਾਰ ਪ੍ਰਤੀ ਅਤੇ ਸਮਾਜ ਪ੍ਰਤੀ ਜੋ ਸੰਸਕਾਰ ਭਰਨੇ ਹਨ, ਉਹ ਕੇਵਲ ਸਾਡੇ ਪਰਿਵਾਰ ਵਿਚ ਮੌਜੂਦ ਵਡੇਰੇ ਹੀ ਭਰ ਸਕਦੇ ਹਨ ਕਿਉਂਕਿ ਉਹ ਇਕ ਲੰਬਾ ਸਮਾਂ ਇਸ ਸਮਾਜ ਵਿਚ ਵਿੱਚਰ ਚੁੱਕੇ ਹੁੰਦੇ ਹਨ ਅਤੇ ਉਹਨਾਂ ਨੇ ਜ਼ਿੰਦਗੀ ਦੇ ਹਰ ਇਕ ਪਹਿਲੂ ਦਾ ਬਹੁਤ ਹੀ ਚੰਗੇ ਢੰਗ ਨਾਲ ਨਿਚੋੜ ਕੱਢਿਆ ਹੁੰਦਾ ਹੈ ਪਰ ਇਸ ''ਗੂਗਲ ਬਾਬੇ'' ਨੇ ਸਾਡੇ ਅਸਲੀ ਬਾਬਿਆਂ ਦਾ ਪਿਆਰ ਅਤੇ ਸਨੇਹ ਘੱਟ ਕਰ ਦਿੱਤਾ ਕਿਉਂਕਿ ਅੱਜਕਲ੍ਹ ਹਰ ਇਕ ਉਮਰ ਦਾ ਵਿਅਕਤੀ ਕੇਵਲ ਇਸ ਨੈਟ ਦੇ ਨੈਟਵਰਕ ਨਾਲ ਬੰਨ੍ਹ ਕੇ ਰਹਿ ਗਿਆ ਹੈ। ਅਜੋਕੇ ਸਮੇਂ ਵਿਚ ਉਹ ਪਹਿਲਾਂ ਵਾਲਿਆਂ ਬਾਬਿਆਂ ਦੀ ਢਾਣੀਆਂ ਵੇਖਣ ਨੂੰ ਨਹੀਂ ਮਿਲਦੀ ਜਦੋਂ ਇਕ ਸਮਾਂ ਹੁੰਦਾ ਸੀ ਕਿ ਪੂਰਾ ਟੱਬਰ ਪੁੱਤ ਪੋਤੇ ਸਭ ਰਾਤ ਨੂੰ ਇਕੱਠੇ ਬੈਠ ਕੇ ਬਾਬੇ ਦੀਆਂ ਬਾਤਾਂ, ਕਹਾਣੀਆਂ ਸੁਣਦੇ ਅਤੇ ਹੋਰ ਜ਼ਿੰਦਗੀ ਨਾਲ ਸਬੰਧਤ ਵਿਸ਼ੇਸ਼ ਗਿਆਨ ਦਾ ਵਿਚਾਰ-ਵਟਾਂਦਰਾ ਕਰਦੇ ਅਤੇ ਉਸ ਸਮੇਂ ਘਰ ਵਿਚ ਹਰ ਕੰਮ ਘਰ ਦੇ ਸਿਆਣੇ ਬਜ਼ੁਰਗਾਂ ਦੀ ਸਲਾਹ ਨਾਲ ਕੀਤਾ ਜਾਂਦਾ ਸੀ, ਜਿਸਨੂੰ ਕਿ ਘਰ ਦਾ ਮੁਖੀ ਜਾਂ ਪ੍ਰਮੁੱਖ ਲਾਣੇਦਾਰ ਵਜੋਂ ਜਾਣਿਆ ਜਾਂਦਾ ਸੀ, ਜਿਸਦੇ ਨਾਮ ਤੋਂ ਹੀ ਪੂਰੇ ਪਿੰਡਾਂ ਵਿਚ ਦਾਦੇ, ਪੜਦਾਦੇ ਦੇ ਨਾਮ ਨਾਲ ਹੀ ਪੂਰੇ ਟੱਬਰ ਦੀ ਪਛਾਣ ਲਈ ਵੱਡੇ-ਵਡੇਰਿਆਂ ਦੇ ਗੋਤ ਜਾਂ ਨਾਮ ਨਾਲ ਪਛਾਣ ਲਈ ਬੁਲਾਇਆ ਜਾਂਦਾ ਸੀ ਕਿ ਫਲਾਣੇ ਜਾਂ ਫਲਾਣਿਆਂ ਦੇ ਘਰ ਜਾਣਾ ਹੈ।

ਸਮਾਂ ਬਦਲਿਆ ਅਤੇ ਵਿਗਿਆਨ ਦਾ ਪਸਾਰ ਹੋਇਆ, ਜਿੱਥੇ ਇਸ ਦੁਆਰਾ ਸਮਾਜ ਵਿਚ ਤਰੱਕੀ ਦੀਆਂ ਰਾਹਾਂ ਖੁੱਲ੍ਹ ਗਈਆਂ ਉਥੇ ਨਾਲ ਹੀ ਨਾਲ 'ਗੂਗਲ ਬਾਬੇ' ਨੇ ਸਾਡੇ ਅਸਲੀ ਬਾਬੇ ਸਾਡੇ ਪੁੱਤ ਪੋਤਰਿਆਂ ਤੋਂ ਦੂਰ ਕਰ ਦਿੱਤੇ। ਅੱਜ ਹਰ ਇਕ ਬੱਚਾ ਜੋ ਕਿ ਹਰ ਸਮੇਂ ਮੋਬਾਇਲ ਵਿਚ ਹੀ ਵੜਿਆ ਰਹਿੰਦਾ ਹੈ, ਉਸਨੂੰ ਆਪਣੇ ਦਾਦੇ, ਪੜਦਾਦੇ ਦਾ ਨਾਮ ਤੱਕ ਪਤਾ ਨਹੀਂ ਹੁੰਦਾ, ਉਂਝ ਭਾਵੇਂ ਉਸਨੇ 'ਗੂਗਲ ਬਾਬੇ' ਰਾਹੀਂ ਪੂਰੇ ਸੰਸਾਰ ਦੇ ਗ੍ਰਹਿ ਮੰਡਲਾਂ ਦੇ ਨਾਮ ਰਟ ਲਏ ਹਨ, ਇਸ ਪ੍ਰਕਾਰ ਅਜੋਕੇ ਸਮੇਂ ਦੌਰਾਨ ਸਾਡੇ ਬੱਚੇ ਜਾਂ ਨੌਜਵਾਨ ਬਜ਼ੁਰਗਾਂ ਕੋਲ ਗਿਆਨ ਪ੍ਰਾਪਤ ਕਰਨਾ ਤਾਂ ਦੂਰ ਦੀ ਗੱਲ, ਉਹਨਾਂ ਕੋਲ ਇਕ ਮਿੰਟ ਖੜ੍ਹਨ ਵਿਚ ਵੀ ਆਪਣੀ ਬੇਇੱਜ਼ਤੀ ਮਹਿਸੂਸ ਕਰਦੇ ਹਨ। ਉਹਨਾਂ ਨੂੰ ਲੱਗਦਾ ਹੈ ਕਿ ਇਹ ਬੁੱਢੇ ਇਸ ਨਵੀਂ ਤਕਨਾਲੋਜੀ ਬਾਰੇ ਕੀ ਜਾਣਦੇ ਹੋਣਗੇ? ਪਰ ਇਹ ਨਹੀਂ ਪਤਾ ਕਿ ਜੋ ਸੰਸਕਾਰਾਂ ਦਾ ਗਿਆਨ ਜਾਂ ਉਮਰਾਂ ਦੇ ਤਜਰਬੇ ਉਹਨਾਂ ਤੋਂ ਪ੍ਰਾਪਤ ਕਰ ਸਕਦੇ ਹਾਂ। ਉਹ ਕੋਈ ਗੂਗਲ ਜਾਂ ਕੋਈ ਹੋਰ ਸਾਧਨ ਰਾਹੀਂ ਪ੍ਰਾਪਤ ਨਹੀਂ ਕੀਤੇ ਜਾ ਸਕਦੇ। ਇਸ ਦੌਰਾਨ ਬਜ਼ੁਰਗ ਵੀ ਆਪਣੇ ਆਪ ਨੂੰ ਟੁੱਟਿਆ ਹੋਇਆ ਅਤੇ ਇਕ-ਲਾਪਣ ਮਹਿਸੂਸ ਕਰਦੇ ਹਨ, ਜ਼ਿੰਦਗੀ ਦੀਆਂ ਵੱਡੀਆਂ-ਵੱਡੀਆਂ ਜੰਗਾਂ ਜਿੱਤ ਕੇ ਉਹ ਅੰਤ ਆਪਣਿਆਂ ਤੋਂ ਹੀ ਹਾਰਕੇ-ਟੁੱਟਕੇ ਬੈਠ ਜਾਂਦੇ ਹਨ ਅਤੇ ਆਪਣੇ ਪੁੱਤ ਪੋਤਰਿਆਂ ਪ੍ਰਤੀ ਸੁਨੇਹ ਅਤੇ ਪਿਆਰ ਦੇ ਵਲਵਲੇ ਆਪਣੇ ਦਿਲ ਵਿਚ ਹੀ ਦਫ਼ਨ ਕਰ ਲੈਂਦੇ ਹਨ। ਪੁੱਤ-ਪੋਤਿਆਂ ਦੀਆਂ ਖੁਸ਼ੀਆਂ ਲਈ ਉਹ ਆਪਣੇ ਵਤਨ ਨੂੰ ਅਤੇ ਆਪਣੀ ਜ਼ਿੰਦਗੀ ਦੀਆਂ ਯਾਦਾਂ ਨੂੰ ਪਿੱਛੇ ਛੱਡ ਕੇ ਬੇਗਾਨੇ ਮੁਲਕ ਵਿਚ ਇਕ ਬੰਦ ਪਿੰਜਰੇ ਦੇ ਤੋਤੇ ਵਾਂਗ ਆਪਣਾ ਜੀਵਨ ਬਤੀਤ ਕਰਦੇ ਹੋਏ ਵਿਖਾਈ ਦਿੰਦੇ ਹਨ। ਆਪਣੇ ਵਤਨ ਜਿੱਥੇ ਬਜ਼ੁਰਗਾਂ ਨੇ ਸਾਰੀ ਉਮਰ ਸਰਦਾਰੀ ਕੀਤੀ ਅਤੇ ਗੱਡੇ ਚਲਾਏ ਅਤੇ ਮੁਰੱਬਿਆਂ ਦੇ ਮਾਲਕ ਕਹਾਏ, ਉਥੇ ਉਹ ਬੇਗਾਨੇ ਦੇਸ਼ ਵਿਚ ਗੱਡੀ ਦੀ ਇਕ ਸਵਾਰੀ ਬਣਕੇ ਰਹਿ ਜਾਂਦੇ ਹਨ, ਜਿੱਥੇ ਕਿ ਆਪਣੇ ਦੇਸ਼ ਵਿਚ ਉਹਨਾਂ ਦੀਆਂ ਗੱਡੀਆਂ ਕਾਰਾਂ ਚਲਦੀਆਂ ਸਨ, ਉਹਨਾਂ ਦੇ ਮਨ ਵਿਚ ਹਮੇਸ਼ਾ ਇਕੋ-ਇਕ ਡਰ ਲੱਗਿਆ ਰਹਿੰਦਾ ਹੈ ਕਿ ਕਿਧਰੇ ਅਸੀਂ ਬੇਗਾਨੇ ਦੇਸ਼ ਵਿਚ ਹੀ ਨਾ ਮਰ ਮੁੱਕ ਜਾਈਏ, ਇਸ ਤਰ੍ਹਾਂ ਉਹਨਾਂ ਦੇ ਦਿਲ ਵਿਚ ਆਪਣੇ ਵਤਨ ਵਿਚ ਬਤੀਤ ਕੀਤਾ ਇਕ ਲੰਬਾ ਸਮਾਂ ਜੋ ਕਿ ਹਰ ਪਲ ਉਹਨਾਂ ਦੀਆਂ ਝੁਰੜੀਆਂ ਅਤੇ ਨਮ ਹੋਈਆਂ ਅੱਖਾਂ ਵਿਚੋਂ ਸਾਫ ਝਲਕਦਾ ਹੈ।

ਇਸ ਤਰ੍ਹਾਂ ਬਜ਼ੁਰਗ ਜੋ ਕਿ ਦੋ ਹਿੱਸਿਆਂ ਵਿਚ ਵੰਡ ਕੇ ਰਹਿ ਜਾਂਦੇ ਹਨ। ਉਹਨਾਂ ਦਾ ਸਰੀਰ ਭਾਵੇਂ ਬੇਗਾਨੇ ਦੇਸ਼ ਵਿਚ ਪ੍ਰੰਤੂ ਆਤਮਾ ਅਤੇ ਮਨ ਹਮੇਸ਼ਾ ਆਪਣੇ ਦੇਸ਼ ਦੀ ਮਿੱਟੀ ਨੂੰ ਹੀ ਤਰਸਦਾ ਰਹਿੰਦਾ ਹੈ ਕਿ ਅੱਜ ਭਾਵੇਂ ਕੱਲ੍ਹ, ਸਾਨੂੰ ਆਪਣੇ ਦੇਸ਼ ਦੀ ਮਿੱਟੀ ਵਿਚ ਹੀ ਮਿਲਾ ਦਿੱਤਾ ਜਾਵੇ। ਸੋ, ਇਸ ਪ੍ਰਕਾਰ ਬਜ਼ੁਰਗਾਂ ਦੀਆਂ ਦਿਲ ਦੀਆਂ ਦਿਲ ਵਿਚ ਹੀ ਰਹਿ ਜਾਂਦੀਆਂ ਹਨ ਅਤੇ ਉਹ ਆਪਣੇ ਪੁੱਤ ਪੋਤਰਿਆਂ ਦੀ ਖੁਸ਼ੀ ਲਈ ਆਪਣੀਆਂ ਖੁਸ਼ੀਆਂ ਦੀ ਪਰਵਾਹ ਕੀਤੇ ਬਿਨਾਂ ਉਹਨਾਂ ਨਾਲ ਮਿੱਠੀ ਜੇਲ੍ਹ ਵਿਚ ਚਲੇ ਜਾਂਦੇ ਹਨ, ਜਿੱਥੇ ਕਿ ਸਭ ਸੁਖ-ਸੁਵਿਧਾਵਾਂ ਪੈਸੇ ਅਤੇ ਸੈਂਕੜੇ ਪਕਵਾਨ ਪਰ ਫਿਰ ਵੀ ਉਹਨਾਂ ਦੇ ਦਿਲ ਅਤੇ ਮਨ ਹਮੇਸ਼ਾ ਆਪਣੇ ਵਤਨ ਨੂੰ ਵੇਖਣ ਅਤੇ ਆਪਣੇ ਦੇਸ਼ ਦੀ ਮਿੱਟੀ ਦਾ ਨਿੱਘ ਮਾਨਣ ਲਈ ਹਮੇਸ਼ਾ ਤੜਫਦੇ ਰਹਿੰਦੇ ਹਨ। ਇੱਥੋਂ ਤੱਕ ਤਾਂ ਠੀਕ ਹੈ ਕਿ ਬੇਗਾਨੇ ਮੁਲਕ ਵਿਚ ਉਹਨਾਂ ਨੂੰ ਇਕੱਲਾਪਣ ਅਤੇ ਆਪਣੇ ਮੁਲਕ ਤੋਂ ਦੂਰੀ ਵੱਢ-ਵੱਢ ਖਾਂਦੀ ਹੈ ਪਰ ਸਭ ਤੋਂ ਭਿਆਨਕ ਦ੍ਰਿਸ਼ ਜੋ ਕਿ ਸਾਡੇ ਆਪਣੇ ਵਤਨ ਵਿਚ ਬਜ਼ੁਰਗਾਂ ਦੀ ਘਰ ਵਿਚ ਹੁੰਦੀ ਬੇਕਦਰੀ ਅਤੇ ਆਪਣਿਆਂ ਤੋਂ ਬਣਾਈ ਗਈ ਦੂਰੀ ਜੋ ਕਿ ਉਹਨਾਂ ਨੂੰ ਜਿਉਂਦੇ-ਜੀਅ ਮਰਨ ਦੇ ਬਰਾਬਰ ਲੱਗਦੀ ਹੈ ਕਿਉਂਕਿ ਜਿਸ ਸਮੇਂ ਉਹਨਾਂ ਨੂੰ ਆਪਣੇ ਪਰਿਵਾਰ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ, ਉਸ ਸਮੇਂ ਹੀ ਉਸਨੂੰ ਸਭ ਪਰਿਵਾਰ ਤੋਂ ਪਰ੍ਹਾਂ ਇਕ ਦੂਰ ਕਮਰੇ ਜਾਂ ਫਿਰ ਤੂੜੀ ਵਾਲੇ ਕੋਠੇ ਅੰਦਰ ਸਭ ਤੋਂ ਪੁਰਾਣਾ ਟੁੱਟਿਆ ਬਾਣ ਦਾ ਮੰਜਾ ਅਤੇ ਸਭ ਤੋਂ ਘਟੀਆ ਬਿਸਤਰਾ ਦੇਣਗੇ ਤਾਂ ਉਸ ਸਮੇਂ ਲੱਗਦਾ ਹੈ ਕਿ ਅੱਜ ਸਭ ਕੀਤੀਆਂ ਕਮਾਈਆਂ ਉਪਰ ਪਾਣੀ ਫਿਰ ਗਿਆ ਹੋਵੇ। ਇਹ ਸਮਾਂ ਇਹੋ-ਜਿਹਾ ਹੁੰਦਾ ਹੈ ਜਿਸ ਵਿਚ ਭਾਵੇਂ ਕੋਈ ਅਮੀਰ ਜਾਂ ਗਰੀਬ ਹੋਵੇ, ਫਿਰ ਵੀ ਹਰ ਪਾਸਿਉਂ ਤੰਗੀ ਮਹਿਸੂਸ ਹੁੰਦੀ ਹੈ। ਜਿਸ ਸਮੇਂ ਸਰੀਰ ਦਾ ਹਰ ਅੰਗ ਨਿਰਬਲ ਹੋ ਜਾਂਦਾ ਹੈ। ਭਾਵੇਂ ਪੁੱਤਰ, ਧੀਆਂ ਅਤੇ ਨੂੰਹਾਂ ਕਿੰਨੇ ਵੀ ਨੇਕ ਹੋਣ ਤਾਂ ਵੀ ਬੁੱਢੇ ਦੀ ਘਰ ਵਿਚ ਘੱਟ ਹੀ ਸਦ-ਪੁੱਛ ਹੁੰਦੀ ਹੈ। ਭਾਵੇਂ ਉਸਨੇ ਆਪਣੀ ਜ਼ਿੰਦਗੀ ਵਿਚ ਕਿੰਨੇ ਹੀ ਚੰਗੇ ਕੰਮ ਕੀਤੇ ਹੋਣ ਜਾਂ ਕਮਾਈਆਂ ਕਰ-ਕਰ ਘਰ ਭਰੇ ਹੋਣ ਫਿਰ ਵੀ ਅੰਤ ਸਮੇਂ ਆਪਣੇ ਹੀ ਉਸਨੂੰ ਘਰ ਉਪਰ ਬੋਝ ਸਮਝਣ ਲੱਗ ਪੈਂਦੇ ਹਨ। ਘਰ ਵਿਚ ਪੁੱਤਰਾਂ, ਨੂੰਹਾਂ ਨੂੰ ਬੁੱਢੇ ਦੀ ਗੱਲ ਚੰਗੀ ਨਹੀਂ ਲੱਗਦੀ ਕਿਉਂਕਿ ਉਹ ਆਪਣੇ ਸਮੇਂ ਮੁਤਾਬਕ ਗੱਲ ਕਰਦਾ ਹੈ।

ਇਸ ਪ੍ਰਕਾਰ ਜਵਾਨੀ ਵੇਲੇ ਦੀਆਂ ਗਲਤੀਆਂ ਵੱਡੀਆਂ ਤੋਂ ਵੱਡੀਆਂ ਭੁੱਲ ਜਾਂਦੀਆਂ ਹਨ ਪਰ ਜੇ ਬੁਢਾਪੇ ਸਮੇਂ ਰੱਬ ਨਾ ਕਰੇ ਕੋਈ ਭੁੱਲ ਹੋ ਜਾਵੇ ਤਾਂ ਆਖਣਗੇ, ''ਕਿਉਂ ਧੌਲੇ ਰੋਲਦਾ ਪਿਆ?'' ''ਧੌਲਿਆਂ ਦੀ ਸ਼ਰਮ ਕਰ।'' ਜਵਾਨੀ ਰਾਤ ਜੈਸੀ ਹੈ ਤੇ ਬੁਢਾਪਾ ਦਿਨ ਵਰਗਾ। ਰਾਤ ਕਾਲੀ ਹੁੰਦੀ ਹੈ, ਕੁਝ ਘੱਟ ਦਿਸਦਾ ਹੈ ਬੁਢਾਪਾ ਚਾਨਣ ਹੈ। ਆਖਣਗੇ ''ਦਾੜ੍ਹੀ ਵੱਲ ਤਾਂ ਵੇਖ ਦਿਨ ਚੜ੍ਹਿਆ ਪਿਆ ਹੈ।'' ਬੁੱਢੇ ਹੋਏ ਤੋਂ ਖੁਰਾਕ ਬਹੁਤ ਖਾ ਨਹੀਂ ਹੁੰਦੀ। ਪਰ ਇਸ ਨੂੰ ਮਖੌਲ ਕਰਦੇ ਹਨ, ''ਬਾਬਾ ਖਾ ਗਿਆ ਰੋਟੀਆਂ ਦਾ ਛਾਬਾ।'' ਕਈ ਬੁੱਢੇ ਹੁੰਦੇ ਵੀ ਚੰਗੇ ਢੰਗ ਨਾਲ ਗੱਲ ਕਰਦੇ ਹਨ। ਇਕ ਵਾਰ ਦੀ ਗੱਲ ਹੈ ਕਿ ਇਕ ਬੁੱਢੇ ਦੇ ਘਰ ਪਸ਼ੂਆਂ ਹੇਠ ਦੁੱਧ ਘਟ ਗਿਆ। ਨੂੰਹ ਨੇ ਬੁੱਢੇ ਦਾ ਦੁੱਧ ਬੰਦ ਕਰ ਦਿੱਤਾ। ਇਕ ਦੋ ਦਿਨ ਤਾਂ ਬੁੱਢੇ ਨੇ ਸੋਚਿਆ ਕਿ ਖਬਰੇ ਭੁੱਲ ਗਏ ਹੋਣਗੇ ਪਰ ਤੀਜੇ ਦਿਨ ਸ਼ਾਮ ਦੇ ਵਕਤ ਜਦੋਂ ਬਾਹਰੋਂ ਮੁੰਡਾ ਆਇਆ ਤਾਂ ਬੁੱਢਾ ਨਕਲੀ ਨਿਢਾਲ ਜਿਹਾ ਹੋ ਕੇ ਮੰਜੇ ਤੇ ਪੈ ਗਿਆ। ਜਦ ਪੁੱਤ ਬਾਹਰੋਂ ਅੰਦਰ ਵੜਦਿਆਂ ਬੁੱਢੇ ਦੇ ਮੰਜੇ ਦੇ ਕੋਲ ਦੀ ਲੰਘਦਿਆਂ ਹੋਇਆ ਪੁੱਛਿਆ, ''ਬਾਪੂ ਕੀ ਗੱਲ ਹੈ ਤਾਪ ਤਾਂ ਨਹੀਂ ਚੜ੍ਹ ਗਿਆ? ਕੁਝ ਢਿੱਲਾ ਦਿਸਦਾ ਹੈ ...? ਬਾਬਾ ਥੋੜ੍ਹਾ ਮੱਧਮ ਆਵਾਜ਼ ਵਿਚ ਬੋਲਿਆ, ''ਨਹੀਂ ਭਾਈ ਦੁੱਧ ਪੀਣ ਦੀ ਆਦਤ ਸੀ ਹੁਣ ਕਈ ਦਿਨਾਂ ਤੋਂ ਦੁੱਧ ਨਹੀਂ ਮਿਲਿਆ।'' ਉਸਨੇ ਆਪਣੀ ਘਰ ਵਾਲੀ ਨੂੰ ਸੱਦ ਕੇ ਪੁੱਛਿਆ ''ਬਾਪੂ ਦਾ ਦੁੱਧ ਕਿਉਂ ਬੰਦ ਕਰ ਦਿੱਤਾ? ਉਹਨਾਂ ਦੱਸਿਆ ਡੰਗਰਾਂ ਹੇਠ ਦੁੱਧ ਘਟ ਗਿਆ ਹੈ, ਬਾਕੀ ਬੱਚਿਆਂ ਨੂੰ ਪਿਆ ਦੇਈ ਦਾ। ਇਹ ਸਭ ਕੁਝ ਸੁਣ ਕੇ ਬੁੱਢਾ ਝੱਟੇ ਮੰਜੇ ਤੋਂ ਖੜ੍ਹਾ ਹੋ ਜਾਂਦਾ ਹੈ ਅਤੇ ਆਖਦਾ ਹੈ, ''ਕਿ ਭਾਈ ਬੱਚੇ ਤਾਂ ਹਾਲੇ ਬੱਚੇ ਹੀ ਹੈ, ਮੈਂ ਪਲਿਆ ਪਲਾਇਆ ਕੋਲੋਂ ਸੱਠਾਂ ਸਾਲਾਂ ਦਾ ਜਾਂਦਾ ਹਾਂ। ''ਇਹ ਸੁਣ ਸਭ ਦਾ ਹਾਸਾ ਨਿਕਲ ਜਾਂਦਾ ਹੈ, ਅਤੇ ਫਿਰ ਸਭ ਪਰਿਵਾਰ ਨੂੰ ਕਿਹਾ ਜਾਂਦਾ ਹੈ ਕਿ ਭਾਵੇਂ ਮੱਝਾਂ ਹੇਠ ਦੁੱਧ ਘੱਟ ਗਿਆ ਹੋਵੇ ਜਾਂ ਚਾਹ ਬਣਾਉਣ ਲਈ ਬਚੇ ਜਾਂ ਨਾ। ਬੱਚੇ, ਪਰ ਜਦੋਂ ਤੱਕ ਬਾਪੂ ਦਾ ਪੁੱਤਰ ਜਿਉਂਦਾ ਹੈ ਬਾਪੂ ਨੂੰ ਦੁੱਧ ਜ਼ਰੂਰ ਮਿਲੇਗਾ। ਇਸ ਤਰ੍ਹਾਂ ਪੁੱਤਰ ਦੀ ਇਹ ਗੱਲ ਸੁਣ ਕੇ ਬੁੱਢੇ ਦੀਆਂ ਅੱਖਾਂ ਵਿਚ ਪਾਣੀ ਆ ਜਾਂਦਾ ਹੈ ਅਤੇ ਉਹ ਆਪਣੇ ਕੋਲ ਖੜ੍ਹੇ ਪੋਤਰਿਆਂ ਨੂੰ ਕਹਿੰਦਾ ਹੈ ਕਿ ਤੁਸੀਂ ਵੀ ਆਪਣੇ ਪਿਤਾ ਵਾਂਗ ਇਕ ਚੰਗੇ ਸੰ-ਸਕਾਰ ਗ੍ਰਹਿਣ ਕਰਿਓ ਅਤੇ ਹਮੇਸ਼ਾ ਘਰ ਵਿਚ ਵੱਡਿਆਂ ਦਾ ਸਤਿਕਾਰ ਕਰਦੇ ਰਹਿਓ। ਇਸ ਪ੍ਰਕਾਰ ਅਜੋਕੇ ਸਮੇਂ ਵਿਚ ਬਿਰਧ ਅਵਸਥਾ ਵਿਚ ਪਹੁੰਚ ਚੁੱਕੇ ਬਜ਼ੁਰਗਾਂ ਦੇ ਦਿਲ ਦੇ ਵਲਵਲਿਆਂ ਅਤੇ ਦੁੱਧ ਤਕਲੀਫਾਂ ਨੂੰ ਪੇਸ਼ ਕਰਦੀ ਇਹ ਕਹਾਣੀ ਦੱਸਦੀ ਹੈ ਕਿ ''ਹੁਣ ਜੇ ਟਹਿਲ ਹੁੰਦੀ ਹੈ ਉਹ ਵੀ ਥੋੜ੍ਹੀ ਬਹੁਤੀ ਉਸ ਬਿਰਧ ਦੀ ਹੁੰਦੀ ਹੈ, ਜਿਸ ਨੂੰ ਪੈਨਸ਼ਨ ਮਿਲਦੀ ਹੈ ਜਾਂ ਬੈਂਕ ਵਿਚ ਕੁਝ ਰਕਮ ਜਮ੍ਹਾ ਹੋਵੇ। ''ਇਹ ਭਾੜੇ ਕਿਰਾਏ ਦੀ ਸੇਵਾ ਨਾ ਹੋਣ ਦੇ ਬਰਾਬਰ ਹੈ।'' ਜਿਹੜਾ ਬੁੱਢਾ ਆਪਣੇ ਪੁੱਤ ਪੋਤਰਿਆਂ ਦੇ ਮੋਹ ਵਿਚ ਆ ਕੇ ਲੁੱਟਿਆ ਗਿਆ, ਜਿਸ ਕੋਲੋਂ ਹੋਰ ਕੁਝ ਮਿਲਣ ਦੀ ਆਸ ਨਹੀਂ, ਉਸ ਦੀ ਸੇਵਾ ਨਾ ਹੋਣ ਦੇ ਬਰਾਬਰ ਹੈ।

ਇਸ ਤਰ੍ਹਾਂ ਚਾਹੇ ਕੋਈ ਕਿਤਨੇ ਤੀਰਥ ਕਰ ਲਵੇ, ਪੁੰਨ ਦਾਨ ਕਰ ਲਏ ਜੇ ਉਹ ਮਾਤਾ-ਪਿਤਾ ਦੀ ਸੇਵਾ ਨਹੀਂ ਕਰਦਾ, ਉਸਦੇ ਵਰਤ ਕੰਮ ਕੀਤੇ ਨਿਹਲ ਹਨ। ਜਵਾਨੀ ਉਹ ਹੈ ਜੋ ਜਾ ਕੇ ਆਉਂਦੀ ਨਹੀਂ, ਬੁਢਾਪਾ ਉਹ ਹੈ ਜੋ ਕਿ ਆ ਕੇ ਜਾਂਦਾ ਨਹੀਂ।



## ਕਾਵਿ ਵਿਅੰਗ

### ਲਾਚਾਰ ਹੋਣ ਤੋਂ ਬਚੀਏ!

ਧੱਕੇਸ਼ਾਹੀ ਤੇ ਭੜਥੂ ਜੋ ਪਾਉਣ ਵਾਲ਼ੇ
ਸੋਚਣ ਕਦੇ ਨਾ ਗੱਲ ਵਿਚਾਰ ਵਾਲ਼ੀ।

ਛੋਟੇ ਬੜੇ ਦੀ ਪਰਖ ਨਾ ਮੂਲ ਕਰਦੇ
ਭਾਸ਼ਾ ਵਰਤਦੇ ਮਾੜੀ ਤਕਰਾਰ ਵਾਲ਼ੀ।

ਪੈਰ ਪੁੱਟਦੇ 'ਖਿਜ਼ਾਂ' ਦੇ ਵੱਲ੍ਹ ਹੁੰਦੇ
ਉਂਜ ਰੱਖਦੇ ਆਸ 'ਬਹਾਰ' ਵਾਲ਼ੀ।

ਬੁੱਧੀ ਵਰਤ ਕੇ 'ਗੋਟੀ' ਨੂੰ ਜਾਣੀਏਂ ਜੀ
'ਸੁੱਟੀ' ਹੋਵੇ ਜੋ ਦੁਸ਼ਮਣ ਮੱਕਾਰ ਵਾਲ਼ੀ।

ਚਾਹੀਏ ਬਦਲਨੇ ਚਾਲ ਤੇ ਢਾਲ ਦੋਵੇਂ
ਦਿਸੇ ਮੰਜਿਲ ਜੇ ਬੁਰੇ ਆਸਾਰ ਵਾਲ਼ੀ।



ਸਮਾਂ ਰਹਿੰਦਿਆਂ ਸਿਆਣਪਾਂ ਕੀਤੀਆਂ ਨਾ
ਹਾਲਤ ਹੋਵੇ ਗੀ ਅੰਤ ਲਾਚਾਰ ਵਾਲ਼ੀ!

- ਤਰਲੋਚਨ ਸਿੰਘ
ਦੁਪਾਲ ਪੁਰ
91-78146-92724

## ਮਿੱਤਰ ਦਾ ਆਇਆ ਖ਼ਤ

ਸੱਜਣਾਂ ਵੇ ਸੱਜਣਾਂ ਤੂੰ ਕਿਹੜਿਆਂ ਰੰਗਾਂ 'ਚ ਵੱਸੇਂ
ਅਸੀਂ ਤਾਂ ਹੋਏਂ ਆਂ ਬਦਰੰਗ ਸੋਹਣਿਆਂ।

ਰਾਜ ਭਾਗ ਹੱਥ ਆਇਆਂ ਚੋਰਾਂ ਦਿਆਂ ਸਾਂਢੂਆਂ ਦੇ
ਸਾਡੇ ਖੋਹ ਕੇ ਲੈ ਗਏ ਸਾਰੇ ਰੰਗ ਸੋਹਣਿਆਂ।

"ਸੱਜਣ ਠੱਗਾਂ" ਦੇ ਨਿੱਤ ਵਧੀ ਨੇ ਮੁਨਾਫੇ ਜਾਂਦੇ
ਆਰਥਿਕਤਾ ਨੂੰ ਹੋਇਆਂ ਅਧਰੰਗ ਸੋਹਣਿਆਂ।

ਨਵੇਂ "ਮਹਾਰਾਜਿਆਂ" ਨੇ ਲੁੱਟਿਆਂ ਖਜ਼ਾਨਾ ਖੂਬ
ਦੇਸ਼ ਸਾਰਾ ਕਰ ਦਿੱਤਾ ਤੰਗ ਸੋਹਣਿਆਂ।

ਧਰਮ-ਕਰਮ ਵਾਲੇ ਉੱਚੇ ਉੱਚੇ ਨਾਅਰੇ ਲਾਉਂਦੇ
ਲੁੱਟਣੇ ਨੂੰ ਰੱਖੇ ਨਵੇਂ ਢੰਗ ਸੋਹਣਿਆਂ।

ਲੋਕਾਂ ਨੂੰ ਤਾਂ ਮਸਰੀ ਤੇ ਮੂੰਗੀ ਮਸਾਂ ਜੁੜਦੀ ਐ
ਆਪ ਬਹਿ ਕੇ ਖਾਂਦੇ ਕਲਾਕੰਦ ਸੋਹਣਿਆਂ।

"ਬਖਸ਼ਦੇ" ਨੇ "ਓਹੋ" ਜਿਹੜੇ ਆਪੇ 'ਭਗਵਾਨ' ਬਣੇ
ਜੇ ਤੋੜ ਦਏ ਕਿਸੇ ਦੀ ਕੋਈ ਵੰਗ ਸੋਹਣਿਆਂ।

ਗੁਰੂਆਂ ਦਾ ਭੁੱਲਿਆ ਸੰਦੇਸ਼ ਇੱਥੇ ਸਾਰਿਆਂ ਨੂੰ
ਫਲਸਫੇ ਵਲੋਂ ਐ ਬਹੁਤੇ ਨੰਗ ਸੋਹਣਿਆਂ।

ਕੇਹਰ ਸ਼ਰੀਫ
+49 173 3546050



## "ਲੋਥਾਂ ਉੱਤੇ ਲੋਥਾਂ ਸੂਰਮਿਆਂ ਨੇ ਚਾੜ੍ਹੀਆਂ"


ਮੈਦਾਨ ਵਿੱਚ ਅਜੀਤ ਸਿੰਘ ਜਾ ਕੇ ਵੜਦਾ
ਸੂਰਮੇ ਦੇ ਮੂਹਰੇ ਨਾ ਕੋਈ ਵੈਰੀ ਅੜਦਾ
ਗੱਤ ਕੇ ਵਾਗ ਤਲਵਾਰ ਫੇਰਦਾ
ਗਿਦੜਾਂ ਤੋਂ ਡਰੇ ਨਾ ਉਹ ਪੁੱਤ ਸ਼ੇਰ ਦਾ
ਵੈਰੀਆਂ ਮੂਹਰੇ ਅੜੇ ਵਾਂਗ ਪਹਾੜੀਆਂ
ਲੋਥਾਂ ਉੱਤੇ ਲੋਥਾਂ ਸੂਰਮਿਆਂ ਨੇ ਚਾੜ੍ਹੀਆਂ

ਮੈਦਾਨ ਵਿੱਚ ਸੂਰਮਾ ਜੁਝਾਰ ਆ ਗਿਆ
ਵੈਰੀਆਂ ਉੱਤੇ ਜਿਓਂ ਘਟਾ ਛਾ ਗਈਆਂ
ਖਿੱਚ ਖਿੱਚ ਕੇ ਜੁਆਨ ਮਾਰੇ ਤੀਰ ਨੂੰ
ਦੂਜੇ ਪਾਰ ਜਾਕੇ ਕਹਿੰਦਾ ਮਿਲ ਵੀਰ ਨੂੰ
ਲੁਕਦੇ ਫਿਰਨ ਵੈਰੀ ਵਿੱਚ ਝਾੜੀਆਂ
ਲੋਥਾਂ ਉੱਤੇ ਲੋਥਾਂ ਸੂਰਮਿਆਂ ਨੇ ਚਾੜ੍ਹੀਆਂ

ਮੈਦਾਨ ਵਿੱਚ ਆ ਗਏ ਕੁਝ ਹੋਰ ਸਿੰਘ ਜੀ
ਵੈਰੀਆਂ ਦੇ ਕਹਿੰਦੇ ਦੇਣੇ ਕੱਢ ਵਿੰਗ ਜੀ
ਮਾਰ ਦੇਣੇ ਸਾਰੇ ਨਹੀਂ ਕੋਈ ਛੱਡਣਾ
ਮੈਦਾਨ ਵਿੱਚ ਖ਼ਾਲਸੇ ਦਾ ਝੰਡਾ ਗੱਡਣਾ
ਜਾਣ ਨਹੀਂ ਦੇਣੇ ਇਹ ਗੱਲਾਂ ਕਰਨ ਮਾੜੀਆਂ
ਲੋਥਾਂ ਉੱਤੇ ਲੋਥਾਂ ਸੂਰਮਿਆਂ ਨੇ ਚਾੜ੍ਹੀਆਂ

ਅੱਗੇ ਵਧ ਵਧ ਸੂਰਮੇ ਕਰਨ ਵਾਰ ਬਈ
ਵੈਰੀ ਨੂੰ ਮਨਾਉਣੀ ਕਹਿੰਦੇ ਅੱਜ ਹਾਰ ਬਈ
ਸਿਰ ਨੂੰ ਝੁਕਾ ਕੇ ਸਿੰਘਾ ਕਾਹਦਾ ਜਿਉਣ ਓਏ
ਦੂਜੇ ਪਾਰ ਜਾ ਕੇ ਕਹਿੰਦੇ ਪਾਣੀ ਪੀਣਾ ਓਏ
ਵੱਢ ਵੱਢ ਲਾਉਣ ਢੇਰ ਦਿਉਲ ਜਿਵੇਂ ਵੱਢੇ ਹਾੜੀਆਂ
ਲੋਥਾਂ ਉੱਤੇ ਲੋਥਾਂ ਸੂਰਮਿਆਂ ਨੇ ਚਾੜ੍ਹੀਆਂ
ਲੋਥਾਂ ਉੱਤੇ ਲੋਥਾਂ ਸੂਰਮਿਆਂ ਨੇ ਚਾੜ੍ਹੀਆਂ

- ਮੇਜਰ ਦਿਉਲ
(559) 274-2431



ਮਾਤਾ ਗੁਜਰੀ ਜੀ ਅਤੇ ਸਾਹਿਜ਼ਾਦਿਆਂ ਦੀ ਸ਼ਹਾਦਤ ਨਾਲ ਸਬੰਧਤ ਇਹ 400 ਤੋਂ ਜ਼ਿਆਦਾ ਸਵਾਲ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਰੂਪ ਵਿਚ ਪੇਸ਼ ਕੀਤੇ ਜਾ ਰਹੇ ਹਨ ਤਾਂ ਕਿ ਅਜੋਕੀ ਪੀੜ੍ਹੀ ਵਿੱਚ ਵਿਸ਼ੇਸ਼ ਤੌਰ ਤੇ ਵਿਦਿਆਰਥੀ ਇਸ ਇਤਿਹਾਸਕ ਜਾਣਕਾਰੀ ਤੋਂ ਵਾਕਿਫ ਹੋ ਸਕਣ। ਨਾਲ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਤੋਂ ਜਾਣੂ ਹੋ ਸਕਣ। ਡਾ. ਗੁਰਮੀਤ ਸਿੰਘ ਕੱਲਰਮਾਜਰੀ ਅਤੇ ਡਾ. ਸੰਤੋਖ ਸਿੰਘ ਸੁੱਖੀ ਵੱਲੋਂ ਇਹ ਇਤਿਹਾਸਕ ਸਵਾਲ ਤਿਆਰ ਕੀਤੇ ਗਏ ਹਨ ਤਾਂ ਕਿ ਸਿੱਖ ਧਰਮ ਬਾਰੇ ਮੁਢਲੀ ਤਾਰੀਖੀ ਜਾਣਕਾਰੀ ਉਪਲਬਧ ਹੋ ਸਕੇ। **– ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)**

ਸਾਕਾ ਸਰਹੰਦ – ਸਵਾਲ ਜਵਾਬ ਪੁਸਤਕ ਨੂੰ ਪ੍ਰਕਾਸ਼ਿਤ ਕਰਨ ਸਮੇਂ ਵੱਖ-ਵੱਖ ਸਰੋਤਾਂ ਤੋਂ ਲੋੜੀਂਦੀ ਇਤਿਹਾਸਕ ਜਾਣਕਾਰੀ ਇੱਕਤਰ ਕੀਤੀ ਗਈ ਹੈ। ਜੇਕਰ ਇਸ ਵਿਚ ਕੋਈ ਵੀ ਜਾਣਕਾਰੀ ਅਧੂਰੀ, ਤੱਥ-ਹੀਣ ਜਾਂ ਆਪ੍ਰਸੰਗਕ ਪਾਈ ਜਾਂਦੀ ਹੈ ਉਸ ਦੀ ਥਾਂ ਤੇ ਅਗਲੇਰੇ ਐਡੀਸ਼ਨ 'ਚ ਨਿਮਰਤਾ ਸਹਿਤ ਸੋਧ ਕਰ ਦਿੱਤੀ ਜਾਵੇਗੀ। ਇਸ ਪ੍ਰਸੰਗ ਵਿੱਚ ਲੇਖਕ, ਪ੍ਰਕਾਸ਼ਕ ਅਤੇ ਟਾਈਪਰਾਈਟਰ ਦੀ ਕੋਈ ਜ਼ੁੰਮੇਵਾਰੀ ਨਹੀਂ ਹੋਵੇਗੀ। ਇਸ ਸਬੰਧ ਵਿੱਚ ਸ਼ੰਕਿਆਂ ਦੀ ਨਵਿਰਤੀ ਲਈ ਲੋੜੀਂਦੀਆਂ ਸਰੋਤ ਪੁਸਤਕਾਂ ਦੇ ਵੇਰਵੇ (ਪੁਸਤਕ ਸੂਚੀ) ਅੰਤ ਵਿੱਚ ਦਿੱਤੇ ਗਏ ਹਨ।



**–ਡਾ ਗੁਰਮੀਤ ਸਿੰਘ ਕੱਲਰਮਾਜਰੀ**

# ਭੂਮਿਕਾ

ਗੁਰੂ ਸਾਹਿਬਾਨ ਨਾਲ਼ ਸਬੰਧਿਤ ਵਿਸ਼ੇਸ਼ ਸਮਾ-ਅੰਤਰਾਲ ਨੂੰ ਮੁੱਖ ਰੱਖ ਕੇ ਸ਼ਹੀਦੀ ਦਿਵਸ/ਪ੍ਰਕਾਸ਼ ਦਿਵਸ ਮਨਾਉਣ ਦੀ ਇੱਕ ਪ੍ਰੰਪਰਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦਾ 300ਵਾਂ ਸ਼ਹੀਦੀ ਦਿਵਸ ਮਨਾਉਣ ਨਾਲ 1975 ਤੋਂ ਸ਼ੁਰੂ ਹੋ ਚੁੱਕੀ ਹੈ। ਪੰਜਾਬੀ ਯੂਨੀ. ਪਟਿਆਲਾ ਵੱਲੋਂ ਉਸ ਸਮੇਂ ਭਾਰਤ ਵਿੱਚ ਜਿੱਥੇ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਯਾਤਰਾਵਾਂ ਕੀਤੀਆਂ, ਉਹਨਾਂ ਥਾਵਾਂ ਦੀ ਯਾਦਗਾਰੀ ਰੂਪ 'ਚ ਜਾਣਕਾਰੀ ਭਰਪੂਰ ਅਤੇ ਖੋਜ ਭਰਪੂਰ ਇੱਕ ਪੁਸਤਕ ਵੀ ਸੰਪਾਦਿਤ ਕੀਤੀ ਗਈ ਸੀ। ਉਸ ਤੋਂ ਬਾਅਦ ਖ਼ਾਲਸਾ ਪੰਥ ਦਾ 300 ਸਾਲਾ ਸਥਾਪਨਾ ਦਿਵਸ 1999 ਵਿੱਚ ਮਨਾਇਆ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ 2016 'ਚ ਮਨਾਇਆ ਗਿਆ। ਇਸੇ ਲੜੀ 'ਚ 500ਵੇਂ ਤੇ 550ਵੇਂ ਪ੍ਰਕਾਸ਼ ਪੁਰਬ ਦੇ ਰੂਪ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਪੂਰੇ ਸੰਸਾਰ 'ਚ ਪੂਰੀ ਸ਼ਰਧਾ ਨਾਲ਼ ਮਨਾਇਆ ਗਿਆ।

ਪਾਕਿਸਤਾਨ ਤੇ ਭਾਰਤ ਸਰਕਾਰ ਵਲੋਂ 550ਵਾਂ ਪ੍ਰਕਾਸ਼ ਦਿਵਸ 'ਕਰਤਾਰਪੁਰ ਲਾਂਘੇ' ਦੇ ਰੂਪ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਕੀਤਾ ਗਿਆ। 6 ਨਵੰਬਰ 2019 ਤੋਂ 12 ਨਵੰਬਰ 2019 ਤੱਕ ਦੋਹਾਂ ਸਰਕਾਰਾਂ, ਸ਼੍ਰੋਮਣੀ ਕਮੇਟੀ, ਵਿਦਿਅਕ ਅਦਾਰਿਆਂ, ਧਾਰਮਿਕ ਸੰਸਥਾਵਾਂ ਅਤੇ ਗੁਰੂ ਜੀ ਨਾਲ ਸਬੰਧਿਤ ਨਾਮ ਲੇਵਾ ਸੰਗਤਾਂ ਅਤੇ ਯੂਨੀਵਰਸਟੀਆਂ ਦੇ ਪੱਧਰ ਤੇ ਸੈਮੀਨਾਰ/ਕੀਰਤਨ ਦਰਬਾਰ ਅਤੇ ਬਾਣੀ ਵਿਚਾਰ ਸੰਵਾਦ ਦੇ ਰੂਪ 'ਚ ਗੁਰੂ ਜੀ ਦੀ ਸਮੁੱਚੀ ਮਾਨਵਤਾ ਨੂੰ ਦੇਣ ਦੇ ਪ੍ਰਸੰਗ ਵਿੱਚ ਯਾਦ ਕੀਤਾ ਗਿਆ। ਪੰਜਾਬ ਸਰਕਾਰ ਵਲੋਂ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਇੱਕ ਲੜੀ ਵੀ ਉਲੀਕੀ ਗਈ। ਸਾਲ 2021 'ਚ ਲਾਂਘਾ ਵੀ ਮੁੜ ਖੁਲ੍ਹਣ ਤੇ ਸੰਸਾਰ ਭਰ 'ਚੋਂ ਸਗਤਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਕਰਤਾਰਪੁਰ ਵਿਖੇ ਮਨਾਇਆ।

ਇਸੇ ਪ੍ਰਸੰਗ ਵਿੱਚ ਸਿੱਖ ਇਤਿਹਾਸ ਦੇ ਸੂਰਬੀਰ ਬਹਾਦਰ ਯੋਧੇ ਚਾਰ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹੀਦੀ ਨੂੰ 22 ਦਸੰਬਰ 1704 ਤੋਂ ਅੱਜ ਤੱਕ ਸ੍ਰੀ ਚਮਕੌਰ ਸਾਹਿਬ ਅਤੇ ਸ੍ਰੀ ਫ਼ਤਿਹਗੜ੍ਹ ਸਾਹਿਬ ਦੀ ਧਰਤੀ ਤੇ ਲਗਾਤਾਰ ਸ਼ਰਧਾਂਜ਼ਲੀ ਦਿੱਤੀ ਜਾਂਦੀ ਹੈ। ਸਰਹਿੰਦ ਦੇ ਨੇੜੇ-ਤੇੜੇ ਦੇ ਪਿੰਡਾਂ ਦੇ ਸ਼ਰਧਾਵਾਨ ਲੋਕ ਇਹਨਾਂ ਦਿਨਾਂ 'ਚ ਜ਼ਮੀਨ ਤੇ ਸੌਂ ਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕਰਦੇ ਹਨ।

ਦਸੰਬਰ 2021 'ਚ ਇਸ ਦਰਦਨਾਕ ਸ਼ਹੀਦੀ ਸਾਕੇ ਨੂੰ 317 ਸਾਲ ਹੋ ਚੁੱਕੇ ਹਨ।

ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਇਤਿਹਾਸ ਸਿੱਖ ਕੌਮ ਲਈ ਬਹੁਤ ਹੀ ਗੌਰਵਮਈ ਇਤਿਹਾਸ ਹੈ। ਇਸ ਲਹੂ ਭਿੱਜੇ ਇਤਿਹਾਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਲੈ ਕੇ ਮਾਤਾ ਗੁਜਰੀ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਖ਼ਾਲਸਾ ਪੰਥ ਸਜਾਉਣ ਉਪਰੰਤ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਨਾਲ਼ ਕੀਤੀਆਂ ਜੰਗਾਂ ਵਿੱਚ ਪ੍ਰਾਪਤ ਕੀਤੀਆਂ ਜਿੱਤਾਂ ਦਾ ਗੌਰਵ ਵੀ ਸ਼ਾਮਲ ਹੈ। ਇਸ ਦੇ ਨਾਲ ਹੀ ਉਹਨਾਂ ਸਿਰਲੱਥ ਸਿੰਘਾਂ ਦੀਆਂ ਕੁਰਬਾਨੀਆਂ ਵੀ ਇਸ ਗੌਰਵਸ਼ਾਲੀ ਇਤਿਹਾਸ ਦਾ ਅਨਿੱਖੜਵਾਂ ਅੰਗ ਹਨ ਜਿਹੜੇ ਚਰਖ਼ੜੀਆਂ ਤੇ ਚੜ੍ਹ ਕੇ ਸਿੱਖ ਕੌਮ ਲਈ ਕੁਰਬਾਨ ਹੋ ਗਏ। ਇਸ ਸ਼ਹਾਦਤ ਦੇ ਕਾਰਣ ਹੀ ਬਾਬਾ ਬੰਦਾ ਸਿੰਘ ਬਹਾਦਰ ਵਰਗਾ ਸਿਰਲੱਥ ਯੋਧਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਸਾਨੀ ਬਲੀਦਾਨ ਸਦਕਾ ਗੁਰੂ ਜੀ ਦੀ ਚਰਨ ਛੂਹ ਪ੍ਰਾਪਤ ਕਰਕੇ ਖ਼ਾਲਸਾ ਗਣਰਾਜ ਦੀ ਸਥਾਪਤੀ ਵਰਗੇ ਗੌਰਵਸ਼ਾਲੀ ਕਾਰਜ ਕਰ ਸਕਿਆ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਲੀਦਾਨ ਹੈ ਕਿ ਆਪਣੇ ਮਾਤਾ-ਪਿਤਾ ਅਤੇ ਚਾਰ ਸਾਹਿਬਜ਼ਾਦੇ ਕੁਰਬਾਨ ਕਰ ਕੇ ਸਮੁੱਚੇ ਸੰਸਾਰ ਨੂੰ ਬੇਡਰ, ਬੇਖੌਫ਼ ਤੇ ਸੱਚਾ ਸੁੱਚਾ ਜੀਵਨ ਜਿਉਣ ਲਈ ਪ੍ਰੇਰਨਾ ਦਿੱਤੀ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਪੰਜਵੇਂ ਗੁਰੂ ਅਰਜਨ ਦੇਵ ਤੱਕ ਦਾ ਸਮਾਂ ਸਿੱਖੀ ਸਿਧਾਂਤ-ਬਣਤਰ ਅਤੇ ਬਾਣੀ ਸੰਵਾਦ ਦਾ ਮਹੱਤਵਪੂਰਨ ਸਮਾਂ ਸੀ। ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਕਾਰਜ ਨੇ ਇਲਹਾਮੀ ਬਾਣੀ ਦੀ ਸੰਭਾਲ਼ ਰਾਹੀਂ ਇਸ ਸਮੇਂ ਨੂੰ ਮੱਧਕਾਲ ਦੇ ਸੁਨਹਿਰੀ ਯੁੱਗ ਵਿੱਚ ਬਦਲ ਦਿੱਤਾ। ਗੁਰੂ ਪ੍ਰੰ-ਪਰਾ ਨੇ ਸਿੱਖ-ਫਿਲਾਸਫ਼ੀ ਦੇ ਬੁਨਿਆਦੀ ਨੁਕਤਿਆਂ ਨੂੰ ਕੰਕਰੀਟ ਰੂਪ 'ਚ ਸਿੱਖਾਂ ਦੇ ਮਨਾਂ ਵਿੱਚ ਸੰਸਥਾਵਾਂ ਦੀ ਉਸਾਰੀ ਦੇ ਰੂਪ 'ਚ ਵਸਾ ਦਿੱਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਰਾਹੀਂ ਬਾਣੀ ਦੇ ਰੂਪ 'ਚ ਸਿੱਖੀ ਸਿਧਾਂਤਾਂ ਨੂੰ ਭਾਰਤ 'ਚ ਹੀ ਨਹੀਂ, ਸਗੋਂ ਪੂਰੇ ਵਿਸ਼ਵ 'ਚ ਫੈਲਾਇਆ। ਬਾਣੀ ਦੇ ਪ੍ਰਚਾਰ, ਪ੍ਰਸਾਰ ਅਤੇ ਸੰਵਾਦ ਦੀ ਸਥਿਤੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਨਵਾਂ ਰੂਪ ਅਖਤਿਆਰ ਕਰ ਗਈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਅਜਿਹੀ ਨਿਵੇਕਲੀ ਸਥਿਤੀ ਦੇ ਉਭਾਰ ਦਾ ਕਾਰਣ ਬਣੀ, ਜਿਸ ਨੂੰ ਮੁੱਖ ਰੱਖਕੇ ਛੇਵੇਂ ਗੁਰੂ ਸ੍ਰੀ ਹਰਗੋਬਿੰਦ ਸਾਹਿਬ ਨੂੰ ਸੰਤ ਦੇ ਨਾਲ-ਨਾਲ ਸਿਪਾਹੀ ਦੇ ਰੂਪ 'ਚ ਵੀ ਵਿਚਰਨਾ ਪਿਆ।

ਬੇਸ਼ਕ ਸਿੱਖ ਗੁਰੂਆਂ ਦਾ ਜੀਵਨ-ਦਰਸ਼ਨ, ਬੰਦਗੀ, ਕਿਰਤ, ਸਦਾਚਾਰੀ ਮਨੁੱਖ ਅਤੇ ਚੰਗੇਰੇ ਸਮਾਜ ਦੀ ਉਸਾਰੀ ਦੁਆਲੇ ਕੇਂਦਰਤ ਹੈ, ਪ੍ਰੰਤੂ ਗੁਰੂ-ਕਾਲ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਮੁਗ਼ਲ ਹਕੂਮਤ ਇਸ ਧਾਰਮਿਕ ਮੁਹਾਵਰੇ ਨੂੰ ਵੀ ਆਪਣਾ ਵਿਰੋਧੀ ਸਮਝਣ ਲੱਗ ਪਈ ਸੀ। ਇਸ ਦੇ ਕਾਰਣ ਵੱਖ-ਵੱਖ ਪ੍ਰਗਣਿਆਂ, ਇਸਲਾਮਿਕ ਕੇਂਦਰਾਂ ਅਤੇ ਨਵਾਬਾਂ, ਸੂਬੇਦਾਰਾਂ ਰਾਹੀਂ ਗੁਰੂ ਸਾਹਿਬਾਨਾਂ ਬਾਰੇ ਆਮ ਲੋਕਾਂ ਵਿੱਚ ਕੂੜ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹਨਾਂ ਕਾਜ਼ੀ ਮੁਲਾਣਿਆਂ ਅਤੇ ਗੁਰੂ ਘਰ ਦੇ ਵਿਰੋਧੀਆਂ ਨੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਅਤੇ ਜਹਾਂਗੀਰ ਕੋਲ ਗੁਰੂ-ਵਿਰੋਧੀ ਪ੍ਰਚਾਰ ਕਰਕੇ ਸਿੱਖ ਗੁਰੂਆਂ ਨੂੰ ਦੁਸ਼ਮਣ ਬਣਾ ਦਿੱਤਾ।

ਇਸ ਪ੍ਰਸੰਗ ਵਿੱਚ ਸਾਡੇ ਲਈ ਸਿੱਖ ਇਤਿਹਾਸ ਨੂੰ ਦੋ ਪੱਖਾਂ ਤੋਂ ਸਮਝਣਾ ਬੇਹੱਦ ਜ਼ਰੂਰੀ ਹੈ ਕਿ ਇੱਕ ਪੱਖ 'ਚ ਬਾਣੀ ਸਿਧਾਂਤ, ਵਿਚਾਰ-ਸੰਵਾਦ ਰਾਹੀਂ ਸਿੱਖ ਗੁਰੂਆਂ ਨੇ ਸਦ-'ਚਾਰਕ ਨੈਤਿਕਤਾ ਜਿਹੇ ਸਵਾਲਾਂ ਨੂੰ ਸਮਾਜ ਲਈ ਸਦੀਵੀਂ ਰੂਪ ਦੇ ਦਿੱਤਾ। ਸਮਕਾਲੀ-ਰਾਜਨੀਤਿਕ ਅਤੇ ਧਾਰਮਿਕ ਦ੍ਰਿੱਸ਼ 'ਚ ਮਾਨਵ-ਵਿਰੋਧੀ ਮਸਲਿਆਂ ਨੂੰ ਉਭਾਰਿਆ। ਹਰ ਧਰਮ ਨੂੰ ਉਸ ਦੇ ਸਹੀ ਰੂਪ 'ਚ ਜਾਨਣ ਪਛਾਨਣ ਲਈ ਲੋਕਾਈ ਨੂੰ ਪ੍ਰੇਰਿਆ। ਦੂਸਰੇ ਪੱਖ ਤੋਂ ਹਾਕਮਾਨਾ ਜ਼ਬਰ ਜ਼ੁਲਮ ਦਾ ਵਿਰੋਧ ਕਰ ਕੇ, ਮੁਗ਼ਲ ਬਾਦਸ਼ਾਹਾਂ ਦੇ ਅੰਦਰ ਸੁੱਤੀ ਆਤਮਾ ਨੂੰ ਜਗਾਉਣ ਦਾ ਕੰਮ ਕੀਤਾ। ਨਾਲ ਹੀ ਜ਼ਾਲਮਾਨਾਂ ਹਕੂਮਤੀ-ਜ਼ਬਰ ਜ਼ੁਲਮ ਨੂੰ ਸ਼ਾਂਤ-ਮਈ ਢੰਗ ਨਾਲ਼ ਸਹਿਣ ਵੀ ਕੀਤਾ, ਜਦੋਂ ਲੋੜ ਬਣੀ ਤਾਂ ਹਥਿਆਰ ਚੁੱਕ ਕੇ ਜ਼ੁਲਮ ਦਾ ਮੁਕਾਬਲਾ ਵੀ ਕੀਤਾ। ਸੰਸਾਰ ਵਿੱਚ ਅਜਿਹੀਆਂ ਉਦਾਹਰਣਾਂ ਮਿਲਣੀਆਂ ਨਾ ਮੁਮਕਿਨ ਹਨ ਜਿੱਥੇ ਮਾਸੂਮ ਜ਼ਿੰਦਾਂ ਨੇ ਰਾਜ ਸੱਤਾ ਦੀ ਮਰਜ਼ੀ ਕਬੂਲਣ ਦੀ ਬਜਾਇ ਆਪਣੀ ਸ਼ਹਾਦਤ ਦੇਣੀ ਮੁਨਾਸਿਬ ਸਮਝੀ।

ਇਸ ਪ੍ਰਸੰਗ ਵਿੱਚ ਅਸੀਂ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਮੁੱਖ ਰਖ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸਮੁੱਚੇ ਇਤਿਹਾਸ ਚੋਂ ਕੁੱਝ ਮਹੱਤਵਪੂਰਣ ਵੇਰਵੇ ਅਤੇ ਤੱਥਾਂ ਦੀ ਚੋਣ ਕਰਕੇ 317ਵੇਂ ਸ਼ਹੀਦੀ ਦਿਵਸ ਦੇ ਰੂਪ 'ਚ ਪ੍ਰਕਾਸ਼ਿਤ ਕਰਨ ਦਾ ਯਤਨ ਕੀਤਾ ਹੈ ਤਾਂ ਕਿ ਸਾਧਾਰਣ ਪਾਠਕ ਵੀ ਸਿੱਖ ਇਤਿਹਾਸ ਤੋਂ ਜਾਣਕਾਰੀ ਪ੍ਰਾਪਤ ਕਰ ਸਕੇ। ਇਹਨਾਂ 400 ਸਵਾਲਾਂ ਦੀ ਚੋਣ ਅਤੇ ਉਹਨਾਂ ਦੇ ਉੱਤਰ ਦੇ ਰੂਪ 'ਚ ਸੰਖੇਪ ਵੇਰਵੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਤੋਂ ਲੈ ਕੇ ਸਰਹਿੰਦ ਦੀ ਫ਼ਤਿਹ ਤੱਕ ਪੇਸ਼ ਕੀਤੇ ਗਏ ਹਨ। ਕਿਉਂਕਿ ਸਿੱਖ ਕੌਮ ਲਈ ਸਭ ਤੋਂ ਜ਼ਾਲਮਾਨਾਂ ਹਕੂਮਤ ਦਾ ਆਧਾਰ ਔਰੰਗਜੇਬ ਦੀ ਹਕੂਮਤ ਵਿੱਚ ਸੂਬਾ ਸਰਹਿੰਦ ਦਾ ਖੇਤਰ ਰਿਹਾ ਹੈ। ਇਸ ਜ਼ਾਲਮ ਹਕੂਮਤ ਦਾ ਅੰਤ ਕਰਨ ਲਈ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਿਦਰਾਣੇ ਦੀ ਢਾਬ ਤੇ ਮੁਗ਼ਲ ਫੌਜਾਂ ਨੂੰ ਹਰਾਇਆ ਤੇ ਮੁੜ ਬਾਬਾ ਬੰਦਾ ਸਿੰਘ ਬਹਾਦਰ ਨੇ ਸਿਰਲੱਥ ਯੋਧਿਆਂ ਦੀ ਸਿੱਖ ਫੌਜ ਰਾਹੀਂ ਵਜ਼ੀਰ ਖ਼ਾਨ ਨੂੰ ਮੌਤ ਦੇ ਘਾਟ ਉਤਾਰ ਕੇ "ਖ਼ਾਲਸਾ ਰਾਜ" ਦੀ ਸਥਾਪਨਾ ਕੀਤੀ।

ਸਾਡਾ ਮਨੋਰਥ ਇਸ ਗੌਰਵਮਈ ਇਤਿਹਾਸ ਦੇ ਮਹੱਤਵਪੂਰਣ ਵੇਰਵਿਆਂ ਰਾਹੀਂ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਪੇਸ਼ ਕਰਨ ਦਾ ਨਿਮਾਣਾ ਜਿਹਾ ਯਤਨ ਹੈ। ਦਸੰਬਰ (ਪੋਹ) ਦਾ ਮਹੀਨਾ ਉਂਝ ਵੀ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਰਖਦਾ ਹੈ। ਸ੍ਰੀ ਚਮਕੌਰ ਸਾਹਿਬ ਅਤੇ ਸ੍ਰੀ ਫ਼ਤਿਹਗੜ੍ਹ ਸਾਹਿਬ ਦਾ ਜ਼ਰਾ-ਜ਼ਰਾ ਸ਼ਹਾਦਤਾਂ ਨਾਲ ਭਰਿਆ ਹੋਇਆ ਹੈ। ਇਹਨਾਂ ਦੇ ਇਤਿਹਾਸਕ ਵੇਰਵਿਆਂ ਅਤੇ ਤਾਰੀਖ਼ ਸਬੰਧੀ ਜਾਣਕਾਰੀ 'ਚ ਚੋਣ ਕਰਨ ਵੇਲੇ ਇਸ ਗੱਲ ਦਾ ਧਿਆਨ ਰਖਿਆ ਗਿਆ ਹੈ ਕਿ ਅੱਜ ਦਾ ਪੜ੍ਹਿਆ ਲਿਖਿਆ ਵਰਗ ਜਿਸ 'ਚ ਗੁਰੂ ਘਰ ਦੇ ਸ਼ਰਧਾਲੂ, ਸਕੂਲਾਂ/ਕਾਲਜਾਂ 'ਚ ਪੜ੍ਹ ਰਹੇ ਵਿਦਿਆਰਥੀ ਇਹਨਾਂ ਸਵਾਲਾਂ ਦੀ ਰੌਸ਼ਨੀ ਵਿੱਚ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਬਾਰੇ ਇਤਿਹਾਸਕ ਵੇਰਵਿਆਂ ਅਤੇ ਤੱਥਾਂ ਤੋਂ ਜਾਣੂ ਹੋ ਸਕਣ।

ਉਂਝ ਵੀ ਅਸੀਂ ਸਿੱਖ ਧਰਮ ਨੂੰ ਉਸ ਦੇ ਬਾਹਰੀ ਸਰੂਪ ਰਾਹੀਂ ਪਛਾਨਣ ਦੇ ਆਦੀ ਹੋ ਚੁੱਕੇ ਹਾਂ। ਸਾਡਾ ਮਨੋਰਥ ਸਿਰਫ਼ ਐਨਾ ਕੁ ਹੀ ਹੈ ਕਿ ਸਿੱਖੀ-ਸਰੂਪ ਅਤੇ ਵਿਚਾਰਧਾਰਾ ਨੂੰ ਉਸ ਦੇ ਬਾਹਰੀ ਅਤੇ ਆਂਤ੍ਰਿਕ ਸੂਖ਼ਮ ਸਵਰੂਪ ਦੀ ਵੀ ਪਛਾਣ ਕੀਤੀ ਜਾ ਸਕੇ।

ਜਿਸ ਕਿਸਮ ਦੇ ਹਾਲਾਤ ਵਿੱਚ ਸ੍ਰੀ ਚਮਕੌਰ ਸਾਹਿਬ ਅਤੇ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਸਾਹਿਬਜ਼ਾਦਿਆਂ ਨੇ ਆਪਣੇ ਪੁਰਖਿਆਂ ਦੇ ਰਾਹ ਉੱਪਰ ਚੱਲ ਕੇ ਕੁਰਬਾਨੀਆਂ ਕੀਤੀਆਂ ਹਨ ਉਸ ਦੀ ਉਦਾਹਰਣ ਸੰਸਾਰ ਵਿੱਚ ਮਿਲਣੀ ਨਾ ਮੁਮਕਿਨ ਹੈ।

ਅੰਤ ਵਿੱਚ ਸਾਡੀ ਨਿਮਰਤਾ ਸਹਿਤ ਬੇਨਤੀ ਹੈ ਕਿ ਇਹਨਾਂ 400 ਤੋਂ ਵੱਧ ਸਵਾਲਾਂ ਨਾ਼ਲ ਸਬੰਧਿਤ ਇਤਿਹਾਸਕ ਵੇਰਵੇ ਅਤੇ ਤਾਰੀਖ਼ੀ ਜਾਣਕਾਰੀ, ਪੰਜਾਬ ਦੇ ਇਤਿਹਾਸ ਅਤੇ ਸਿੱਖ ਧਰਮ ਨਾ਼ਲ ਸਬੰਧਿਤ ਇਤਿਹਾਸਕਾਰਾਂ ਦੀਆਂ ਖੋਜ ਅਧਾਰਤ ਪੁਸਤਕਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਸ਼ਾ ਵਿਭਾਗ ਪੰਜਾਬ ਪਟਿਆਲਾ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ ਪੁਸਤਕਾਂ 'ਚੋਂ ਲਈ ਗਈ ਹੈ।

ਉਹਨਾਂ ਦੀ ਗੁਰੂ-ਕਾਲ ਬਾਰੇ ਕੀਤੀ ਖੋਜ ਪ੍ਰਮਾਣਿਕ ਅਤੇ ਮਹੱਤਵਪੂਰਣ ਹੈ, ਫਿਰ ਵੀ ਜੇਕਰ ਕਿਤੇ ਕੋਈ ਊਣਤਾਈ ਇਹਨਾਂ ਸਵਾਲਾਂ ਦੇ ਪ੍ਰਸੰਗ ਵਿੱਚ ਕਿਸੇ ਪ੍ਰਬੁੱਧ ਪਾਠਕ ਜਾਂ ਗੁਰੂ ਘਰ ਦੇ ਸ਼ਰਧਾਲੂ ਨੂੰ ਨਜ਼ਰ ਆਵੇ ਤਾਂ ਅਸੀਂ ਉਹਨਾਂ ਕੋਲੋਂ ਪਹਿਲਾਂ ਹੀ ਮੁਆਫ਼ੀ ਦੇ ਨਾ਼ਲ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਲਿਖ ਭੇਜਣ ਤਾਂਕਿ ਅਗਲੇ ਸੰਸਕਰਣ ਵਿੱਚ ਸੁਧਾਰ ਕੀਤਾ ਜਾ ਸਕੇ।

ਅਸੀਂ ਇਸ ਪੁਸਤਕ ਦੀ ਪ੍ਰਕਾਸ਼ਨਾ ਲਈ ਵਿਸ਼ੇਸ਼ ਸਹਿਯੋਗ ਲਈ ਸ੍ਰ. ਬਲਵਿੰਦਰ ਸਿੰਘ ਜਾਤੀਵਾਲ ਦਾ ਧੰਨਵਾਦ ਕਰਦੇ ਹਾਂ ਨਾਲ ਹੀ ਸਿੱਖ ਧਰਮ ਨਾਲ ਸੰਬੰਧਿਤ ਉਹਨਾਂ ਸਾਰੇ ਵਿਦਵਾਨਾਂ ਦੇ ਵੀ ਰਿਣੀ ਹਾਂ ਜਿਹਨਾਂ ਦੀਆਂ ਪੁਸਤਕਾਂ ਵਿੱਚੋਂ ਸਿੱਖ ਗੁਰੂਆਂ ਸੰਬੰਧੀ ਵਡਮੁੱਲੀ ਜਾਣਕਾਰੀ ਮਿਲੀ ਹੈ।

**–ਡਾ ਗੁਰਮੀਤ ਸਿੰਘ ਕੱਲਰਮਾਜਰੀ**
**ਡਾ .ਸੰਤੋਖ ਸਿੰਘ ਸੁੱਖੀ**

ਸਵਾਲ : ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?
= ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਸੰਨ 1687 ਈ. (ਸੰਮਤ 1744) ਨੂੰ ਪਾਉਂਟਾ ਸਾਹਿਬ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਜਨਮ ਮਾਘ ਸੁਦੀ ਚੌਥੀ 23 ਮਾਘ 1691 ਈ. (ਸੰਮਤ 1747) ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ।
ਸਵਾਲ : ਸਾਹਿਬਜ਼ਾਦਾ ਅਜੀਤ ਸਿੰਘ ਜੀ ਕਿਨ੍ਹਾਂ ਦੇ ਸਪੁੱਤਰ ਸਨ?
= ਮਾਤਾ ਸੁੰਦਰੀ ਜੀ ਅਤੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ।
ਸਵਾਲ : ਸਾਹਿਬਜ਼ਾਦਾ ਅਜੀਤ ਸਿੰਘ ਜੀ ਦੇ ਦਾਦਾ ਅਤੇ ਦਾਦੀ ਜੀ ਦਾ ਕੀ ਨਾਂ ਸੀ ?
= ਦਾਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਦਾਦੀ ਮਾਤਾ ਗੁਜਰੀ ਜੀ।
ਸਵਾਲ : ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਜੁਝਾਰ ਸਿੰਘ ਜੀ ਦੀ ਸ਼ਹੀਦੀ ਕਦੋਂ ਹੋਈ ?
= 8 ਪੋਹ ਸੰਮਤ 1761 (22 ਦਸੰਬਰ 1704 ਈ.)।
ਸਵਾਲ : ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਜੁਝਾਰ ਸਿੰਘ ਜੀ ਨੇ ਸ਼ਹੀਦੀ ਕਿਹੜੇ ਸਥਾਨ ਤੇ ਪ੍ਰਾਪਤ ਕੀਤੀ ?
= ਕੱਚੀ ਗੜ੍ਹੀ, ਸ੍ਰੀ ਚਮਕੌਰ ਸਾਹਿਬ, (ਪੰਜਾਬ)।
ਸਵਾਲ : ਸ਼ਹੀਦੀ ਸਮੇਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਜੁਝਾਰ ਸਿੰਘ ਜੀ ਦੀ ਉਮਰ ਕਿੰਨੀ ਸੀ?
= ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਉਮਰ ਲੱਗਭੱਗ 17 ਸਾਲ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਉਮਰ ਲਗਭਗ 14 ਸਾਲ ਸੀ।
ਸਵਾਲ : ਸਾਹਿਬਜ਼ਾਦਾ ਜੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਦਾ ਜਨਮ ਕਦੋਂ ਹੋਇਆ?
= (ਸੰਮਤ 1753) 1696 ਈਸਵੀ ਅਤੇ (ਸੰਮਤ 1756) 1699 ਈਸਵੀ।
ਸਵਾਲ : ਸਾਹਿਬਜ਼ਾਦਾ ਜੁਝਾਰ ਸਿੰਘ ਜੀ, ਜ਼ੋਰਾਵਰ ਸਿੰਘ ਜੀ ਅਤੇ ਫ਼ਤਿਹ ਸਿੰਘ ਜੀ ਦੇ ਮਾਤਾ ਪਿਤਾ ਦਾ ਨਾਮ ਕੀ ਸੀ ?
= ਮਾਤਾ ਜੀਤੋ ਜੀ ਅਤੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ।
ਸਵਾਲ : ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਦੀ ਸ਼ਹੀਦੀ ਕਿੱਥੇ ਹੋਈ?
= ਸਰਹਿੰਦ (ਸ੍ਰੀ ਫ਼ਤਿਹਗੜ੍ਹ ਸਾਹਿਬ) ਪੰਜਾਬ।
ਸਵਾਲ : ਸ਼ਹੀਦੀ ਸਮੇਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿਘ ਦੀ ਉਮਰ ਕਿੰਨੀ ਸੀ?
= ਕ੍ਰਮਵਾਰ 9 ਸਾਲ ਅਤੇ 7 ਸਾਲ ਲੱਗਭੱਗ।
ਸਵਾਲ : ਮੁੱਢਲੇ ਤੌਰ ਤੇ ਵੱਡੇ ਸਾਹਿਬਜ਼ਾਦਿਆਂ ਦੀ ਸਿਖਲਾਈ ਕਿਵੇਂ ਹੋਈ ?
= ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਿਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਵਿਖੇ ਸਿੱਖ ਪੰਥ ਦੀ ਨਵ-ਸਿਰਜਣਾ ਹਿੱਤ 1678 ਤੋਂ 1700 ਈ. ਤੱਕ ਵਿਦਿਆ ਦੀ ਇੱਕ ਟਕਸਾਲ ਚਲਾਉਂਦੇ ਰਹੇ ਸਨ। ਉਸ ਟਕਸਾਲ ਤਹਿਤ ਹੀ ਸਾਹਿਬਜ਼ਾਦਿਆਂ ਦੀ ਮੁੱਢਲੀ ਸਿਖਲਾਈ ਪੂਰੀ ਹੋਈ।
ਸਵਾਲ : ਵਿਦਿਆ ਦੀ ਇਸ ਟਕਸਾਲ ਵਿੱਚ ਕਿਸ ਕਿਸਮ ਦੀ ਸਿਖਲਾਈ ਦਿੱਤੀ ਗਈ ਸੀ?
= ਫ਼ੌਜੀ ਸਿਖਲਾਈ ਦੇ ਨਾਲ-ਨਾਲ 1699 ਈ. ਨੂੰ ਵੱਡੇ ਸਾਹਿਬਜ਼ਾਦਿਆਂ ਨੂੰ ਅੰਮ੍ਰਿਤ ਪਾਨ ਕਰਵਾ ਕੇ ਨੈਤਿਕ ਸਿਖਲਾਈ ਵੀ ਦਿੱਤੀ ਗਈ।
ਸਵਾਲ : ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਨੂੰ ਕਦੋਂ ਸ਼ਹੀਦ ਕੀਤਾ ਗਿਆ ?
= (13 ਪੋਹ ਸੰਮਤ 1761) 27 ਦਸੰਬਰ, 1704 ਈਸਵੀ।
ਸਵਾਲ : ਸ਼ਹੀਦ ਕਰਨ ਤੋਂ ਪਹਿਲਾਂ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਨੂੰ ਕਿਸ ਥਾਂ ਤੇ ਕੈਦ ਕੀਤਾ ਗਿਆ?
= ਠੰਢੇ ਬੁਰਜ ਵਿੱਚ।
ਸਵਾਲ : ਠੰਡੇ ਬੁਰਜ ਵਿੱਚ ਕੈਦ ਸਮੇਂ ਇਹਨਾਂ ਦੇ ਨਾਲ ਪਰਿਵਾਰਕ ਮੈਂਬਰ ਕੌਣ ਕੌਣ ਸਨ?
= ਸਿਰਫ਼ ਮਾਤਾ ਗੁਜਰੀ ਜੀ।
ਸਵਾਲ : ਮਾਤਾ ਗੁਜਰੀ ਜੀ ਕਿੱਥੇ ਬ੍ਰਹਮਲੀਨ ਹੋਏ ?
= ਠੰਢੇ ਬੁਰਜ ਵਿੱਚ।
ਸਵਾਲ : ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਨੂੰ ਕਿਵੇਂ ਸ਼ਹੀਦ ਕੀਤਾ ਗਿਆ ?
= ਨੀਹਾਂ 'ਚ ਜਿਉਂਦੇ ਚਿਣ ਕੇ।
ਸਵਾਲ : ਉਸ ਸਮੇਂ ਸਰਹਿੰਦ ਦਾ ਫੌਜਦਾਰ ਕੌਣ ਸੀ?
= ਨਵਾਬ ਵਜ਼ੀਰ ਖ਼ਾਨ ਕੁੰਜ ਪੁਰੀਆ।
ਸਵਾਲ : ਮੁਰਿੰਡੇ ਦੇ ਰੰਘੜਾਂ ਕੋ਼ਲ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਬਾਰੇ ਚੁਗ਼ਲੀ ਕਿਸ ਨੇ ਕੀਤੀ।
= ਕਿਸੇ ਸਮੇਂ ਗੁਰੂ ਘਰ ਦੇ ਰਸੋਈਏ ਰਹੇ ਗੰਗੂ ਨਾਂ ਦੇ ਵਿਅਕਤੀ ਨੇ।
ਸਵਾਲ : ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਬਾਰੇ ਵਜ਼ੀਰ ਖ਼ਾਨ ਕੋਲ ਖ਼ਬਰ ਕਿਸ ਨੇ ਦਿੱਤੀ।
= ਮੁਰਿੰਡੇ ਦੇ ਰੰਘੜ ਜਿਹੜੇ ਸੂਬਾ ਸਰਹੰਦ ਦੇ ਕਰਮਚਾਰੀ ਸਨ।
ਸਵਾਲ : ਦਾਦੀ ਮਾਤਾ ਗੁਜਰੀ ਤੋਂ ਅਲੱਗ ਕਰ ਕੇ ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚਹਿਰੀ ਕਦੋਂ ਬੁਲਾਇਆ ਗਿਆ?
= 24 ਦਸੰਬਰ 1704 ਈ. ਨੂੰ।
ਸਵਾਲ : ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦੀ ਪ੍ਰਕਿਰਿਆ ਕਿੰਨੇ ਦਿਨਾਂ 'ਚ ਪੂਰੀ ਹੋਈ?

**(ਬਾਕੀ ਅਗਲੇ ਸਫੇ 'ਤੇ)**

## ਸ਼ਹੀਦਾਨਿ-ਵਫ਼ਾ ਗੰਜਿ ਸ਼ਹੀਦਾਂ

ਬਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ।
ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲੀਏ।
ਚਮਕ ਹੈ 'ਮਹਰ' ਕੀ ਚਮਕੌਰ! ਤੇਰੇ ਜ਼ੱਰਰੋਂ ਮੇਂ।
ਯਹੀਂ ਸੇ ਬਨਕੇ ਸਿਤਾਰੇ ਗਏ 'ਸਮਾ ਕੇ ਲੀਏ।।

ਭਟਕਤੇ ਫਿਰਤੇ ਹੈਂ ਕਿਉਂ, ਹੱਜ ਕਰੇਂ ਯਹਾਂ ਆ ਕਰ
ਯਿ ਕਾਅਬਾ ਪਾਸ ਹੈ ਹਰ ਇੱਕ ਖ਼ਾਲਸਾ ਕੇ ਲੀਏ।
ਯਹਾਂ ਵੁਹ ਲੇਟੇ ਹੈਂ ਸਤਲੁਜ ਨੇ ਜੋਸ਼ ਮੇਂ ਆ ਕਰ,
ਚਰਨ ਹਜ਼ੂਰ ਕੇ ਨਹਰੇਂ ਬਹਾ, ਬਹਾ ਕੇ ਕੇ ਲੀਏ।।

ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ
ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਿ ਉਠਾ ਚਲੇ
ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ
ਸਿੰਘੋਂ ਕੀ ਸਲਤਨਤ ਕਾ ਹੈ ਪੌਦਾ ਲਗਾ ਚਲੇ।

ਠੋਡੀ ਤੱਕ ਈਂਟੇਂ ਚੁਨ ਦੀ ਗਈ ਮੂੰਹ ਤੱਕ ਆ ਗਈਂ।
'ਬੀਨੀ' ਕੋ ਢਾਂਪਤੇ ਹੀ ਵੁਹ ਆਖੋਂ ਪੇ ਛਾ ਗਈਂ।
ਹਰ ਚਾਂਦ ਸੀ 'ਜਬੀਂ' ਕੋ ਘਨ ਸਾ ਲਗਾ ਗਈਂ।
ਲਖ਼ਤਿ ਜਿਗਰ ਗੁਰੂ ਕੇ ਵੁਹ ਦੋਨੋਂ ਛੁਪਾ ਗਈਂ।

ਜੋਗੀ ਜੀ ਇਸ ਦੇ ਬਾਅਦ ਹੁਈ ਥੋੜੀ ਦੇਰ ਥੀ
ਬਸਤੀ ਸਰਹਿੰਦ ਸ਼ਹਿਰ ਕੀ ਈਂਟੋਂ ਕਾ ਢੇਰ ਥੀ।

**– ਹਕੀਮ ਅਲਾਹ ਯਾਰ ਖਾਂ 'ਜੋਗੀ'**

(ਸਫਾ 26 ਦੀ ਬਾਕੀ)

= ਕਚਹਿਰੀ ਪੇਸ਼ ਹੋਣ ਉਪਰੰਤ ਤਿੰਨ ਦਿਨਾਂ ਵਿੱਚ।

ਸਵਾਲ : ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਕਿਸ ਵਲੋਂ ਕਰਵਾਇਆ ਗਿਆ ?

= ਦੀਵਾਨ ਟੋਡਰ ਮੱਲ।

ਸਵਾਲ : ਜਿਸ ਸਥਾਨ ਤੇ ਸਸਕਾਰ ਹੋਇਆ ਉਸ ਦਾ ਕੀ ਨਾਂ ਹੈ ?

= ਉਹ ਸਥਾਨ ਜਿੱਥੇ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ ਗਿਆ, ਉਥੇ ਗੁਰਦੁਆਰਾ ਜੋਤੀ ਸਰੂਪ ਸ਼ੁਸ਼ੋਭਿਤ ਹੈ।

ਸਵਾਲ : ਜਦੋਂ ਛੋਟੇ ਸਾਹਿਬਜ਼ਾਦਿਆਂ ਅਤੇ ਦਾਦੀ ਮਾਤਾ ਗੁਜਰੀ ਜੀ ਦੀ ਸ਼ਹੀਦੀ ਹੋਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਸ ਸਮੇਂ ਕਿੱਥੇ ਸਨ ?

= ਗੁਰੂ ਜੀ ਉਸ ਸਮੇਂ ਮਾਛੀਵਾੜਾ ਕਨੇਚ, ਆਲਮਗੀਰ ਥਾਵਾਂ ਰਾਹੀਂ ਹੁੰਦੇ ਹੋਏ ਰਾਇ ਕੋਟ ਦੇ ਸਥਾਨ ਤੇ ਰਾਇ ਕਲ੍ਹੇ ਪਾਸ ਠਹਿਰੇ ਹੋਏ ਸਨ।

ਸਵਾਲ : ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਗੁਰੂ ਜੀ ਨੂੰ ਕਿਸ ਨੇ ਦਿੱਤੀ ?

= ਪਿੰਡ ਜੱਟ ਪੁਰੇ ਦੇ ਰਾਇ ਕਲਹਾ ਦੇ ਭੇਜੇ ਬੰਦੇ ਨੂਰੇ ਮਾਹੀ ਨੇ ਸ਼ਹੀਦੀ ਦੀ ਖ਼ਬਰ ਦਿੱਤੀ।

ਸਵਾਲ : ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਿਨਾ ਨੂਰੇ ਮਾਹੀ ਨੇ ਹੋਰ ਕੀ ਕੀ ਜਾਣਕਾਰੀ ਦਿੱਤੀ ?

= ਰਾਇ ਕਲਹਾ ਦੇ ਨੂਰੇ ਮਾਹੀ ਨੇ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਨ ਦੀ ਹਮਦਰਦੀ ਬਾਰੇ ਗੁਰੂ ਜੀ ਨੂੰ ਜਾਣਕਾਰੀ ਦਿੱਤੀ।

ਸਵਾਲ : ਨਵਾਬ ਮਲੇਰਕੋਟਲਾ ਵਲੋਂ ਪ੍ਰਗਟਾਈ ਹਮਦਰਦੀ ਬਾਰੇ ਜਾਣ ਕੇ ਗੁਰੂ ਜੀ ਨੇ ਕੀ ਮਹਿਸੂਸ ਕੀਤਾ ?

= ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਾਇ ਕਲ੍ਹੇ ਦੇ ਹੱਥ ਨਵਾਬ ਨੂੰ ਇੱਕ ਤਲਵਾਰ ਤੇ ਖ਼ਿਲਅੱਤ ਭੇਜੀ, ਜੋ ਅੱਜ ਤੱਕ ਨਵਾਬ ਮਲੇਰਕੋਟਲਾ ਦੇ ਤੋਸ਼ੇ ਖਾਨੇ 'ਚ ਸੁਭਾਇਮਾਨ ਹੈ।

ਸਵਾਲ : ਸਰਸਾ ਨਦੀ ਤੇ ਮਾਤਾ ਗੁਜਰੀ ਅਤੇ ਸਾਹਿਬਜਾਦਿਆਂ ਨੇ ਪਰਿਵਾਰ ਨਾਲੋਂ ਵਿਛੜ ਕੇ ਪਹਿਲੀ ਰਾਤ ਕਿੱਥੇ ਅਤੇ ਕਦੋਂ ਕੱਟੀ।

= ਪਹਿਲੀ ਰਾਤ ਕੁੰਮੇ ਮਾਸ਼ਕੀ ਦੀ ਝੌਂਪੜੀ (7 ਪੋਹ 1761 ਬਿਕਰਮੀ) 21 ਦਸੰਬਰ, 1704 ਈਸਵੀ ਨੂੰ ਕੱਟੀ।

ਸਵਾਲ : ਕੁੰਮੇ ਮਾਸ਼ਕੀ ਦੀ ਇਹ ਝੌਂਪੜੀ ਕਿੱਥੇ ਸਥਿਤ ਸੀ?

= ਪਿੰਡ ਚੱਕ ਢੇਰਾ (ਰੋਪੜ) ਦੇ ਪੱਤਣ ਤੋਂ ਸਤਲੁਜ ਅਤੇ ਸਰਸਾ ਨਦੀ ਕਿਨਾਰੇ ਕੁੰਮੇ ਮਾਸ਼ਕੀ ਦੀ ਝੌਂਪੜੀ ਸਥਿਤ ਸੀ।

ਸਵਾਲ : ਕੁੰਮਾ ਮਾਸ਼ਕੀ ਕੌਣ ਸੀ?

= ਇਹ ਬੇੜੀ ਦਾ ਮਲਾਹ ਮਸ਼ਕ ਨਾਲ ਪਾਣੀ ਢੋਂਦਾ ਸੀ। ਇਸ ਦਾ ਪਹਿਲਾ ਪੂਰਾ ਨਾਂ ਕਰਮ ਚੰਦ ਸੀ, ਜਬਰਦਸਤੀ ਇਸ ਨੂੰ ਇਸਲਾਮ 'ਚ ਸ਼ਾਮਿਲ ਕਰਕੇ ਇਸ ਦਾ ਨਾਂ ਕਰੀਮ ਬਖ਼ਸ ਰੱਖ ਦਿੱਤਾ ਗਿਆ।

ਸਵਾਲ : ਗੰਗੂ ਦਾ ਪਰਿਵਾਰਕ ਪਿਛੋਕੜ ਕੀ ਸੀ ?

= ਗੰਗੂ ਅਨੰਦਪੁਰ ਸਾਹਿਬ ਵਿਖੇ ਗੁਰੂ ਘਰ 'ਚ ਕਿਸੇ ਸਮੇਂ ਰਸੋਈਆ ਰਹਿ ਚੁੱਕਾ ਸੀ। ਗੁਰੂ ਘਰ ਬਾਰੇ ਸਭ ਕੁੱਝ ਜਾਣਦਾ ਸੀ। ਗੰਗੂ ਨੂੰ ਇਸ ਗੱਲ ਦੀ ਜਾਣਕਾਰੀ ਸੀ ਕਿ ਗੁਰੂ ਘਰ ਦਾ ਖ਼ਜ਼ਾਨਾ ਮਾਤਾ ਜੀ ਕੋਲ ਹੁੰਦਾ ਸੀ।ਉਹ ਸਹੇੜੀ ਪਿੰਡ ਦਾ ਵਸਨੀਕ ਸੀ।

ਸਵਾਲ : ਗੰਗੂ ਨੂੰ ਮਾਤਾ ਜੀ ਕੋਲ ਧਨ ਦੀ ਖੁਰਜੀ ਹੋਣ ਦੀ ਜਾਣਕਾਰੀ ਕਿਵੇਂ ਮਿਲੀ?

= ਕੁੰਮਾ ਮਾਸ਼ਕੀ ਕੋਲ ਪਹਿਲੀ ਰਾਤ ਗੁਜ਼ਾਰਨ ਉਪਰੰਤ ਮਾਤਾ ਗੁਜਰੀ ਜੀ ਨੇ ਸਵੇਰ ਵੇਲੇ ਮਾਈ ਲੱਛਮੀ ਅਤੇ ਕੁੰਮੇ ਮਾਸ਼ਕੀ ਨੂੰ ਦੋ ਸੋਨੇ ਦੀਆਂ ਮੋਹਰਾਂ ਦੇ ਮੁੱਲ ਦੀ ਆਰਸੀ (ਅੰਗੂਠੀ) ਅਤੇ ਪੰਜ ਰੁਪਏ ਦੇਣ ਸਮੇਂ ਗੰਗੂ ਨੇ ਵੇਖ ਲਿਆ ਸੀ।

ਸਵਾਲ : ਮਾਤਾ ਜੀ ਅਤੇ ਸਾਹਿਬਜ਼ਾਦਿਆਂ ਸਮੇਤ ਗੰਗੂ ਨਾਲ ਦਰਿਆ ਕਿਵੇਂ ਪਾਰ ਕੀਤਾ?

= ਕੁੰਮੇ ਮਾਸ਼ਕੀ ਨੇ ਆਪਣੀ ਬੇੜੀ ਰਾਹੀਂ ਦਰਿਆ ਪਾਰ ਕਰਵਾ ਕੇ ਇੱਕ ਪਿਲਕਣ ਦੇ ਰੁੱਖ ਕੋਲ਼ ਉਤਾਰ ਦਿੱਤਾ ਜਿੱਥੇ ਉਹ ਆਪਣੀ ਬੇੜੀ ਬੰਨ੍ਹਿਆਂ ਕਰਦਾ ਸੀ।

ਸਵਾਲ : ਕੁੰਮਾ ਮਾਸ਼ਕੀ ਕੋਲੋਂ ਮਾਤਾ ਅਤੇ ਸਾਹਿਬਜ਼ਾਦਿਆਂ ਬਾਰੇ ਜਾਣਕਾਰੀ ਮਿਲਣ ਉਪਰੰਤ ਗੰਗੂ ਨੇ ਕੀ ਕੀਤਾ ?

= ਗੰਗੂ ਨੇ ਮਾਤਾ ਅਤੇ ਸਾਹਿਬਜ਼ਾਦਿਆਂ ਨੂੰ ਮਿਲ ਕੇ ਮੁਗ਼ਲਾਂ ਦੇ ਡਰੋਂ ਆਪਣੇ ਘਰ ਲੈਕੇ ਜਾਣ ਦੀ ਬਜਾਇ (8 ਪੋਹ 1761 ਬਿ.) 22 ਦਸੰਬਰ 1704 ਈ. ਨੂੰ ਦੂਸਰੀ ਰਾਤ ਪਿੰਡ ਕਾਈਨੌਰ ਦੇ ਤਲਾਅ ਦੇ ਕੰਢੇ ਕੱਟੀ। ਇਹ ਥਾਂ ਕੁੰਮੇ ਮਾਸ਼ਕੀ ਵਾਲੇ ਪੱਤਣ ਤੋਂ 28 ਕਿਲੋਮੀਟਰ ਦੂਰ ਹੈ।

ਸਵਾਲ : ਪਿੰਡ ਕਾਈਨੌਰ ਵਿਖੇ ਤਲਾਅ ਦੇ ਕੰਢੇ ਰਾਤ ਕੱਟਣ ਉਪਰੰਤ ਅੱਗੇ ਕੀ ਹੋਇਆ?

= ਗੰਗੂ ਦਿਨ ਚੜ੍ਹਨ ਤੇ ਪਿੰਡ ਦੇ ਦੱਖਣ ਵੱਲ ਇੱਕ ਉਜਾੜ ਥਾਂ ਤੇ ਬੈਠਾ ਕੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਇਹ ਕਹਿ ਕੇ ਚਲਾ ਗਿਆ ਕਿ ਮੈਂ ਪਿੰਡ ਵੇਖ ਆਵਾਂ ਕਿ ਮੁਗ਼ਲ ਫੌਜ ਤੋਂ ਕੋਈ ਖ਼ਤਰਾ ਤਾਂ ਨਹੀਂ।

ਸਵਾਲ : ਅੱਗੇ ਕੀ ਵਾਪਰਿਆ?

= ਕੁੱਝ ਸਮਾਂ ਗੰਗੂ ਨੂੰ ਉਡੀਕਣ ਉਪਰੰਤ ਮਾਤਾ ਅਤੇ ਸਾਹਿਬਜ਼ਾਦੇ ਨੇੜੇ ਹੀ ਇੱਕ ਫਕੀਰ ਦੀ ਝੌਂਪੜੀ ਨੁਮਾ ਕੁਟੀਆ 'ਚ ਅਰਾਮ ਕਰਨ ਚਲੇ ਗਏ।

ਸਵਾਲ : ਫ਼ਕੀਰ ਦੇ ਵਾਪਿਸ ਆਉਣ ਤੇ ਕੀ ਵਾਪਰਿਆ?

= ਫ਼ਕੀਰ ਮਾਤਾ ਅਤੇ ਸਾਹਿਬਜ਼ਾਦਿਆਂ ਦੇ ਨੂਰੀ ਚਿਹਰੇ ਵੇਖ ਕੇ ਅਚੰਭਿਤ ਹੋਇਆ ਅਤੇ ਪੁੱਛਿਆ 'ਇੱਥੇ ਕਿਵੇਂ ਬੈਠੇ ਹੋ?'

ਸਵਾਲ : ਮਾਤਾ ਜੀ ਨੇ ਕੀ ਉੱਤਰ ਦਿੱਤਾ?

= 'ਐਮੇਂ ਹੀ ਬੈਠੇ ਹਾਂ।'

ਫ਼ਕੀਰ ਦੀ ਇਸ ਕੁਟੀਆ ਦੀ ਥਾਂ ਤੇ 'ਗੁਰਦੁਆਰਾ ਐਮਾ ਸਾਹਿਬ' ਸ਼ੁਸ਼ੋਭਿਤ ਹੈ।ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ਼ ਹੈ?

ਸਵਾਲ : ਗੁਰਦੁਆਰਾ ਐਮੇ ਸਾਹਿਬ ਕਦੋਂ ਹੋਂਦ ਵਿੱਚ ਆਇਆ?

= ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ 25 ਅਕਤੂਬਰ, 1969 ਈ. ਨੂੰ ਮੁਕੰਮਲ ਹੋਈ।

ਸਵਾਲ : ਗੁਰਦੁਆਰਾ ਅਟਕ ਸਾਹਿਬ ਦਾ ਨਾਂ ਕਿਵੇਂ ਪਿਆ?

= ਗੰਗੂ ਦੇ ਘਰ ਸਹੇੜੀ ਦੇ ਨੇੜੇ ਬੇਆਬਾਦ ਸਥਾਨ ਤੇ ਮਾਤਾ ਗੁਜ਼ਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਥੋੜ੍ਹਾ ਸਮਾਂ ਠਹਿਰੇ (ਅਟਕੇ) ਸਨ, ਫਿਰ ਉਹ ਫ਼ਕੀਰ ਦੀ ਝੌਂਪੜੀ 'ਚ ਚਲੇ ਗਏ ਸਨ। ਉਹਨਾਂ ਦੇ ਥੋੜ੍ਹਾ ਸਮਾਂ ਇੱਥੇ ਅਟਕਣ 'ਤੇ ਉਨ੍ਹਾਂ ਦੀ ਯਾਦ ਵਿੱਚ ਇਹ ਸਥਾਨ ਹੋਂਦ ਵਿੱਚ ਆਇਆ।

ਸਵਾਲ : ਗੁਰਦੁਆਰਾ ਅਟਕ ਸਾਹਿਬ ਕਦੋਂ ਬਣਿਆ?

= 1950 ਦੇ ਆਸਪਾਸ ਸੰਤ ਸੁਰਜਨ ਸਿੰਘ ਨੇ ਆਰੰਭ ਕੀਤਾ। ਦੂਸਰੀ ਵਾਰ ਇਮਾਰਤ ਦੀ ਸੇਵਾ ਸੰਤ ਬਾਬਾ ਅਜੀਤ ਸਿੰਘ ਨਥਮਲਪੁਰ (ਨੇੜੇ ਸਹੇੜੀ) ਨੇ 25 ਅਗਸਤ 1979 ਤੱਕ ਸੇਵਾ ਨਿਭਾਈ ਅਤੇ ਮੌਜੂਦਾ ਅਸਥਾਨ ਦੀ ਕਾਰ ਸੇਵਾ ਹਰਬੰਸ ਸਿੰਘ ਦਿੱਲੀ ਵਾਲਿਆਂ ਵੱਲੋਂ ਕਰਵਾਈ ਜਾ ਰਹੀ ਹੈ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ਼ ਹੈ।

ਸਵਾਲ : ਪਿੰਡ ਕਾਈਨੌਰ ਦੇ ਤਲਾਅ ਦੀ ਅੱਜ ਕਲ੍ਹ ਕੀ ਪਛਾਣ ਹੈ?

= ਅੱਜ ਕਲ੍ਹ ਇੱਥੇ 'ਗੁਰਦੁਆਰਾ ਬਾਬੇ ਸ਼ਹੀਦਾਂ' ਬਣਿਆ ਹੋਇਆ ਹੈ। ਗੰਗੂ ਦਾ ਪਿੰਡ ਸਹੇੜੀ ਇਸ ਤੋਂ ਚੜ੍ਹਦੇ ਵੱਲ 2 ਕਿਲੋਮੀਟਰ ਹੈ।

ਇਸ ਸਥਾਨ ਨੂੰ ਗੁਰਦੁਆਰਾ ਬਾਬੇ ਸ਼ਹੀਦਾਂ (ਯਾਦਗਾਰ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦੇ) ਕਿਹਾ ਜਾਂਦਾ ਹੈ।

ਸਵਾਲ : ਤੀਸਰੀ ਰਾਤ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੇ ਕਿੱਥੇ ਕੱਟੀ?

= ਗੰਗੂ ਇਸ ਇਲਾਕੇ ਦਾ ਭੇਤੀ ਸੀ। ਮੁਗ਼ਲ ਫੌਜ ਵੀ ਗੁਰੂ ਪਰਿਵਾਰ ਨੂੰ ਲੱਭ ਰਹੀ ਸੀ ਫਿਰ ਵੀ ਲਾਲਚ ਵਸ ਗੰਗੂ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਘਰ ਸਹੇੜੀ (ਰੋਪੜ) ਵਿਖੇ ਮਿਤੀ 23 ਦਸੰਬਰ 1704 (9 ਮੋਹ 1761 ਬਿ.) ਲੈ ਗਿਆ। ਗੰਗੂ ਦੇ ਘਰ ਇਹ ਤੀਸਰੀ ਰਾਤ ਸੀ। ਇਹ ਇਸ ਲਈ ਕਿਉਂਕਿ ਉਹ ਮਾਤਾ ਜੀ ਦੇ ਕੋਲ਼ ਧਨ ਵਾਲੀ ਖੁਰਜੀ ਹੋਣ ਬਾਰੇ ਜਾਣ ਗਿਆ ਸੀ।

ਸਵਾਲ : ਗੰਗੂ ਨੇ ਧਨ ਵਾਲੀ ਖੁਰਜੀ ਜਾਣ ਕੇ ਕੀ ਕੀਤਾ?

= ਲਾਲਚ 'ਚ ਆ ਕੇ ਅਮੀਰ ਬਣਨ ਦੀ ਲਾਲਸਾ ਨਾਲ ਗੰਗੂ ਨੇ ਰਾਤ ਵੇਲੇ ਖੁਰਜੀ ਚੋਰੀ ਕਰ ਲਈ। ਉਸ ਨੂੰ ਕਿਧਰੇ ਛੁਪਾ ਦਿੱਤਾ।

ਸਵਾਲ : ਖੁਰਜੀ ਚੋਰੀ ਹੋਣ ਤੇ ਮਾਤਾ ਜੀ ਦੇ ਇਤਰਾਜ ਕਰਨ ਤੇ ਗੰਗੂ ਦਾ ਕੀ ਪ੍ਰਤੀਕਰਮ ਸੀ ?

= ਨਾਰਾਜ਼ ਹੋ ਕੇ ਉਸ ਨੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਬਾਰੇ ਮੋਰਿੰਡਾ ਕੋਤਵਾਲੀ ਦੇ ਮੁਖੀ ਜਾਨੀ ਖਾਂ ਅਤੇ ਮਾਨੀ ਖਾਂ ਕੋਲ ਖ਼ਬਰ ਕਰ ਦਿੱਤੀ ਤਾਂਕਿ ਹੋਰ ਇਨਾਮ ਪ੍ਰਾਪਤ ਕਰ ਸਕੇ।

ਸਵਾਲ : ਜਾਨੀ ਖਾਂ ਅਤੇ ਮਾਨੀ ਖਾਂ ਕੌਣ ਸਨ?

= ਜਾਨੀ ਖਾਂ, ਮਾਨੀ ਖਾਂ ਦੋਵੇਂ ਭਰਾ ਰਾਜਪੂਤਾਂ ਵਿੱਚੋਂ ਰੰਘੜ ਮੁਸਲਮਾਨ ਸਨ। ਜਾਨੀ ਖਾਂ ਮੋਰਿੰਡੇ ਦਾ ਕੋਤਵਾਲ ਸੀ ਤੇ ਗਾਨੀ ਖਾਂ ਏਸੇ ਹੀ ਕੋਤਵਾਲੀ ਦਾ ਉੱਚ ਅਧਿਕਾਰੀ।

ਸਵਾਲ : ਜਾਨੀ ਖਾਂ ਅਤੇ ਮਾਨੀ ਖਾਂ ਨੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਬਾਰੇ ਜਾਣਕੇ ਕੀ ਕੀਤਾ?

= ਜਾਨੀ ਖਾਂ ਅਤੇ ਮਾਨੀ ਖਾਂ ਨੇ ਗੰਗੂ ਦੀ ਸ਼ਿਕਾਇਤ ਤੇ ਮਾਤਾ ਅਤੇ ਸਾਹਿਬਜ਼ਾਦਿਆਂ ਨੂੰ ਸਹੇੜੀ ਪਿੰਡ ਤੋਂ ਗੰਗੂ ਦੇ ਘਰੋਂ ਗ੍ਰਿਫ਼ਤਾਰ ਕਰਕੇ ਮੋਰਿੰਡੇ ਦੀ ਹਵਾਲਾਤ ਵਿੱਚ 24 ਦਸੰਬਰ 1704 ਨੂੰ ਸਖ਼ਤ ਪਹਿਰੇ ਹੇਠ ਕੈਦ ਕਰ ਲਿਆ ਤੇ ਇਸ ਦੀ ਜਾਣਕਾਰੀ ਸੂਬਾ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨੂੰ ਦੇ ਦਿੱਤੀ।

ਸਵਾਲ : ਨਵਾਬ ਵਜ਼ੀਰ ਖਾਂ ਨੇ ਸਾਹਿਬਜ਼ਾਦਿਆਂ ਦੀ ਗ੍ਰਿਫ਼ਤਾਰੀ ਬਾਰੇ ਜਾਣਕੇ ਕੀ ਹੁਕਮ ਕੀਤਾ?

= ਸਖ਼ਤ ਨਿਗਰਾਨੀ ਹੇਠ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੇ ਹੁਕਮ ਅਨੁਸਾਰ ਦੀਵਾਨ ਸੁੱਚਾ ਨੰਦ ਨੇ ਸਰਹਿੰਦ ਵਿਖੇ "ਠੰਡੇ ਬੁਰਜ" ਵਿੱਚ ਕੈਦ ਕਰ ਦਿੱਤਾ।

ਸਵਾਲ : 'ਠੰਡੇ ਬੁਰਜ' ਦੀ ਕੀ ਪ੍ਰੀਭਾਸ਼ਾ ਹੈ?

= ਇਹ ਬੁਰਜ ਅਜੋਕੇ ਸਮੇਂ ਦੇ ਏ.ਸੀ. ਰੈਸਟ ਹਾਊਸ ਵਰਗਾ ਸੀ, ਜਿੱਥੇ ਗਰਮੀਆਂ ਵਿੱਚ ਨਵਾਬ ਵਜ਼ੀਰ ਖਾਂ ਠਹਿਰਦਾ ਸੀ, ਦਸੰਬਰ ਦੇ ਮਹੀਨੇ ਵਿੱਚ ਇਹ ਬੁਰਜ ਅਤਿ ਦਾ ਠੰਡਾ ਹੁੰਦਾ ਸੀ। ਇਸ ਨੂੰ ਨਵਾਬ ਦੇ ਸਮੇਂ 'ਚ "ਰਾਬ ਬੁਰਦੇ ਬੁਰਜ" ਆਖਦੇ ਸਨ। 24 ਦਸੰਬਰ 1704, 11 ਪੋਹ ਦੀ ਅਤਿ-ਠੰਢੀ ਚੌਥੀ ਰਾਤ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੇ ਸਖ਼ਤ ਪਹਿਰੇ ਹੇਠ ਬਤੀਤ ਕੀਤੀ।

ਸਵਾਲ : ਵਜ਼ੀਰ ਖਾਂ ਨੇ ਕਚਹਿਰੀ ਵਿੱਚ ਸਾਹਿਬਜ਼ਾਦਿਆਂ ਨੂੰ ਕੀ ਹੁਕਮ ਕੀਤਾ?

= ਵਜ਼ੀਰ ਖਾਂ ਦੇ ਹੁਕਮ ਅਨੁਸਾਰ ਦੀਵਾਨ ਸੁੱਚਾ ਨੰਦ ਨੇ ਸਾਹਿਬਜ਼ਾਦਿਆਂ ਨੂੰ ਨਵਾਬ ਨੂੰ ਸਲਾਮ ਕਰਨ ਲਈ ਕਿਹਾ।

ਸਵਾਲ : ਸਾਹਿਬਜ਼ਾਦਿਆਂ ਨੇ ਕੀ ਜਵਾਬ ਦਿੱਤਾ?

= ਸਾਹਿਬਜ਼ਾਦਿਆਂ ਨੇ ਨਿਧੜਕ ਹੋਕੇ ਕਿਹਾ ਕਿ "ਅਸੀਂ ਆਪਣੇ ਪਿਤਾ ਜੀ ਵੱਲੋਂ ਬਖ਼ਸ਼ੀ ਹੋਇ ਫ਼ਤਿਹ ਹੀ ਬੁਲਾਵਾਂਗੇ, ਸਿਰ ਝੁਕਾ ਕੇ ਕਿਸੇ ਨੂੰ ਸਲਾਮ ਨਹੀਂ ਕਰਾਂਗੇ।"

ਸਵਾਲ : ਏਥੇ 'ਸਿਰ ਝੁਕਾ ਕੇ ਕਿਸੇ ਨੂੰ ਸਲਾਮ ਨਹੀਂ ਕਰਾਂਗੇ' ਤੋਂ ਕੀ ਭਾਵ ਹੈ?

= ਕਿਸੇ ਵੀ ਲਾਲਚ ਵਿੱਚ ਆ ਕੇ ਉਹ ਕਿਸੇ ਵੀ ਹਾਲਤ ਵਿੱਚ ਅਪਣਾ ਧਰਮ ਨਹੀਂ ਬਦਲਣਗੇ।

ਸਵਾਲ : ਸਾਹਿਬਜ਼ਾਦਿਆਂ ਨੂੰ ਧਰਮ ਬਦਲ ਕੇ ਇਸਲਾਮ ਅਪਣਾਉਣ ਤੇ ਨਵਾਬ ਵਜ਼ੀਰ ਖ਼ਾਨ ਨੇ ਕਿਸ ਕਿਸਮ ਦੇ ਲਾਲਚ ਦਿੱਤੇ?

= ਬਾਦਸ਼ਾਹੀ, ਜਗੀਰਾਂ, ਮਹਿਲ ਮਾੜੀਆਂ ਅਤੇ ਧਨ-ਦੌਲਤ ਦੇ ਅਨੇਕਾਂ ਲਾਲਚ ਦਿੱਤੇ।

ਸਵਾਲ : ਸਾਹਿਬਜ਼ਾਦਿਆਂ ਉੱਪਰ ਅਜਿਹੇ ਫ਼ੁਰਮਾਨਾਂ ਦਾ ਕੀ ਅਸਰ ਹੋਇਆ?

= ਸਾਹਿਬਜ਼ਾਦੇ ਫ਼ੁਰਮਾਨ ਸੁਣ ਕੇ ਅਡੋਲ ਰਹੇ। ਉਹਨਾਂ ਨੇ ਨਵਾਬ ਵਜ਼ੀਰ ਖਾਨ ਦੇ ਦਿੱਤੇ ਲਾਲਚਾਂ ਨੂੰ ਠੁਕਰਾ ਕੇ ਮੁਸਲਿਮ ਧਰਮ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ।

ਸਵਾਲ : ਜਵਾਬ ਸੁਣ ਕੇ ਗੁੱਸੇ 'ਚ ਆਏ ਹੰਕਾਰੀ ਵਜ਼ੀਰ ਖ਼ਾਨ ਨੇ ਅਗਲੀ ਕਿਹੜੀ ਕਾਰਵਾਈ ਕੀਤੀ?

= ਕੱਪੜੇ ਤੇ ਭੋਜਨ ਤੋਂ ਵਗੈਰ ਠੰਢੇ ਬੁਰਜ ਵਿੱਚ ਕੈਦ ਕਰਕੇ ਕਿਸੇ ਨਾਲ ਨਾ ਮਿਲਣ ਦਾ ਹੁਕਮ ਦੇਕੇ, ਪਹਿਰਾ ਸ਼ਖਤ ਕਰ ਦਿੱਤਾ।

ਸਵਾਲ : ਠੰਡੇ ਬੁਰਜ ਵਿੱਚ ਕੜਕਦੀ ਠੰਡ 'ਚ ਪੰਜਵੀਂ ਰਾਤ ਗੁਜ਼ਾਰਨ ਉਪਰੰਤ 12 ਪੋਹ ਨੂੰ ਕਿਸ ਵੇਲੇ ਸਿਪਾਹੀਆਂ ਨੇ ਸਾਹਿਬਜ਼ਾਦਿਆਂ ਨੂੰ ਕਚਹਿਰੀ 'ਚ ਪੇਸ਼ ਕੀਤਾ?

= ਦਿਨ ਦਾ ਪਹਿਲਾ ਅੱਧ।

ਸਵਾਲ : ਕਚਹਿਰੀ ਦੇ ਵੱਡੇ ਦਰਵਾਜ਼ੇ ਦੀ ਥਾਂ ਤੇ ਸਾਹਿਬਜ਼ਾਦਿਆਂ ਨੂੰ ਛੋਟੀ ਖਿੜਕੀ 'ਚੋਂ ਲੰਘਣ ਲਈ ਕਿਉਂ ਹੁਕਮ ਕੀਤਾ ਗਿਆ?

= ਵਜ਼ੀਰ ਖਾਨ ਦੀ ਇਹ ਨੀਤੀ ਸੀ ਕਿ ਜਦੋਂ ਸਾਹਿਬਜ਼ਾਦੇ ਸਿਰ ਨਿਵਾਕੇ ਛੋਟੀ ਜਿਹੀ ਖਿੜਕੀ ਰਾਹੀਂ ਕਚਹਿਰੀ 'ਚ ਪੇਸ਼ ਹੋਣਗੇ ਤਾਂ ਸਮਝ ਲਿਆ ਜਾਵੇਗਾ ਕਿ ਸਾਹਿਬਜ਼ਾਦਿਆਂ ਨੇ ਨਵਾਬ ਅੱਗੇ ਸਿਰ ਝੁਕਾ ਲਿਆ ਹੈ।

ਸਵਾਲ : ਸਾਹਿਬਜ਼ਾਦਿਆਂ ਨੇ ਨਵਾਬ ਦੀ ਇਸ ਨੀਤੀ ਨੂੰ ਸਮਝਦਿਆਂ ਕੀ ਰਣਨੀਤੀ ਅਪਣਾਈ?

= ਪਹਿਲਾਂ ਆਪਣੇ ਪੈਰ ਅੱਗੇ ਲੰਘਾਏ ਤੇ ਪਿਛੋਂ ਸਿਰ ਲੰਘਾ ਕੇ ਕਚਹਿਰੀ ਅੰਦਰ ਪ੍ਰਵੇਸ਼ ਕੀਤਾ।

ਸਵਾਲ : ਨਵਾਬ ਦੇ ਅੱਗੇ ਕਚਹਿਰੀ 'ਚ ਪੇਸ਼ ਹੋ ਕੇ ਉਹਨਾਂ ਨੇ ਭਰਵ੍ਹੀਂ ਆਵਾਜ਼ 'ਚ ਕੀ ਕਿਹਾ ?

= "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ"।

ਸਵਾਲ : ਫ਼ਤਿਹ ਸੁਣਕੇ ਨਵਾਬ ਨੇ ਕੜਕਵੀਂ ਆਵਾਜ਼ ਵਿੱਚ ਕਿਹੜਾ ਫ਼ਤਵਾ ਜਾਰੀ ਕੀਤਾ?

= ਜੇਕਰ ਤੁਸੀਂ ਇਸਲਾਮ ਕਬੂਲ ਕਰ ਲਓਗੇ, ਸਾਰੇ ਸੁੱਖ ਆਰਾਮ ਤੁਹਾਡੀ ਝੋਲੀ ਪਾ ਦਿੱਤੇ ਜਾਣਗੇ ਪ੍ਰੰਤੂ ਨਾ ਮੰਨਣ ਦੀ ਸੂਰਤ ਵਿੱਚ ਤੁਸੀਂ ਬੁਰੀ ਮੌਤੇ ਮਾਰੇ ਜਾਓਗੇ।

ਸਵਾਲ : ਨਿਰਦਈ ਦੀਵਾਨ ਸੁੱਚਾ ਨੰਦ ਨੇ ਉਸ ਸਮੇਂ ਸਾਹਿਬਜ਼ਾਦਿਆਂ ਨਾਲ ਕੀ ਗੱਲਬਾਤ ਕੀਤੀ?

= ਦੀਵਾਨ ਸੁੱਚਾ ਨੰਦ ਜਿਹੜਾ ਮੁਗ਼ਲ ਸਲਤਨਤ ਦਾ ਹਾਮੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕੱਟੜ ਵਿਰੋਧੀ ਸੀ। ਉਸ ਨੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੀ ਗੱਲ ਮੰਨਣ ਲਈ ਮਜ਼ਬੂਰ ਕੀਤਾ ਕਿ 'ਐਂਵੇ ਆਪਣੀ ਜ਼ਿੰਦ ਨਾ ਗਵਾਓ। ਤੁਹਾਡੇ ਕੋਲ ਬਹੁਤ ਧਨ ਪਦਾਰਥ ਹੋਵੇਗਾ ਲੋਕ ਸਲਾਮਾ ਕਰਨਗੇ।'

ਸਵਾਲ : ਸਾਹਿਬਜ਼ਾਦਿਆਂ ਨੇ ਕੀ ਪ੍ਰਤੀਕਰਮ ਦਿੱਤਾ?

= ਬੁਜ਼ਦਿਲ ਬਣ ਕੇ ਜਿਉਣ ਨਾਲੋਂ ਮਰ ਜਾਣਾ ਬਿਹਤਰ ਸਮਝਾਂਗੇ। ਅਸੀਂ ਸਾਡੇ ਦਾਦਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਦਾਦੀ ਮਾਤਾ ਗੁਜਰੀ ਜੀ ਦੀ ਸ਼ਾਨ ਨੂੰ ਸਦਾ ਕਾਇਮ ਰਖਾਂਗੇ।

ਸਵਾਲ : ਸਾਹਿਬਜ਼ਾਦਿਆਂ ਦਾ ਜਵਾਬ ਸੁਣਕੇ ਵਜ਼ੀਰ ਖਾਂ ਕਿਵੇਂ ਅੱਗ ਬਬੂਲਾ ਹੋਇਆ?

= ਸਾਹਿਬਜ਼ਾਦਿਆਂ ਨੂੰ ਡਰਾਇਆ ਧਮਕਾਇਆ ਗਿਆ।

ਸੁੱਚਾ ਨੰਦ ਨੇ ਮਾਸੂਮਾਂ ਨੂੰ ਬਾਂਸ ਦੀ ਇੱਕ ਸੋਟੀ (ਖਮਚੀ) ਨਾਲ ਮਾਰਿਆ।

ਇੱਕ ਗਯਾ ਨੰਦ ਨਾਂ ਦੇ ਜ਼ੁਲਮੀ ਬੰਦੇ ਨੇ ਤਿਖੇ ਛੁਰੇ ਨਾਲ ਮਾਸੂਮਾਂ ਨੂੰ ਖੋਫ਼ਜ਼ਦਾ ਕੀਤਾ।

ਸਵਾਲ : ਆਖਰ 'ਚ ਵਜ਼ੀਰ ਖਾਨ ਨੇ ਕੀ ਫ਼ੈਸਲਾ ਕੀਤਾ?

= ਨਵਾਬ ਨੇ ਕੋਲ ਬੈਠੇ ਕਾਜੀ ਰੁਸਤਮਦੀਨ ਤੇ ਅਲੀ ਖਾਂ ਨੂੰ ਸ਼ਰਾ ਮੁਤਾਬਿਕ ਫ਼ਤਵਾ ਸੁਣਾਉਣ ਲਈ ਕਿਹਾ।

ਸਵਾਲ : ਕਾਜੀ ਅਲੀ ਖਾਂ ਨੇ ਸ਼ਰ੍ਹਾ ਮੁਤਾਬਿਕ ਸਾਹਿਬਜ਼ਾਦਿਆਂ ਨੂੰ ਕਿਹੜੀ ਸਜ਼ਾ ਦੀ ਸਿਫ਼ਾਰਿਸ਼ ਕੀਤੀ?

= ਕਾਜੀ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਇਹਨਾਂ ਬੱਚਿਆਂ (ਸਾਹਿਬਜ਼ਾਦਿਆਂ) ਦਾ ਧਰਮ-ਬਦਲੀ ਤੋਂ ਇਨਕਾਰ ਕਰਨਾ, ਇਸਲਾਮੀ ਹਕੂਮਤ ਅਤੇ ਧਰਮ ਵਿਰੁੱਧ ਬਗਾਬਤ ਹੈ। ਇਹਨਾਂ ਦਾ ਪਿਤਾ ਵੀ ਬਾਗੀ ਹੈ, ਤੇ ਦਾਦਾ ਵੀ। ਸ਼ਰ੍ਹਾ ਦੇ ਮੁਤਾਬਿਕ "ਬਾਗੀ ਬਾਪ ਦੇ ਬਾਗੀ ਪੁੱਤਰਾਂ ਨੂੰ ਜਿਉਂਦੇ ਨੀਹਾਂ ਵਿੱਚ ਚਿਣਾ ਦਿੱਤਾ ਜਾਵੇ।"

ਸਵਾਲ : ਕਾਜੀ ਦਾ ਫ਼ਤਵਾ ਸੁਣਕੇ ਨਵਾਬ ਵਜ਼ੀਰ ਖ਼ਾਨ ਨੇ ਨਵਾਬ ਸ਼ੇਰ ਮੁਹੰਮਦ ਖ਼ਾਨ ਮਲੇਰਕੋਟਲਾ ਨੂੰ ਕੀ ਕਿਹਾ ?

= ਵਜ਼ੀਰ ਖ਼ਾਨ ਨੇ ਨਵਾਬ ਸ਼ੇਰ ਮੁਹੰਮਦ ਖਾਨ ਨੂੰ ਚਮਕੌਰ ਦੀ ਲੜਾਈ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਹਥੋਂ ਮਾਰੇ ਗਏ ਉਸ ਦੇ ਭਰਾ "ਨਾਹਰ ਖਾਂ" ਦਾ ਬਦਲਾ, ਬੱਚਿਆਂ ਨੂੰ ਮਾਰ ਕੇ ਲੈਣ ਲਈ ਆਖਿਆ।

ਸਵਾਲ : ਨਵਾਬ ਮਲੇਰ ਕੋਟਲਾ ਸ੍ਰੀ ਸ਼ੇਰ ਮੁਹੰਮਦ ਖ਼ਾਨ ਨੇ ਵਜ਼ੀਰ ਖ਼ਾਨ ਨੂੰ ਇਸ ਦਾ ਕੀ ਉੱਤਰ ਦਿੱਤਾ?

= ਨਵਾਬ ਸਾਹਿਬ ਮਾਸੂਮ ਦੁੱਧ ਪੀਂਦੇ ਬੱਚਿਆਂ ਨੂੰ ਬੇਕਸੂਰ ਨੀਹਾਂ ਵਿੱਚ ਚਿਣਾਕੇ ਮਾਰਨਾ ਸ਼ਰ੍ਹਾ ਦੇ ਵਿਰੁੱਧ ਹੈ। ਇਹ ਇਸਲਾਮ ਦਾ ਕਾਨੂੰਨ ਨਹੀਂ। ਆਪਣੇ ਭਰਾ ਦਾ ਬਦਲਾ ਅਸੀਂ ਮੈਦਾਨੇ ਜੰਗ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਲਵਾਂਗੇ। ਬੱਚਿਆਂ ਤੋਂ ਨਹੀਂ।

ਸਵਾਲ : ਇਸ ਤੋਂ ਪਿੱਛੋਂ ਨਵਾਬ ਸ਼ੇਰ ਮੁਹੰਮਦ ਖ਼ਾਨ ਨੇ ਕਿਹੜਾ ਕਦਮ ਚੁਕਿਆ?

= ਇਹੋ 'ਹਾਅ ਦਾ ਨਾਅਰਾ' ਮਾਰਕੇ ਨਵਾਬ ਸ਼ੇਰ ਮੁਹੰਮਦ ਖ਼ਾਨ ਅਤੇ ਉਸ ਦਾ ਭਰਾ ਖਿਜ਼ਰ ਖਾਂ ਕਚਹਿਰੀ 'ਚੋਂ ਬਾਹਰ ਆ ਗਏ। ਵਜੀਰ ਖਾਂ ਨੇ ਦੀਵਾਨ ਸੁੱਚਾ ਨੰਦ ਅਤੇ ਹੋਰ ਅਹਿਲਕਾਰਾਂ ਦੇ ਕਹਿਣ ਤੇ ਸਾਹਿਬਜ਼ਾਦਿਆਂ ਨੂੰ ਸੋਚਣ ਦਾ ਥੋੜਾ ਹੋਰ ਮੌਕਾ ਦੇ ਦਿੱਤਾ।

ਸਵਾਲ : ਠੰਢੇ ਬੁਰਜ ਵਿੱਚ ਬਾਅਦ ਦੁਪਹਿਰ ਕਚਹਿਰੀ 'ਚੋਂ ਵਾਪਸ ਆਕੇ ਦਾਦੀ ਮਾਤਾ ਗੁਜਰੀ ਜੀ ਦੀ ਸਾਹਿਬਜ਼ਾਦਿਆਂ ਨਾਲ਼ ਕੀ ਗੱਲਬਾਤ ਹੋਈ?

= ਕਚਹਿਰੀ 'ਚ ਨਵਾਬ ਵਜ਼ੀਰ ਖ਼ਾਨ ਵਲੋਂ ਧਰਮ ਕਬੂਲ ਕਰਨ ਤੇ ਦਿੱਤੇ ਲਾਲਚਾਂ ਬਾਰੇ ਸਾਹਿਬਜ਼ਾਦਿਆਂ ਨੇ ਦਾਦੀ ਮਾਤਾ ਗੁਜਰੀ ਜੀ ਨੂੰ ਸਾਰਾ ਅਹਿਵਾਲ ਸੁਣਾਇਆ।

ਸਵਾਲ : ਮਾਤਾ ਗੁਜਰੀ ਜੀ ਨੇ ਸਾਰਾ ਅਹਿਵਾਲ ਸੁਣ ਕੇ ਸਾਹਿਬਜ਼ਾਦਿਆਂ ਨੂੰ ਕੀ ਨਸੀਹਤ ਦਿੱਤੀ?

= ਮਾਤਾ ਗੁਜਰੀ ਜੀ ਨੇ ਆਪਣੇ ਵੱਡੇ ਵਡੇਰਿਆਂ ਦੀ ਕੁਰਬਾਨੀ ਬਾਰੇ ਜਾਣਕਾਰੀ ਦਿੱਤੀ। ਨਾਲ ਹੀ ਕਿਹਾ ਕਿ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਨਾਂ ਨੂੰ ਲਾਜ ਨਹੀਂ ਲੱਗਣ ਦੇਣੀ। ਆਪਣੇ ਸਿਦਕ ਨੂੰ ਕਾਇਮ ਰੱਖਣਾ। ਜੇਕਰ ਕੁਰਬਾਨੀ ਵੀ ਦੇਣੀ ਪਵੇ ਤਾਂ ਪਿੱਛੇ ਨਹੀਂ ਰਹਿਣਾ। ਇਹ ਰਾਤ 25 ਦਸੰਬਰ 1704 ਨੂੰ ਠੰਢੇ ਬੁਰਜ ਵਿੱਚ ਸਖ਼ਤ ਪਹਿਰੇ ਹੇਠ ਬਿਨਾ ਕੁੱਝ ਖਾਦੇ ਪੀਤਿਆਂ ਗੁਜ਼ਰ ਗਈ।

ਸਵਾਲ : ਮਲੇਰਕੋਟਲਾ ਵਿਖੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਬਣੇ ਗੁਰਦੁਆਰੇ ਦਾ ਨਾਂ ਕੀ ਹੈ?

= ਸਾਹਿਬਜ਼ਾਦਿਆ ਨੂੰ ਨੀਹਾਂ ਵਿੱਚ ਚਿਣ ਕੇ ਸ਼ਹੀਦ ਕਰਨ ਤੇ ਨਵਾਬ ਮਾਲੇਰਕੋਟਲਾ ਨੇ ਕਿਹਾ ਸੀ ਕਿ ਇਹ ਸ਼ਰਾ ਦੇ ਖਿਲਾਫ਼ ਹੈ। ਇਸ ਕਾਰਣ ਮਾਲੇਰਕੋਟਲਾ ਵਿਖੇ ਸ਼ੁਸ਼ੋਭਿਤ ਗੁਰਦੁਆਰੇ ਦਾ ਨਾਂ 'ਹਾਅ ਦਾ ਨਾਅਰਾ' ਹੈ।

ਸਵਾਲ : ਠੰਡੇ ਬੁਰਜ ਵਿੱਚ ਪਹੁੰਚ ਕੇ ਸਾਹਿਬਜ਼ਾਦਿਆਂ ਨੇ ਮਾਂ ਗੁਜਰੀ ਨੂੰ ਮਿਲ ਕੇ ਪੁੱਛਣ ਤੇ ਕੀ ਆਖਿਆ ?

= ਹੌਸਲੇ ਨਾ਼ਲ ਸਾਹਿਬਜ਼ਾਦਿਆਂ ਨੇ "ਨੀਹਾਂ ਵਿੱਚ ਜਿਉਂਦੇ ਚਿਣ ਕੇ ਮਾਰਨ ਦੇ ਫਤਵੇ" ਬਾਰੇ ਦਾਦੀ ਮਾਤਾ ਗੁਜਰੀ ਜੀ ਨੂੰ ਦਸਿਆ। "ਕਲ੍ਹ ਸਵੇਰ ਤੱਕ ਦਾ (ਭਾਵ 13 ਪੋਹ 1761 ਬਿ., 26 ਦਸੰਬਰ, 1704 ਈਸਵੀ ਦਾ) ਆਖਰੀ ਸਮਾਂ ਦੇ ਕੇ ਇਸਲਾਮ ਕਬੂਲ ਕਰਨ ਲਈ ਸਾਨੂੰ ਤੁਹਾਡੇ ਕੋਲ਼ ਠੰਢੇ ਬੁਰਜ ਵਿੱਚ ਭੇਜ ਦਿੱਤਾ ਹੈ।"

ਸਵਾਲ : ਸਰਸਾ ਨਦੀ ਤੇ ਪਏ ਵਿਛੋੜੇ ਦੀ ਇਹ ਮਾਂ ਗੁਜ਼ਰੀ ਅਤੇ ਸਾਹਿਬਜ਼ਾਦਿਆਂ ਦੇ ਜੀਵਨ ਦੀ ਠੰਡੇ ਬੁਰਜ ਵਿੱਚ ਸ਼ਹਾਦਤ ਤੋਂ ਪਹਿਲਾਂ ਆਖਰੀ ਰਾਤ ਕਿਵੇਂ ਗੁਜ਼ਰੀ?

= ਇਹ ਮਨਹੂਸ ਰਾਤ ਬਰਫ ਵਰਗੀ ਸੀਤ ਲਹਿਰ ਦੇ ਪ੍ਰਛਾਵੇਂ ਹੇਠ ਲੰਘੀ। ਮਾਤਾ ਗੁਜਰੀ ਜੀ ਅਤੇ ਪੋਤਿਆਂ ਨੇ ਬਿਨਾ ਅੰਨ ਜਲ ਗ੍ਰਹਿਣ ਕੀਤਿਆਂ ਮਾਨਸਿਕ ਅਤੇ ਸਰੀਰਕ ਤਸੀਹੇ ਝਲਦਿਆਂ ਰਾਤ ਦੇ ਹਨੇਰੇ ਸਫ਼ਰ ਨੂੰ ਤਹਿ ਕੀਤਾ। ਗੁਰੂ ਪਰਿਵਾਰ ਨਾਲੋਂ ਵਿਛੜ ਕੇ, ਜੀਵਨ ਦੀ ਇਹ 26 ਦਸੰਬਰ 1704 ਈਸਦੀ ਦੀ ਛੇਵੀਂ ਤੇ ਆਖਰੀ ਰਾਤ ਬਹੁਤ ਭਿਆਨਕ ਸੀ।

ਸਵਾਲ : ਸਾਹਿਬਜ਼ਾਦਿਆਂ ਦੇ ਮੂੰਹ ਤੋਂ ਫਤਵੇ ਬਾਰੇ ਸੁਣ ਕੇ ਮਾਂ ਗੁਜਰੀ ਜੀ ਦੇ ਦਿਲ ਉੱਪਰ ਕੀ ਬੀਤੀ ?

= ਸੁਣਕੇ ਦਾਦੀ ਮਾਂ ਦੀਆਂ ਆਂਦਰਾਂ ਨੂੰ ਧੂਹ ਪੈ ਗਈ। ਮਾਸੂਮਾਂ ਨੂੰ ਆਪਣੇ ਢਿੱਡ ਨਾਲ ਲਾਕੇ ਕਿੰਨੀ ਦੇਰ ਖ਼ਾਮੋਸ਼ੀ 'ਚ ਬੈਠੀ ਰਹੀ। ਪਹਾੜ ਜੇਡੇ ਦੁੱਖ ਦੀ ਪੀੜ ਨੂੰ ਅੰਦਰ ਹੀ ਅੰਦਰ ਸਹਿਣ ਲਈ ਆਪਣੇ ਆਪ ਨੂੰ ਤਿਆਰ ਕਰਨ ਲੱਗੀ। ਇੱਕ ਵਾਰ ਫਿਰ ਆਪਣੇ ਪਤੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੇ ਦਰਦ ਨੂੰ ਮਹਿਸੂਸ ਕਰਦੀ ਹੋਈ ਅਕਾਲ ਪੁਰਖ ਅੱਗੇ ਅਰਦਾਸ ਕਰਨ ਲਗ ਪਈ।

ਸਵਾਲ : ਆਖ਼ਰ ਮਾਂ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਨੂੰ ਕੀ ਨਸੀਹਤ ਦਿੱਤੀ ?

= "ਧਰਮ ਨਾਲੋਂ ਆਪਣੀ ਜਾਨ ਨੂੰ ਪਿਆਰੀ ਨਹੀਂ ਸਮਝਣਾ। ਸਿੱਖੀ ਸਿਦਕ ਨਿਭ ਜਾਣਾ ਹੀ ਜੀਵਨ ਦੀ ਵੱਡੀ ਪ੍ਰਾਪਤੀ ਹੈ। ਧਰਮ 'ਚ ਅਟੱਲ ਰਹਿਣਾ ਹੀ ਜੀਵਨ ਦੀ ਯੁਕਤੀ ਹੈ।" ਦੋਵਾਂ ਨੂੰ ਬੁਕ਼ਲ 'ਚ ਲੈ ਕੇ ਮਾਤਾ ਜੀ ਨੇ ਰਹਿਰਾਸ ਸਾਹਿਬ ਤੇ ਕੀਰਤਨ ਸੋਹਿਲੇ ਦਾ ਪਾਠ ਕੀਤਾ। ਸਾਰੀ ਰਾਤ ਪੋਤਿਆਂ ਨੂੰ ਗੋਦ ਵਿੱਚ ਲੈ ਕੇ ਅਕਾਲਪੁਰਖ ਅੱਗੇ ਅਰਦਾਸ ਕਰਦੀ ਰਹੀ।

ਸਵਾਲ : 13 ਪੋਹ ਸਵੇਰੇ ਵੇ਼ਲੇ ਜਦੋ ਮੁੜ ਵਜ਼ੀਰਖ਼ਾਨ ਦੇ ਸਿਪਾਹੀ ਦੋ ਮਾਸੂਮ ਜ਼ਿੰਦਾਂ ਨੂੰ ਠੰਢੇ ਬੁਰਜ ਵਿੱਚੋਂ ਕਚਹਿਰੀ 'ਚ ਲੈ ਕੇ ਆਏ, ਉਸ ਸਮੇਂ ਕੀ ਵਾਪਰਿਆ?

= ਨਵਾਬ ਨੇ ਫਿਰ ਪੁਛਿਆ "ਬੱਚਿਓ! ਜੇ ਕਰ ਤੁਸੀਂ ਅਜੇ ਵੀ ਇਸਲਾਮ ਕਬੂਲ ਕਰ ਲਵੋਂ ਤਾਂ ਤੁਹਾਡੀ ਜਾਨ ਬਖ਼ਸ਼ ਦਿੱਤੀ ਜਾਵੇਗੀ, ਨਹੀਂ ਤਾ ਫ਼ਤਵੇ ਅਨੁਸਾਰ ਨੀਹਾਂ ਵਿੱਚ ਚਿਣ ਕੇ ਮਾਰ ਮੁਕਾ ਦਿੱਤਾ ਜਾਵੇਗਾ।"

ਸਵਾਲ : ਸਾਹਿਬਜ਼ਾਦਿਆਂ ਨੇ ਨਵਾਬ ਵਜ਼ੀਰ ਖ਼ਾਨ ਦਾ ਹੁਕਮ ਸੁਣ ਕੇ ਕੀ ਜਵਾਬ ਦਿੱਤਾ?

= ਮਾਸੂਮ ਜ਼ਿੰਦਾਂ ਨੇ ਆਪਣੀ ਦਾਦੀ ਮਾਂ ਦੀਆਂ ਨਸੀਹਤਾਂ - ਦਾਦਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਕੁਰਬਾਨੀ ਅਤੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤਿਆਗ ਨੂੰ ਮੁੱਖ ਰੱਖ ਕੇ ਕਿਹਾ "ਅਸੀਂ ਮਰਨ ਲਈ ਤਿਆਰ ਹਾਂ।"

ਸਵਾਲ : ਸਾਹਿਬਜ਼ਾਦਿਆਂ ਦਾ ਜਵਾਬ ਸੁਣ ਕੇ ਵਜ਼ੀਰ ਖਾਂ ਨੇ ਫ਼ਤਵੇ ਅਨੁਸਾਰ ਅਗਲਾ ਹੁਕਮ ਕੀ ਕੀਤਾ?

= ਉਸਨੇ ਮਿਸਤਰੀ ਨੂੰ ਅਡੋਲ ਖੜੇ ਸਾਹਿਬਜ਼ਾਦਿਆਂ ਨੂੰ ਨੀਹਾਂ 'ਚ ਚਿਣਨ ਲਈ ਕਿਹਾ, ਨਾ਼ਲ ਹੀ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਜਲਾਦਾਂ ਨੂੰ ਸਿਰ ਕਲਮ ਕਰਨ ਦਾ ਹੁਕਮ ਕੀਤਾ।

ਸਵਾਲ : ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਦੋਵੇਂ ਜਲਾਦਾਂ ਨੇ ਵਜ਼ੀਰ ਖ਼ਾਨ ਦਾ ਹੁਕਮ ਕਿਵੇਂ ਮੰਨਿਆ?

= ਜਦੋਂ ਕੰਧਾਂ 'ਚ ਚਿਣਨ ਸਮੇਂ ਕੰਧ ਦੀਆਂ ਇੱਟਾਂ ਸਾਹਿਬਜ਼ਾਦਿਆਂ ਦੇ ਮੋਢਿਆਂ ਤੱਕ ਆ ਗਈਆਂ, ਕੋਮਲ ਚਿਹਰੇ ਸ਼ਾਂਤ ਹੋ ਗਏ, ਪਰ ਆਪਣੇ ਸਿਦਕ ਉਪਰ ਕਾਇਮ ਰਹੇ। ਉਪਰੰਤ ਜਲਾਦਾਂ ਨੇ ਬਹੁਤ ਹੀ ਕਰੂਰਤਾ ਨਾਲ ਮਾਸੂਮ ਸਾਹਿਬਜ਼ਾਦਿਆਂ ਦੀਆਂ ਸਾਹ ਰਗਾਂ ਨੂੰ ਤਲਵਾਰ ਦੇ ਵਾਰ ਨਾ਼ਲ ਸ਼ਹੀਦ ਕਰ ਦਿੱਤਾ, ਉਹਨਾਂ ਦੇ ਚਿਹਰੇ ਅੱਗੇ ਨੂੰ ਲਟਕ ਗਏ।

ਸਵਾਲ : ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਸਮੇਂ ਦਿਨ ਦਾ ਕੀ ਵਕਤ ਸੀ?

= ਸ਼ਹੀਦੀ ਸਮੇਂ (13 ਪੋਹ) 26 ਦਸੰਬਰ 1704 ਈਸਵੀ ਨੂੰ ਦਿਨ ਦਾ ਸਵਾ ਪਹਿਰ ਬੀਤ ਚੁਕਿਆ ਸੀ। ਦਿਨ ਦੇ ਸਵਾ ਪਹਿਰ ਮੁਤਾਬਿਕ 9 ਵੱਜ ਕੇ 45 ਮਿੰਟ ਹੋ ਚੁੱਕੇ ਸਨ।

ਸਵਾਲ : ਪੋਤਰਿਆਂ ਦੀ ਸ਼ਹੀਦੀ ਬਾਰੇ ਸੁਣ ਕੇ ਮਾਂ ਗੁਜਰੀ ਉੱਪਰ ਕੀ ਬੀਤਿਆਂ?

= ਠੰਢੇ ਬੁਰਜ ਵਿੱਚ ਕੈਦ ਮਾਂ ਗੁਜਰੀ ਜੀ ਨੂੰ ਗੁਰੂ ਘਰ ਦੇ ਅਨਿੰਨ ਸਿੱਖ, ਦੀਵਾਨ ਟੋਡਰ ਮੱਲ ਨੇ 13 ਪੋਹ ਦੀ ਸ਼ਾਮ ਨੂੰ ਜਦੋਂ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਬਾਰੇ ਜਾਣਕਾਰੀ ਦਿੱਤੀ ਤਾਂ ਉਹ ਆਪਣੇ ਪਤੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸਾਹਿਬਜ਼ਾਦਿਆਂ 'ਚ ਅਭੇਦ ਹੋ ਕੇ ਇਸ ਲੋਕ ਨੂੰ ਤਿਆਗ ਬ੍ਰਹਮਲੀਨ ਹੋ ਗਈ।

ਸਾਹਿਬਜ਼ਾਦਿਆਂ ਦੀ ਸ਼ਹਾਦਤ ਮੌਕੇ ਦੀਵਾਨ ਟੋਡਰ ਮੱਲ ਅਤੇ ਭਾਈ ਜੋਧ ਸਿੰਘ ਸਹਿਰੋਂ ਬਾਹਰ ਸਨ।

(ਬਾਕੀ ਅਗਲੇ ਸਫੇ 'ਤੇ)

# ਕ੍ਰਿਸਮਸ: ਈਸਾ ਦਾ ਜਨਮ ਦਿਨ ਜਾਂ ਮੌਸਮੀ ਮੇਲਾ

**ਸਵ. ਮੁਹਿੰਦਰ ਸਿੰਘ ਘੱਗ ਦਾ ਇਕ ਪੁਰਾਣਾ ਲੇਖ**

ਕ੍ਰਿਸਮਸ ਸੰਸਾਰ ਵਿਚ ਸਭ ਨਾਲੋਂ ਮਹਿੰਗਾ ਅਤੇ ਸਭ ਨਾਲੋਂ ਵੱਡੇ ਪੱਧਰ ਤੇ ਮਨਾਏ ਜਾਣ ਵਾਲਾ ਮੇਲਾ ਹੋਣ ਦੇ ਨਾਲ ਨਾਲ ਕਈ ਦਫਾ ਵਿਵਾਦਾਂ ਦੇ ਘੇਰੇ ਵਿਚ ਵੀ ਆ ਜਾਂਦਾ ਹੈ। ਸੰਨ 2005 ਵਿਚ ਬਹੁਤ ਸਾਰੇ ਲੋਕਾਂ ਦੇ ਦਬਾਅ ਥੱਲੇ ਵਾਲਮਾਰਟ ਅਤੇ ਹੋਰ ਸਟੋਰਾਂ ਨੇ ਆਪਣੇ ਸਟੋਰਾਂ ਤੇ ਕ੍ਰਿਸਮਸ ਦਾ ਬੈਨਰ ਲਾਉਣ ਦੀ ਬਜਾਏ ਹੈਪੀ ਹੋਲੀਡੇ ਦੇ ਬੈਨਰ ਲਟਕਾਏ ਤਾਂ ਕ੍ਰਿਸਚੀਅਨ ਭਾਈਚਾਰੇ ਨੇ ਰੋਸ ਵਜੋਂ ਸਟੋਰਾਂ ਨੂੰ ਪੱਤਰ ਲਿਖੇ। ਅਖਬਾਰਾਂ ਰਾਹੀਂ ਰੋਸ ਪ੍ਰਗਟ ਕੀਤਾ। ਸਟੋਰਾਂ ਦਾ ਬਾਈਕਾਟ ਕੀਤਾ, ਜਿਸ ਨਾਲ ਸਟੋਰਾਂ ਦੀ ਸੇਲ ਨੂੰ ਰਕ ਪਿਆ।

ਵਿਉਪਾਰੀ ਤਬਕਾ ਤਾਂ 'ਸੇਲ ਬੋਟ' ਦੀ ਨਿਆਈਂ ਹੁੰਦਾ ਹੈ। ਆਪਣੀ ਜੇਬ ਖਾਤਰ ਉਹ ਹਵਾ ਦੇ ਬਦਲਦੇ ਰੁਖ ਨਾਲ ਆਪਣੀ ਦਿਸ਼ਾ ਬਦਲ ਲੈਂਦਾ ਹੈ। ਵਕਤ ਦੀ ਨਜ਼ਾਕਤ ਨੂੰ ਸਮਝਦਿਆਂ ਸੰਨ 2006 ਤੋਂ ਹੀ ਹੋਲੀਡੇਜ਼ ਦੇ ਬੈਨਰ ਮੈਰੀ ਕ੍ਰਿਸਮਸ ਵਿਚ ਬਦਲ ਗਏ ਅਤੇ ਸਟੋਰ ਦੇ ਅੰਦਰ ਜਾਂਦਿਆਂ ਹੀ 'ਜਿੰਗਲ ਬੈਲ, ਜਿੰਗਲ ਬੈਲ' ਦੀਆਂ ਧੁਨਾਂ ਗਾਹਕਾਂ ਦਾ ਸਵਾਗਤ ਕਰਨ ਲੱਗ ਪਈਆਂ।

### ਕ੍ਰਿਸਮਸ ਇਕ ਮੌਸਮੀ ਮੇਲਾ

ਕ੍ਰਿਸਮਿਸ ਇਕ ਮੌਸਮੀ ਮੇਲਾ ਹੈ ਇਸ ਦਾ ਸਬੰਧ ਸੂਰਜ ਨਾਲ ਹੈ। ਜਦ ਬਾਕੀ ਮੇਲਿਆਂ ਵਾਂਗ ਇਸ 'ਤੇ ਵੀ ਧਰਮ ਨੇ ਚਾਦਰ ਪਾ ਲਈ ਤਾਂ ਕ੍ਰਿਸਚੀਅਨ ਭਾਈਚਾਰਾ ਇਸ ਮੌਸਮੀ ਮੇਲੇ ਨੂੰ ਈਸਾ ਦੇ ਜਨਮ ਦਿਨ ਵਜੋਂ ਮਨਾਉਣ ਲੱਗਾ। ਹੌਲੀ ਹੌਲੀ ਕ੍ਰਿਸਚੀਅਨ ਭਾਈਚਾਰਾ ਇੱਡਾ ਹਾਵੀ ਹੋ ਗਿਆ ਕਿ ਇਸ ਮੇਲੇ ਦੀ ਅਸਲ ਹੋਂਦ ਧੁੰਦਲੀ ਹੋ ਗਈ। ਇਤਿਹਾਸ ਗਵਾਹ ਹੈ ਕਿ ਤਾਕਤਵਰ ਹਮੇਸ਼ਾ ਹੀ ਇਤਿਹਾਸ ਨੂੰ ਆਪਣੀ ਮਰਜ਼ੀ ਮੁਤਾਬਕ ਢਾਲਦਾ ਆਇਆ ਹੈ। ਭਾਰਤ ਵਿਚ ਇਸਦੀ ਤਾਜ਼ਾ ਮਿਸਾਲ ਭਾਰਤੀ ਜਨਤਾ ਪਾਰਟੀ (ਬੀਜੇਪੀ) ਅਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਹੈ ਜੋ ਇਤਿਹਾਸ ਨੂੰ ਗੇਰੂਆ ਕਰਨ ਦੇ ਯਤਨ ਕਰ ਰਹੇ ਹਨ।

ਪੁਰਾਤਨ ਮਨੁੱਖ ਧਰਤੀ ਨੂੰ ਧੁਰਾ ਮਨ ਕੇ ਚੰਦ ਸੂਰਜ ਨੂੰ ਧਰਤੀ ਦੁਆਲੇ ਘੁੰਮਦਾ ਮੰਨਦਾ ਸੀ। ਵਧਦੇ ਘਟਦੇ ਚੰਦਰਮਾ ਨੂੰ ਤੱਕ ਕੇ ਉਸ ਨੇ ਸਮੇਂ ਦੇ ਮਾਪ ਤੋਲ ਲਈ ਕੈਲੰਡਰ ਬਣਾ ਲਿਆ। ਕੁਝ ਮੇਲੇ ਉਸਨੇ ਚੰਦਰਮਾ ਦੇ ਵਧਣ ਘਟਣ ਨਾਲ ਅਤੇ ਕੁਝ ਚੰਦਰਮਾ ਨੂੰ ਕੈਲੰਡਰ ਮੰਨ ਕੇ ਵਾਪਰੀਆਂ ਘਟਨਾਵਾਂ ਦੇ ਆਧਾਰ ਤੇ ਨੀਅਤ ਕਰ ਲਏ। ਜਿਵੇਂ ਮੱਸਿਆ, ਪੁੰਨਿਆਂ, ਦੀਪਾਵਲੀ, ਈਦ ਮੁਬਾਰਕ, ਰਖੜ ਪੁੰਨਿਆਂ, ਕਰਵਾ ਚੌਥ ਅਤੇ ਦੁਸਹਿਰਾ ਵਗੈਰਾ।

ਕੁਝ ਮੇਲੇ ਸੂਰਜ ਨਾਲ ਜੁੜੇ ਹੋਏ ਹਨ। ਅੱਜ ਅਸੀਂ ਸਿਰਫ ਇਕ ਮੇਲੇ ਦੀ ਗੱਲ ਕਰਾਂਗੇ, ਜਿਸ ਨੂੰ ਕ੍ਰਿਸਮਸ ਵਜੋਂ ਮਨਾਇਆ ਜਾਂਦਾ ਹੈ। ਸੂਰਜ ਆਕਾਰ ਵਿਚ ਤਾਂ ਇਕੋ ਸਮਾਨ ਰਹਿੰਦਾ ਹੈ ਪਰ ਇਸ ਦੀ ਹਾਜ਼ਰੀ ਦਾ ਸਮਾਂ ਬਦਲਣ ਨਾਲ ਕਦੇ ਅੰਤਾਂ ਦੀ ਗਰਮੀ ਅਤੇ ਕਦੇ ਠੁਰ ਠੁਰ ਕਰਦਾ ਪਾਲਾ। ਭਰ ਜਵਾਨ ਸੂਰਜ ਦੀ ਗਰਮੀ ਤੋਂ ਬਚਣ ਲਈ ਮਨੁੱਖ ਕੁੱਲੀਆਂ ਬਣਾ ਸਕਦਾ ਸੀ। ਉਸ ਪਾਸ ਛਾਂ ਲਈ ਦਰਖਤ ਸਨ। ਦਰਿਆਵਾਂ, ਟੋਭਿਆਂ ਵਿਚ ਵੀ ਚੁੱਭੀਆਂ ਲਾ ਸਕਦਾ ਸੀ। ਸੂਰਜ ਦੇਵਤੇ ਨੂੰ ਸ਼ਾਂਤ ਕਰਨ ਲਈ ਮਨੁੱਖ ਨੇ ਸਵੇਰੇ ਉੱਠ ਕੇ ਸੂਰਜ ਨੂੰ ਪਾਣੀ ਅਰਪਨ ਕਰਨਾ ਸ਼ੁਰੂ ਕੀਤਾ। (ਸ਼ਿਵਲਿੰਗ ਤੇ ਪਾਣੀ ਜਾਂ ਦੁੱਧ ਪਾਉਣਾ ਵੀ ਕਾਮਦੇਵ ਨੂੰ ਸ਼ਾਂਤ ਰੱਖਣ ਲਈ ਹੀ ਹੈ)। ਸੂਰਜ ਅਲੋਪ ਹੁੰਦਿਆਂ ਹੀ ਠਰੂੰ ਠਰੂੰ ਕਰਦੀ ਸਰਦੀ ਜਦ ਆ ਡੇਰਾ ਜਮਾਉਂਦੀ ਤਾਂ ਠੰਡ ਤੋਂ ਬਚਣ ਲਈ ਮਨੁੱਖ ਪਾਸ ਸਿਰਫ ਅੱਗ ਦਾ ਸਹਾਰਾ ਸੀ। ਉਹ ਵੀ ਤਾਂ ਅੱਗ ਵਾਲੇ ਪਾਸੇ ਨਿੱਘ ਹੁੰਦਾ, ਬਾਕੀ ਸਾਰਾ ਜਿਸਮ ਤਾਂ ਨਿੱਘ ਵਿਚ ਨਹੀਂ ਲਪੇਟਿਆ ਜਾ ਸਕਦਾ ਸੀ। ਜਦ ਕਦੀ ਧੁੰਦ ਕਾਰਨ ਸੂਰਜ ਭਗਵਾਨ ਦੇ ਕਈ ਦਿਨ ਦਰਸ਼ਣ ਹੀ ਨਾ ਹੁੰਦੇ ਤਾਂ ਮਨੁੱਖ ਨੂੰ ਘਬਰਾਹਟ ਹੋਣੀ ਸੁਭਾਵਕ ਹੀ ਸੀ। ਉੱਪਰੋਂ ਪੁਜਾਰੀ ਤਬਕਾ ਦੱਸਦਾ ਕਿ ਸੂਰਜ ਦੇਵਤਾ ਤਾਂ ਧੁੰਦ ਦੇ ਦੈਂਤ ਨਾਲ ਜੰਗ ਵਿਚ ਰੁੱਝਾ ਹੋਇਆ ਹੈ। ਉਹ ਦਿਨੋਂ ਦਿਨ ਕਮਜ਼ੋਰ ਹੋ ਰਿਹਾ ਹੈ। ਸਾਨੂੰ ਉਸਦੀ ਮਦਦ ਲਈ ਪੂਜਾ ਪਾਠ ਕਰਨਾ ਚਾਹੀਦਾ ਹੈ। ਕੋਈ ਕੁਰਬਾਨੀ ਦੇਣੀ ਚਾਹੀਦੀ ਹੈ।

ਸਾਡੇ ਪੂਰਵਜਾਂ ਪਾਸ ਵਿਗਿਆਨਕ ਖੋਜ ਤਾਂ ਹੈ ਨਹੀਂ ਸੀ, ਉਹਨਾਂ ਦਾ ਜੀਵਨ ਤਾਂ ਮਿਥਿਹਾਸ ਸਹਾਰੇ ਚੱਲ ਰਿਹਾ ਸੀ। ਕਮਜ਼ੋਰ ਹੋਏ ਸੂਰਜ ਨੂੰ ਮਦਦ ਦੇਣ ਦੀ ਪਰਥਾ ਕੋਈ ਚਾਰ ਹਜ਼ਾਰ ਸਾਲ ਪੁਰਾਣੀ ਹੈ। ਮੈਸੋਪਟੇਮੀਆਂ ਫਰਾਤ ਅਤੇ ਟਾਈਗਰਸ ਦਰਿਆਵਾਂ ਦੇ ਵਿਚਾਲੇ ਦੇ ਇਲਾਕੇ (ਟਾਈਗਰਸ ਦਰਿਆ ਇਰਾਕ ਵਿਚ ਹੈ ਅਤੇ ਫਰਾਤ ਈਰਾਨ ਵਿਚ) ਦੇ ਇਤਿਹਾਸ ਵਿੱਚੋਂ ਕੋਈ ਚਾਰ ਹਜ਼ਾਰ ਸਾਲ ਤੋਂ ਸੂਰਜ ਦੀ ਮਦਦ ਲਈ ਕੀਤੇ ਉਪਰਾਲੇ ਦੀ ਜਾਣਕਾਰੀ ਮਿਲਦੀ ਹੈ। ਜਦ ਸੂਰਜ ਘੱਟ ਤੋਂ ਘੱਟ ਸਮੇਂ ਲਈ ਹਾਜ਼ਰੀ ਭਰਨ ਲੱਗਾ ਤਾਂ ਉਸਦੀ ਸਹਾਇਤਾ ਲਈ ਮੈਸੋਪਟੇਮੀਆਂ ਦਾ ਰਾਜਾ ਆਪਣੇ ਸਭ ਤੋਂ ਤਾਕਤਵਰ ਦੇਵਤੇ ਮਰਡੂਕ ਦੀ ਪੂਜਾ ਕਰਨ ਉਸ ਦੇ ਮੰਦਰ ਜਾਂਦਾ। ਪੂਜਾ ਤੋਂ ਉਪਰੰਤ ਰਾਜੇ ਦੀ ਕੁਰਬਾਨੀ ਦੇਣੀ ਹੁੰਦੀ ਸੀ ਤਾਂ ਕਿ ਉਹ ਮਰਡੂਕ ਦੇਵਤੇ ਨਾਲ ਰਲ ਕੇ ਸੂਰਜ ਨੂੰ ਧੁੰਦ ਦੇ ਦੈਂਤ ਤੋਂ ਛੁਡਵਾ ਲਵੇ। ਰਾਜੇ ਦੀ ਜਾਨ ਬਚਾਉਣ ਲਈ ਰਾਜੇ ਦੀ ਥਾਂ ਕਿਸੇ ਅਪਰਾਧੀ ਦੀ ਚੋਣ ਹੁੰਦੀ। ਉਸ ਨੂੰ ਰਾਜੇ ਵਰਗੇ ਬਸਤਰ ਪੁਆਏ ਜਾਂਦੇ। ਰਾਜੇ ਵਰਗੀਆਂ ਸਭ ਸੁਵਿਧਾਵਾਂ ਹੁੰਦੀਆਂ। ਰਾਜੇ ਜਿੰਨੀ ਇਜ਼ਤ ਹੁੰਦੀ। ਪੂਜਾ ਤੋਂ ਬਾਅਦ ਰਾਜੇ ਵਾਲੀ ਪੁਸ਼ਾਕ ਉਤਾਰ ਕੇ ਉਸ ਅਪਰਾਧੀ ਦੀ ਕੁਰਬਾਨੀ ਦੇ ਦਿੱਤੀ ਜਾਂਦੀ। ਇਹ ਸਾਰੀ ਪ੍ਰਕਿਰਿਆ ਬਾਰਾਂ ਦਸੰਬਰ ਤੋਂ ਸ਼ੁਰੂ ਹੁੰਦੀ ਅਤੇ ਬਾਰਾਂ ਦਿਨ ਚਲਦੀ।

ਇਸੇ ਤਰ੍ਹਾਂ ਹੀ ਪਰਸ਼ੀਅਨ ਅਤੇ ਬਿਬਲੋਨੀਅਨ ਲੋਕ ਇਹੋ ਜਿਹੇ ਉਪਰਾਲੇ ਕਰਦੇ। ਫਰਕ ਸਿਰਫ ਇੰਨਾ ਹੁੰਦਾ ਕਿ ਓਨੇ ਦਿਨ ਮਾਲਕ ਗੁਲਾਮ ਹੁੰਦੇ ਅਤੇ ਗੁਲਾਮ ਮਾਲਕ। ਮਾਲਕਾਂ ਨੂੰ ਗੁਲਾਮਾਂ ਦੀ ਤਾਬਿਦਾਰੀ ਕਰਨੀ ਪੈਂਦੀ। ਇਸ ਮੇਲੇ ਦੀ ਪੂਜਾ ਪਾਠ ਨੂੰ ਉਹ ਸਾਕਿਹੀਆ ਆਖਦੇ।

ਸਕੈਂਡੇਨੇਵੀਆ ਵਿਚ ਸੂਰਜ ਕੋਈ ਪੈਂਤੀ ਦਿਨ ਨਜ਼ਰ ਹੀ ਨਹੀਂ ਆਉਂਦਾ। ਤੀਹ ਕੁ ਦਿਨ ਬੀਤਣ ਬਾਅਦ ਕੁਝ ਲੋਕ ਪਹਾੜ ਦੀ ਚੋਟੀ ਤੇ ਚੜ੍ਹ ਕੇ ਦੇਖਦੇ। ਜਿਸ ਦਿਨ ਉਹਨਾਂ ਨੂੰ ਸੂਰਜ ਦੀ ਲੋ ਦਿਸਦੀ ਤਾਂ ਉਹ ਹੇਠਾਂ ਉੱਤਰ ਕੇ ਉਸਦੀ ਖਬਰ ਦਿੰਦੇ। ਲੋਕੀਂ ਵੱਡੇ ਵੱਡੇ ਲੱਕੜਾਂ ਦੇ ਮੁੱਢ ਰੱਖ ਕੇ ਧੂਣੀ ਬਾਲਦੇ। ਉਸ ਦੁਆਲੇ ਨੱਚਦੇ ਗਾਉਂਦੇ ਅਤੇ ਇਕੱਠੇ ਖਾਂਦੇ ਪੀਂਦੇ। ਇਸੇ ਤਰ੍ਹਾਂ ਗਰੀਕ, ਜਰਮਨ ਅਤੇ ਹੋਰ ਬਹੁਤ ਸਾਰੇ ਲੋਕ ਸੂਰਜ ਨੂੰ ਮੁੜ ਸੁਰਜੀਤ ਕਰਨ ਲਈ ਆਪੋ ਆਪਣੇ ਢੰਗ ਵਰਤਦੇ।

ਸੂਰਜ ਨੂੰ ਮੁੜ ਸੁਰਜੀਤ ਹੋਇਆ ਦੇਖ ਕੇ ਖੁਸ਼ੀਆਂ ਮਨਾਈਆਂ ਜਾਂਦੀਆਂ। ਸੂਰਜ ਦੇਵਤੇ ਦਾ ਨਵਾਂ ਜਨਮ ਗਿਣਿਆ ਜਾਂਦਾ। ਲੋਕ ਇਹਨਾਂ ਦਿਨਾਂ ਵਿਚ ਘਰਾਂ ਨੂੰ ਸ਼ਿੰਗਾਰਦੇ ਅਤੇ ਗਰਮੀਆਂ ਵਿਚ ਪੈਦਾ ਹੋਏ ਅੰਗੂਰਾਂ ਦੀ ਫਸਲ ਤੋਂ ਤਿਆਰ ਕੀਤੀ ਵਾਈਨ ਦੀ ਖੁੱਲ੍ਹ ਕੇ ਵਰਤੋਂ ਹੁੰਦੀ। ਸਿਆਲ ਰੁੱਤੇ ਜਦ ਸਾਰੀ ਬਨਸਪਤੀ ਸੁੱਕ ਜਾਂਦੀ ਤਾਂ ਬਹੁਤ ਸਾਰੇ ਜਾਨਵਰ ਵੀ ਬੁੱਚੜ ਕਰ ਲਏ ਜਾਂਦੇ; ਇਸ ਲਈ ਮਾਸ ਦੀ ਵੀ ਕਾਫੀ ਵਰਤੋਂ ਹੁੰਦੀ। ਲੋਕ ਸੂਰਜ ਦੇ ਨਵੇਂ ਜਨਮ ਦੀ ਖੁਸ਼ੀ ਵਿਚ ਚੰਗਾ ਚੋਖਾ ਖਾਂਦੇ; ਨਚਦੇ, ਗਾਉਂਦੇ। ਇਹ ਇਸ ਮੇਲੇ ਦਾ ਇਤਿਹਾਸਕ ਪੱਖ ਹੈ।

### ਕ੍ਰਿਸਮਸ ਕ੍ਰਾਈਸਟ ਦਾ ਜਨਮ ਦਿਨ

ਈਸਾ ਮਸੀਹ ਨੂੰ ਕ੍ਰਾਈਸਟ ਵੀ ਕਿਹਾ ਜਾਂਦਾ ਹੈ। ਉਸ ਦੇ ਪੈਰੋਕਾਰਾਂ ਨੂੰ ਕ੍ਰਿਸਚੀਅਨ ਅਤੇ ਉਸ ਦੇ ਜਨਮ ਦਿਨ ਤੇ ਮਨਾਏ ਗਏ ਜਸ਼ਨ ਨੂੰ ਕ੍ਰਿਸਮਸ। ਈਸਾ ਮਸੀਹ ਦਾ ਜਨਮ ਕਦੋਂ ਹੋਇਆ, ਇਸ ਦਾ ਕੋਈ ਵੀ ਸਬੂਤ ਨਹੀਂ ਮਿਲਦਾ। ਈਸਾ ਮਸੀਹ ਦੀ ਸ਼ਹਾਦਤ ਤੋਂ ਬਾਅਦ ਉਸਦੇ ਸੇਵਕਾਂ ਨੂੰ ਬੇਹਦ ਕੁਰਬਾਨੀਆਂ ਦੇਣੀਆਂ ਪਈਆਂ। ਜਨਮ ਦਿਨ ਮਨਾਉਣਾ ਤਾਂ ਇਕ ਪਾਸੇ, ਉਹ ਤਾਂ ਇਕੱਠੇ ਵੀ ਚੋਰੀ ਛਿੱਪੇ ਹੁੰਦੇ ਸਨ।

ਪਾਲ ਯਹੂਦੀ ਸੀ। ਰੋਮ ਦਾ ਜੰਮਪਲ ਹੋਣ ਕਾਰਨ ਰੋਮਨ ਸੀ। ਉਸ ਨੇ ਖੁਦ ਕ੍ਰਾਈਸਟ ਨੂੰ ਦੇਖਿਆ ਤਕ ਨਹੀਂ ਸੀ। ਬਾਕੀ ਯਹੂਦੀਆਂ ਵਾਂਗ ਉਹ ਇਸ ਨਵੇਂ ਧਰਮ ਨਾਲ ਬੇਹਦ ਨਫਰਤ ਕਰਦਾ ਸੀ। ਉਸ ਨੇ ਇਸ ਨਵੇਂ ਧਰਮ ਨੂੰ ਖਤਮ ਕਰਨ ਲਈ ਬਹੁਤ ਸਾਰੇ ਕ੍ਰਿਸਚੀਅਨ ਨੂੰ ਫੜਾਇਆ, ਜਿਹਨਾਂ ਨੂੰ ਬੜੇ ਅਣਮਨੁੱਖੀ ਤਸੀਹੇ ਦਿੱਤੇ ਗਏ। ਬਾਅਦ ਵਿਚ ਉਸ ਨੇ ਖੁਦ ਕ੍ਰਿਸਚੀਅਨ ਧਰਮ ਅਪਨਾ ਲਿਆ। ਹੁਸ਼ਿਆਰ ਸੀ, ਕਾਫੀ ਪੜ੍ਹਿਆ ਹੋਇਆ ਸੀ। ਝਟ ਹੀ ਉਹ ਕ੍ਰਿਸਚੀਅਨਾਂ ਦਾ ਆਗੂ ਬਣ ਗਿਆ। ਉਸਨੇ ਕ੍ਰਿਸਚੀਐਨਿਟੀ ਨੂੰ ਦੂਰ ਦੁਰਾਡੇ ਪ੍ਰਚਾਰਨ ਦਾ ਪਰੋਗਰਾਮ ਉਲੀਕਿਆ। ਇਸ ਨੂੰ ਪਾਲ ਦੀ ਕ੍ਰਿਸਚੀਐਨਿਟੀ ਕਹਿਣਾ ਨਾਵਾਜਬ ਨਹੀਂ ਹੋਵੇਗਾ। ਉਸ ਨੇ ਪੈਜਨਸ ਕੌਮਾਂ ਵਿਚ (ਦੇਵੀ ਦੇਵਤਿਆਂ ਵਿਚ ਵਿਸ਼ਵਾਸ ਰਖਣ ਵਾਲੀਆਂ ਕੌਮਾਂ) ਕ੍ਰਿਸਚੀਐਨਿਟੀ ਦਾ ਪਰਚਾਰ ਕੀਤਾ। ਹਰ ਰੋਜ਼ ਜਨ ਸਾਧਾਰਨ ਉਹਨਾਂ ਨਾਲ ਜੁੜਨ ਲੱਗਾ।

ਫਿਰ ਇਕ ਸਮਾਂ ਅਜਿਹਾ ਵੀ ਆਇਆ ਕਿ ਰੋਮ ਬਾਦਸ਼ਾਹ ਕੋਨਸਟੇਟੀਨ ਇਕ ਲੜਾਈ ਵਿਚ ਹਾਰ ਗਿਆ। ਉਸ ਨੇ ਸੋਚਿਆ ਕਿ ਉਹਨਾਂ ਦੇ ਪੁਰਖਿਆਂ ਦਾ ਰੱਬ ਕਮਜ਼ੋਰ ਹੋ ਚੁੱਕਾ ਹੈ। ਅਗਰ ਉਸਨੂੰ ਅਗਲੀ ਲੜਾਈ ਵਿਚ ਜਿੱਤ ਪਰਾਪਤ ਹੋਈ ਤਾਂ ਉਹ ਇਸ ਨਵੇਂ ਉੱਭਰ ਰਹੇ ਧਰਮ ਨੂੰ ਅਪਨਾ ਲਵੇਗਾ। ਕੁਦਰਤਨ ਉਸ ਦੀ ਜਿੱਤ ਹੋਈ ਅਤੇ ਉਹ ਵੀ ਕ੍ਰਿਸਚੀਅਨ ਬਣ ਗਿਆ। ਰੋਮ ਵਿਚ ਕ੍ਰਿਸਚੀਅਨ ਚਰਚ ਤੋਂ ਪਾਬੰਦੀ ਹਟਾ ਲਈ ਗਈ। ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ (ਰਾਜ ਬਿਨਾਂ ਨਹੀਂ ਧਰਮ ਚਲੇ ਹੈ) ਕੰਮ ਕਰਨ ਲੱਗਾ।

ਕ੍ਰਿਸਚਿਐਨਿਟੀ ਦਾ ਫੈਲਾ ਸ਼ੁਰੂ ਹੋ ਗਿਆ। ਨਵੇਂ ਬਣੇ ਕ੍ਰਿਸਚੀਅਨ ਪੁਰਾਣੇ ਢੰਗ ਨਾਲ ਹੀ ਸੂਰਜ ਦੇ ਆਗਮਨ ਦਾ ਮੇਲਾ ਮੰਨਾਉਣ, ਕ੍ਰਿਸਚੀਅਨ ਰਹਿਬਰਾਂ ਨੂੰ ਇਹ ਮਨਜ਼ੂਰ ਨਹੀਂ ਸੀ। ਕ੍ਰਿਸਚੀਅਨ ਆਗੂਆਂ ਨੇ ਪੈਰੋਕਾਰਾਂ ਨੂੰ ਆਦੇਸ਼ ਦਿੱਤਾ ਕਿ ਇਹ ਮੇਲਾ ਪੈਜਨਸ ਲੋਕਾਂ ਦਾ ਹੈ, ਸਾਨੂੰ ਨਹੀਂ ਮਨਾਉਣਾ ਚਾਹੀਦਾ। ਕੁਝ ਸਫਲਤਾ ਤਾਂ ਹੋਈ ਪਰ ਉਹ ਇਸ ਮੇਲੇ ਨੂੰ ਪੂਰੀ ਤਰ੍ਹਾਂ ਨਾ ਰੋਕ ਸਕੇ। ਕ੍ਰਾਈਸਟ ਦੀ ਸ਼ਹਾਦਤ ਤੋਂ 98 ਸਾਲ ਬਾਅਦ ਫੇਰ ਆਗੂਆਂ ਨੇ ਇਕ ਹੋਰ ਪੈਂਤੜਾ ਅਪਣਾਇਆ ਕਿ ਇਹ ਮੇਲਾ ਚਰਚ ਅੰਦਰ ਬੈਠ ਕੇ ਪੂਜਾ ਪਾਠ ਨਾਲ ਮਨਾਇਆ ਜਾਵੇਗਾ। ਦੂਸਰੀ ਤਬਦੀਲੀ ਕ੍ਰਾਈਸਟ ਦੀ ਸ਼ਹਾਦਤ ਤੋਂ 137 ਸਾਲ ਬਾਅਦ ਰੋਮ ਦੇ ਬਿਸ਼ਪ ਨੇ ਆਪਣੇ ਸੇਵਕਾਂ ਨੂੰ ਪੂਜਾ ਪਾਠ ਦੇ ਨਾਲ ਨਾਲ ਇਕ ਦਾਅਵਤ ਕਰਨ ਲਈ ਵੀ ਆਦੇਸ਼ ਦਿੱਤੇ। ਕ੍ਰਾਈਸਟ ਦੀ ਸ਼ਹਾਦਤ ਤੋਂ ਕੋਈ 350 ਸਾਲ ਬਾਅਦ ਰੋਮ ਦੇ ਬਿਸ਼ਪ ਜੂਲੀਅਸ-1 ਨੇ 25 ਦਸੰਬਰ ਕ੍ਰਾਈਸਟ ਦਾ ਜਨਮ ਦਿਨ ਘੋਸ਼ਤ ਕਰ ਦਿੱਤਾ। ਉਸ ਵਕਤ ਤੋਂ ਕ੍ਰਿਸਮਸ ਕ੍ਰਾਈਸਟ ਦੇ ਜਨਮ ਦਿਨ ਵਜੋਂ ਮਨਾਈ ਜਾਣ ਲੱਗੀ। ਧਰਮ ਦਾ ਰੰਗ ਇੱਡਾ ਗੂੜ੍ਹਾ ਚੜ੍ਹਿਆ ਕਿ ਉਸ ਨੇ ਸਾਰੇ ਪੁਰਾਣੇ ਰੰਗ ਲਕੋ ਲਏ। ਕਈ ਇਤਿਹਾਸਕਾਰਾਂ ਦਾ ਖਿਆਲ ਹੈ ਕਿ ਕ੍ਰਾਈਸਟ ਦੇ ਜਨਮ ਦੀ ਤਾਰੀਖ 25 ਦਸੰਬਰ ਇਸ ਲਈ ਚੁਣੀ ਗਈ ਕਿ ਉਹ ਨਵੇਂ ਬਣੇ ਕ੍ਰਿਸਚੀਅਨਾਂ ਨੂੰ ਪੈਜਨਸ ਮੇਲੇ ਦਾ ਬਦਲ ਦੇ ਸਕਣ। ਉਹ ਮੌਸਮੀ ਮੇਲਾ ਅੱਜ ਸਿਰਫ ਕ੍ਰਿਸਚੀਅਨ ਮੇਲਾ ਬਣ ਕੇ ਰਹਿ ਗਿਆ ਹੈ।

### ਕ੍ਰਿਸਮਿਸ ਦੇ ਬਦਲਦੇ ਰੰਗ

ਕ੍ਰਾਈਸਟ ਸਾਦਗੀ ਪਸੰਦ ਸੀ। ਜ਼ਿਆਦਾ ਤਰ ਉਸ ਦੇ ਪੈਰੋਕਾਰ ਆਰਥਕ ਪੱਖੋਂ ਕਮਜ਼ੋਰ ਸਨ। 25 ਦਸੰਬਰ ਨੂੰ ਉਹ ਕ੍ਰਾਈਸਟ ਦੇ ਜਨਮ ਤੇ ਚਰਚ ਵਿਚ ਇਕੱਠੇ ਹੋ ਕੇ ਖੁਸ਼ੀ ਮਨਾਉਂਦੇ। ਸਮਾਂ ਕਦੇ ਖਲੋਤਾ ਨਹੀਂ ਅਤੇ ਨਾ ਹੀ ਰਸਮੋ ਰਿਵਾਜ। ਇਹ ਵੀ ਸਮੇਂ ਨਾਲ ਬਦਲਦੇ ਰਹਿੰਦੇ ਹਨ। ਯੋਰੋਸ਼ਲਮ ਦੇ ਚੁਗਿਰਦੇ 'ਚੋਂ ਨਿਕਲ ਕ੍ਰਿਸਚਿਐਨੇਟੀ ਜਦ ਦੂਰ ਯੂਰਪ ਅਤੇ ਅਫਰੀਕਾ ਤਕ ਫੈਲੀ ਤਾਂ ਉਹਨਾਂ ਦੇ ਰਸਮੋ ਰਿਵਾਜ ਦਾ ਪਰਛਾਵਾਂ ਵੀ ਕ੍ਰਿਸਮਸ ਤੇ ਪੈਣ ਲੱਗਾ।

### ਕ੍ਰਿਸਮਸ ਟਰੀ ਦੀ ਵਰਤੋਂ

ਅੱਜ ਘਰਾਂ ਵਿਚ ਕ੍ਰਿਸਮਸ ਸੀਜ਼ਨ ਦੀ ਸ਼ੁਰੂਆਤ ਕ੍ਰਿਸਮਸ ਟਰੀ ਨਾਲ ਹੁੰਦੀ ਹੈ। ਵੱਖੋ ਵੱਖਰੇ ਢੰਗਾਂ ਨਾਲ ਸ਼ੰਗਾਰ ਕੇ ਸਿਖਰ ਇਕ ਤਾਰਾ ਟੰਗਿਆ ਜਾਂਦਾ ਹੈ। ਸਭ ਤੋਂ ਪਹਿਲਾਂ ਜਰਮਨ ਵਾਲਿਆਂ ਨੇ ਕੋਈ ਸੋਲ੍ਹਵੀਂ ਸਦੀ ਵਿਚ ਘਰਾਂ ਵਿਚ ਸ਼ੰਗਾਰਿਆ ਕ੍ਰਿਸਮਸ ਟਰੀ ਰੱਖ ਕੇ ਕ੍ਰਿਸਮਸ ਮਨਾਈ। ਉਸ ਦੇ ਹਾਰ ਸ਼ਿੰਗਾਰ ਲਈ ਸੇਬ, ਨਾਸ਼ਪਾਤੀਆਂ ਅਤੇ ਹੋਰ ਫਲ ਵਗੈਰਾ ਦੀ ਵਰਤੋਂ ਕੀਤੀ ਗਈ। ਬਾਅਦ ਵਿਚ ਹੋਰ ਕਈ ਕਿਸਮ ਦਾ ਚਮਕਦਾ ਦਮਕਦਾ ਹਾਰ ਸ਼ਿੰਗਾਰ ਬਾਜ਼ਾਰਾਂ ਵਿਚ ਆ ਗਿਆ। ਕਹਿੰਦੇ ਨੇ ਲੂਥਰ ਨਾਮ ਦਾ ਇਕ ਪਰੋਟੈਸਟੈਂਟ ਜਰਮਨ ਪਾਦਰੀ ਨੂੰ ਇਕ ਰਾਤ ਇਕ ਸਦਾਬਹਾਰ ਰਹਿਣ ਵਾਲੇ ਬੂਟੇ ਦੀਆਂ ਪਤਿਆਂ ਵਿਚ ਦੀ ਟਿਮਟਿਮਾਉਂਦੇ ਅਸਮਾਨੀ ਤਾਰੇ ਬੇਹਦ ਪਸੰਦ ਆਏ ਤਾਂ ਘਰ ਆ ਕੇ ਉਸ ਨੇ ਤਾਰਾਂ ਨਾਲ ਕ੍ਰਿਸਮਸ ਟਰੀ ਦੀਆਂ ਟਾਹਣਾਂ ਵਿਚ ਜਲਦੀਆਂ ਮੋਮਬਤੀਆਂ ਬੰਨੀਆਂ। ਅੱਜ ਬਿਜਲੀ ਦੇ ਰੰਗ ਬਰੰਗੇ ਬਲਬ ਸ਼ਿੰਗਾਰ ਦਾ ਇਕ ਜ਼ਰੂਰੀ ਹਿੱਸਾ ਬਣ ਗਏ ਹਨ।

ਅਠਾਰਾਂ ਸੌ ਛਤਾਲੀ ਦੇ ਕ੍ਰਿਸਮਸ ਸੀਜ਼ਨ ਦੌਰਾਨ ਜਦ ਬ੍ਰਿਟਿਸ਼ ਲੋਕਾਂ ਨੇ ਆਪਣੀ ਹਰਦਿਲ ਅਜ਼ੀਜ਼ ਮਲਕਾ ਵਿਕਟੋਰੀਆ ਅਤੇ ਪ੍ਰਿੰਸ ਐਲਬਰਟ ਨੂੰ ਆਪਣੇ ਬੱਚਿਆਂ ਸਮੇਤ ਸ਼ਿੰਗਾਰੇ ਹੋਏ ਕ੍ਰਿਸਮਸ ਟਰੀ ਪਾਸ ਲੰਡਨ ਨਿਊਜ਼ ਵਿਚ ਛਪੀ ਤਸਵੀਰ ਵਿਚ ਦੇਖਿਆ ਤਾਂ ਸਾਰੇ ਇੰਗਲੈਂਡ ਵਿਚ ਕ੍ਰਿਸਮਸ ਟਰੀ ਕ੍ਰਿਸਮਸ ਦਾ ਜ਼ਰੂਰੀ ਅੰਗ ਬਣ ਗਿਆ। ਜਰਮਨ ਪਿਛੋਕੜ ਵਾਲੇ ਅਮਰੀਕਨ ਵਾਸੀਆਂ ਨੇ ਅਮਰੀਕਾ ਦੀ ਧਰਤੀ ਤੇ ਕੋਈ ਸਤਾਰਾਂ ਸੌ ਸੰਨਤਾਲੀ ਵਿਚ ਹੀ ਕ੍ਰਿਸਮਸ ਟਰੀ ਨੂੰ ਕ੍ਰਿਸਮਸ ਦਾ ਅੰਗ ਬਣਾ ਲਿਆ ਸੀ ਪਰ ਨਿਊ ਇੰਗਲੈਂਡ ਸਟੇਟ ਦੇ ਪਿਊਰੀਟਨ ਕ੍ਰਿਸਚੀਅਨ (ਕੈਥੋਲਿਕ, ਪਰੋਟੈਸਟੈਂਟ, ਪਿਉਰਟਨ, ਲੂਥਰਨ; ਕ੍ਰਿਸਚਿਐਨੇਟੀ ਦੇ ਵੱਖ ਵੱਖ ਫਿਰਕੇ) ਕ੍ਰਿਸਮਸ ਟਰੀ ਅਤੇ ਗਲੀਆਂ ਵਿਚ ਗੀਤ ਗਾਉਣ ਅਤੇ ਹੋਰ ਸਾਰੇ ਧੂਮ ਧੜੱਕੇ ਨੂੰ ਪੇਜਨ ਧਰਮ ਦਾ ਹਿੱਸਾ ਸਮਝਦੇ ਸਨ। ਇਹ ਸਭ ਰਸਮਾਂ ਕ੍ਰਾਈਸਟ ਤੋਂ ਪਹਿਲਾਂ ਜਰਮਨ ਵਾਲੇ ਸਰਦ ਰੁੱਤੇ ਜਦੋਂ ਹਰ ਪਾਸੇ ਸੋਕਾ ਹੀ ਸੋਕਾ ਨਜ਼ਰ ਆਉਂਦਾ ਸੀ, ਦਾਨਵਾਂ ਤੋਂ ਆਪਣੇ ਘਰਾਂ ਨੂੰ ਬਚਾਉਣ ਲਈ ਆਪਣੇ ਘਰਾਂ ਅੱਗੇ ਸਦਾ ਬਹਾਰ ਦੀਆਂ ਟਾਹਣਾਂ ਟੰਗਦੇ ਸਨ। ਇਸੇ ਤਰ੍ਹਾਂ ਦੇ ਕੁਝ ਰਿਵਾਜ ਰੋਮ ਵਾਲਿਆਂ ਅਤੇ ਮਿਸਰ ਵਾਲਿਆਂ ਵਿਚ ਵੀ ਪ੍ਰਚਲਤ ਸਨ। ਰੋਮ ਵਾਲੇ ਤਾਂ ਸਾਡੀ ਲੋਹੜੀ ਦੇ ਤਿਉਹਾਰ ਵਾਂਗ ਗਲੀਆਂ ਵਿਚ ਗਾਉਂਦੇ ਫਿਰਦੇ ਹੁੰਦੇ ਸਨ। ਨਿਊ ਇੰਗਲੈਂਡ ਸਟੇਟ ਦੇ ਗਵਰਨਰ ਨੇ ਇਹਨਾਂ ਪੈਜਨ ਰਿਵਾਜਾਂ 'ਤੇ ਪਾਬੰਦੀ ਲਗਾ ਦਿੱਤੀ। ਹੋਰ ਜਰਮਨ ਆਉਣ ਨਾਲ ਹੌਲੀ ਹੌਲੀ ਕੋਈ ਉਨੀਵੀਂ ਸਦੀ ਵਿਚ ਕ੍ਰਿਸਮਸ ਦੌਰਾਨ ਕ੍ਰਿਸਮਸ ਟਰੀ ਦੀ ਆਮ ਵਰਤੋਂ ਹੋਣ ਲੱਗੀ। ਅੱਜ ਅਮਰੀਕਾ ਇਕ ਧਰਮ ਨਿਰਪੱਖ ਦੇਸ ਹੋਣ ਦੇ ਬਾਵਜੂਦ ਕ੍ਰਿਸਮਸ ਮੌਕੇ ਸਰਕਾਰੀ ਤੌਰ 'ਤੇ ਵਾਸ਼ਿੰਗਟਨ ਵਿਚ ਕੋਈ ਅੱਸੀ ਫੁੱਟ ਉੱਚਾ ਕ੍ਰਿਸਮਸ ਟਰੀ ਲਗਾਉਂਦਾ ਹੈ ਅਤੇ ਅਮਰੀਕਾ ਦਾ ਪਰਧਾਨ ਉਸ 'ਤੇ ਲੱਗੀਆਂ ਬਤੀਆਂ ਜਗਾਉਣ ਲਈ ਸਵਿੱਚ ਆਨ ਕਰਦਾ ਹੈ।




### ਸੈਂਟਾ ਕਲਾਸ ਦੀ ਆਮਦ

ਕ੍ਰਿਸਮਸ ਵਿਚ ਸੈਂਟਾ ਕਲਾਸ ਲਿਆਉਣ ਦਾ ਸੁਪਨਾ ਨਿਊਯਾਰਕ ਦੇ ਇਕ ਲੇਖਕ ਕਲਮੀਨਟ ਕਲਾਰਕ ਮੂਰ ਨੇ ਸੰਨ 1823 ਵਿਚ ਲਿਆ। ਕਾਰਟੂਨਿਸਟ ਥੌਮਸ ਨਾਸਟ ਨੇ ਉਸ ਦੀ ਰੂਪ ਰੇਖਾ ਉਲੀਕੀ। ਲਾਲ ਕੋਟ ਵਿਚ ਲਪੇਟਿਆ ਹੋਇਆ ਢਿੱਲਾ ਜਿਹਾ ਵੱਡਾ ਸਾਰਾ ਢਿੱਡ, ਢਿੱਲੀ ਜਿਹੀ ਲਾਲ ਪੈਂਟ, ਸਫੇਦ ਲੰਮੀ ਦਾਹੜੀ, ਸਿਰ ਉੱਤੇ ਲਾਲ ਟੋਪੀ ਪਹਿਨ ਕੇ ਜਦੋਂ ਸੈਂਟਾ ਕਲਾਸ ਸਾਹਮਣੇ ਆਇਆ ਤਾਂ ਉਸਦੇ ਚੀਚ ਵਹੁਟੀ (ਬਰਸਾਤ ਰੁੱਤੇ ਨਿਕਲਣ ਵਾਲੀ ਮਖ਼ਮਲੀ ਲਾਲ ਰੰਗ ਦੀ ਭੂੰਡੀ) ਦੇ ਰੂਪ ਨੇ ਸਭਨਾਂ ਦਾ, ਖਾਸ ਕਰ ਬੱਚਿਆਂ ਦਾ ਮਨ ਮੋਹ ਲਿਆ। ਇਸਦਾ ਪਿਛੋਕੜ ਸੇਂਟ ਨਿਕਲਸ ਜਾਂ ਸੇਂਟ ਲੂਸੀ ਨਾਲ ਜੋੜਿਆ ਜਾਂਦਾ ਹੈ, ਜੋ ਪਰਉਪਕਾਰੀ ਸਨ ਅਤੇ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਸਨ। ਸੈਂਟਾ ਕਲਾਸ ਦੇ ਆਉਣ ਨਾਲ ਗਿਫਟ ਲੈਣ ਦੇਣ ਦੀ ਅਮਰੀਕਨ, ਡੱਚ ਅਤੇ ਇੰਗਲਿਸ਼ ਰਵਾਇਤ ਨੂੰ ਬੜਾ ਬੜ੍ਹਾਵਾ ਮਿਲਿਆ।

ਸੈਂਟਾ ਕਲਾਸ ਦੇ ਆਉਣ ਤੋਂ ਪਹਿਲਾਂ ਬੱਚਿਆਂ ਦਾ ਕ੍ਰਿਸਮਸ ਨਾਲ ਕੋਈ ਸਬੰਧ ਨਹੀਂ ਸੀ। ਇਸਦੇ ਆਉਂਦਿਆਂ ਸਾਰ ਹੀ ਇਹ ਵਿਉਪਾਰੀਆਂ ਦਾ ਤਾਂ ਮਸੀਹਾ ਬਣ ਗਿਆ। ਮਾਪੇ ਆਪਣੇ ਬੱਚਿਆਂ ਨੂੰ ਸੈਂਟਾ ਕਲਾਸ ਦੀ ਗੋਦੀ ਵਿਚ ਬਿਠਾ ਕੇ ਤਸਵੀਰਾਂ ਖਿਚਵਾਉਂਦੇ ਹਨ। ਸਟੋਰ ਆਇਆ ਬੱਚਾ ਕੁਝ ਨਾ ਕੁਝ ਖਰੀਦਣ ਲਈ ਮਾਂ ਬਾਪ ਨੂੰ ਮਜਬੂਰ ਕਰ ਹੀ ਦਿੰਦਾ ਹੈ। ਵਿਉਪਾਰੀ ਤਬਕੇ ਵਲੋਂ ਗਿਫਟ ਦੀ ਅਖਬਾਰਾਂ ਰਾਹੀਂ ਗਿਫਟ ਲਿਸਟ ਅਠਾਰਵੀ ਸਦੀ ਵਿਚ ਸ਼ੁਰੂ ਹੋਈ, ਜੋ ਅੱਜ ਸਿਖਰਾਂ 'ਤੇ ਹੈ। ਅਜਕਲ ਤਾਂ ਅਕਤੂਬਰ ਲੰਘਦਿਆਂ ਹੀ ਕ੍ਰਿਸਮਿਸ ... ਕ੍ਰਿਸਮਿਸ ... ਦੀ ਪੁੱਠੀ ਗਿਣਤੀ ਸ਼ੁਰੂ ਹੋ ਜਾਂਦੀ ਹੈ। ਖਿਡੌਣੇ ਅਤੇ ਹੋਰ ਘਰ ਵਿਚ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਨਾਲ ਸਾਰੇ ਸਟੋਰ ਨੱਕੋ ਨੱਕ ਭਰ ਦਿੱਤੇ ਜਾਂਦੇ ਹਨ। ਸਟੋਰਾਂ ਦਾ ਹਾਰ ਸ਼ਿੰਗਾਰ ਲੋਕਾਈ ਲਈ ਖਿੱਚ ਦਾ ਕਾਰਨ ਬਣਦਾ ਹੈ।

ਕਈ ਲੋਕ ਤਾਂ 'ਸਰਦਾ ਭਲਾ' ਦੀ ਨੀਤੀ ਤੇ ਪਹਿਰਾ ਦਿੰਦੇ ਹੋਏ ਖਰਚਣ ਤੋਂ ਪਹਿਲਾਂ ਹੀ ਆਪਣੀ ਜੇਬ ਦਾ ਅੰਦਾਜ਼ਾ ਲਾ ਲੈਂਦੇ ਹਨ ਪਰ ਬਹੁਤ ਸਾਰੇ ਜੇਬ ਵਿਚ ਹੀ ਬਾਣੀਏ ਦਾ 'ਬਹੀ ਖਾਤਾ' ਕਰੈਡਿਟ ਕਾਰਡ ਦੇ ਰੂਪ ਵਿਚ ਲਈ ਫਿਰਦੇ ਹਨ। ਬਸ 'ਸੋਹੰਦਾ ਭਲਾ' ਦੇ ਲੜ ਲੱਗ ਕੇ ਕਈ ਇੰਨੇ ਵਿਤੋਂ ਬਾਹਰੇ ਹੋ ਵਗਦੇ ਹਨ ਕਿ ਉਹਨਾਂ ਨੂੰ ਕਰੈਡਟ ਕਾਰਡ ਦੇ ਕਰਜ਼ੇ ਥੱਲਿਓਂ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਜਿਸ ਪਾਸ ਕੋਈ ਗਿਫਟ ਦਾ ਬਕਸ ਖੋਲ੍ਹਣ ਨੂੰ ਨਹੀਂ, ਉਹ ਉਦਾਸ ਹੋ ਜਾਂਦਾ ਹੈ। ਆਰਥਕ ਪੱਖੋਂ ਕਮਜ਼ੋਰ ਬੱਚਿਆਂ ਲਈ ਕਈ ਸੰਸਥਾਵਾਂ ਗਿਫਟ ਜੁਟਾ ਦੇਂਦੀਆਂ ਹਨ। ਕ੍ਰਿਸਮਸ ਡਿਨਰ ਵੀ ਵਰਤਾਏ ਜਾਂਦੇ ਹਨ। ਹਰ ਕੋਈ ਇਕ ਦੂਸਰੇ ਦੀ ਖੁਸ਼ੀ ਵਿਚ ਸ਼ਾਮਲ ਹੋਣਾ ਚਾਹੁੰਦਾ ਹੈ।

ਮੇਲੇ ਤਿਓਹਾਰ ਖੁਸ਼ੀਆਂ ਖੇੜਿਆਂ ਲਈ ਹੁੰਦੇ ਹਨ, ਚਾਹੇ ਉਹ ਕਿਸੇ ਫਿਰਕੇ ਜਾਂ ਕਿਸੇ ਵੀ ਧਰਮ ਨਾਲ ਸਬੰਧ ਕਿਉਂ ਨਾ ਰੱਖਦੇ ਹੋਣ। ਪਰ ਜਦ ਇਹੋ ਜਿਹੇ ਖੁਸ਼ੀ ਦੇ ਅਵਸਰ ਨੂੰ ਵੀ ਜੰਗਬਾਜ਼ ਆਪਣੀ ਹੈਂਕੜ ਪੁਗਾਉਣ ਲਈ ਬਾਰੂਦ ਦੇ ਧੂਏਂ ਨਾਲ ਧੁੰਦਲਾ ਕਰ ਦਿੰਦੇ ਹਨ ਤਾਂ ਅਪਾਹਜਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਹੈ। ਮਾਤਮ ਦੀਆਂ ਸਫਾਂ ਵਿਛ ਜਾਂਦੀਆਂ ਹਨ।

ਧਰਮਾਂ ਅਤੇ ਸੱਭਿਅਤਾਵਾਂ ਦੇ ਵਧ ਰਹੇ ਵਿਰੋਧ ਕਾਰਨ ਕ੍ਰਿਸਮਸ ਹੀ ਨਹੀਂ, ਸੰਸਾਰ ਦਾ ਹਰ ਮੇਲਾ ਅੱਜ ਬੰਦੂਕਾਂ ਦੀ ਛਾਂ ਥੱਲੇ ਮਨਾਇਆ ਜਾ ਰਿਹਾ ਹੈ। ਮੇਲਿਆਂ ਦੀ ਖੁਸ਼ੀ ਪਵਿੱਤਰਤਾ ਨੂੰ ਸੋਗ ਵਿਚ ਬਦਲਣ ਤੋਂ ਬਚਾਉਣ ਲਈ ਕਿਤੇ ਕੋਈ ਮੋੜ ਪੈਂਦਾ ਨਜ਼ਰ ਨਹੀਂ ਆ ਰਿਹਾ।

(ਸਫਾ 27 ਦੀ ਬਾਕੀ)

## ਪੁਸਤਕ ਸੂਚੀ

ਇਹਨਾਂ ਪੁਸਤਕਾਂ ਦੇ ਆਧਾਰ ਤੇ 400 ਸਵਾਲਾਂ ਸੰਬੰਧੀ ਇਤਿਹਾਸਕ ਵੇਰਵੇ ਅਤੇ ਤੱਥ ਅੰਕਿਤ ਕੀਤੇ ਗਏ ਹਨ।

1. ਡਾ. ਸੁਖਦਿਆਲ ਸਿੰਘ : ਪੰਜਾਬ ਦਾ ਇਤਿਹਾਸ ਗੁਰੂ ਕਾਲ (1469-1708), ਜਿਲਦ ਪੰਜਵੀਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.
2. ਉਹੀ, ਸਿੰਘ ਸਾਹਿਬ ਜੱਥੇਦਾਰ ਬੰਦਾ ਸਿੰਘ ਬਹਾਦਰ ਦੀ ਅਜ਼ੀਮ ਸ਼ਹਾਦਤ, ਸੰਗਮ ਪਬਲੀਕੇਸ਼ਨਜ਼, ਪਟਿਆਲਾ, 2016.
3. ਉਹੀ, ਬੰਦਾ ਸਿੰਘ ਬਹਾਦਰ ਦਾ ਖ਼ਾਲਸਾ ਇਨਕਲਾਬ, ਸੰਗਮ ਪਬਲੀਕੇਸ਼ਨਜ਼, 2011.
4. ਉਹੀ, ਚੱਪੜ ਚਿੜੀ ਦੀ ਲੜਾਈ ਅਤੇ ਖ਼ਾਲਸਾ ਰਾਜ ਦੀ ਸਥਾਪਨਾ, ਗਰੇਸ਼ਿਅਸ ਬੁਕਸ, ਅਰਬਨ ਏਸਟੇਸ ਫੇਜ-1, ਪਟਿਆਲਾ, 2009.
5. ਪ੍ਰਿੰਸੀਪਲ ਤੇਜਾ ਸਿੰਘ ਅਤੇ ਗੰਡਾ ਸਿੰਘ, (ਅਨੁ: ਡਾ. ਭਗਤ ਸਿੰਘ), ਸਿੱਖ ਇਤਿਹਾਸ (1469-1765), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013
6. ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2012 (ਤੀਜਾ ਸੰਸਕਰਣ)
7. ਉਹੀ, ਬੰਦਾ ਸਿੰਘ ਬਹਾਦਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008
8. ਪ੍ਰੋ. ਬਲਵਿੰਦਰ ਸਿੰਘ ਜੌੜਾ ਸਿੰਘਾ (ਸੰਪਾ.), ਸਿੱਖ ਇਤਿਹਾਸ ਦੇ ਸੂਰਬੀਰ ਯੋਧੇ ਚਾਰ ਸਾਹਿਬਜ਼ਾਦੇ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2016.
9. ਹਕੀਮ ਅੱਲਾਹ ਯਾਰ ਖਾਂ 'ਜੋਗੀ' (ਅਨੁਵਾਦਕ : ਡਾ. ਗੁਰਦੇਵ ਸਿੰਘ ਪੰਦੋਹਲ), ਗੰਜਿ ਸਹੀਦਾਂ ਅਤੇ ਸ਼ਹੀਦਾਨਿ ਵਫ਼ਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2013.
10. ਡਾ. ਬਲਵੰਤ ਸਿੰਘ ਢਿੱਲੋ (ਸੰਪਾ.), ਬੰਦਾ ਸਿੰਘ ਬਹਾਦਰ ਫ਼ਾਰਸੀ ਸਰੋਤ, ਸਿੰਘ ਬ੍ਰਦਰਜ, ਅੰਮ੍ਰਿਤਸਰ, 2011.
11. ਡਾ. ਸਰਬਜਿੰਦਰ ਸਿੰਘ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014.
12. ਮੈਕਸ ਆਰਥਰ ਮੈਕਾਲਿਫ਼, ਸਿਖ ਇਤਿਹਾਸ, ਡ੍ਰੋਲ-3, ਲਾਹੌਰ ਬੁੱਕ ਸ਼ਾਪ ਲੁਧਿਆਣਾ, 2014.
13. ਭਾਈ ਰਤਨ ਸਿੰਘ ਭੰਗੂ ਸ਼ਹੀਦ, (ਸੰਪਾ. ਡਾ. ਜੀਤ ਸਿੰਘ ਸ਼ੀਤਲ), ਸ੍ਰੀ ਗੁਰੂ ਪੰਥ ਪ੍ਰਕਾਸ਼, ਸਿਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਜਵਾਂ ਐਡੀਸ਼ਨ, 2014.
14. ਗਿਆਨੀ ਗਰਜਾ ਸਿੰਘ ਦੀ ਇਤਿਹਾਸਿਕ ਖੋਜ, (ਸੰਪਾ. ਗੁਰਮੁਖ ਸਿੰਘ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.
15. ਚਾਰ ਸਾਹਿਬਜ਼ਾਦੇ, ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ, 2013.
16. ਬੇਕਸਾਂ-ਰਾ-ਯਾਰ, ਗੁਰੂ ਗੋਬਿੰਦ ਸਿੰਘ, ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ
17. ਪੋਹ ਦੀਆਂ ਰਾਤਾਂ (ਸਾਕਾ ਚਮਕੌਰ, ਸਾਕਾ ਸਰਹਿੰਦ), ਸੁਰਿੰਦਰ ਸਿੰਘ ਖ਼ਾਲਸਾ, ਗੁਰਦੁਆਰਾ ਛੰਨ ਬਾਬਾ ਕੁੰਮਾ ਮਾਸ਼ਕੀ ਪਿੰਡ ਚੱਕ ਢੇਰਾ (ਰੋਪੜ), ਦਸੰਬਰ 2020.
18. ਗੁਰਦੁਆਰਾ ਕੋਸ਼, ਧਰਮ ਪ੍ਰਚਾਰ ਕਮੇਟੀ, ਸ਼੍ਰੋ: ਗੁ: ਪ੍ਰ: ਕਮੇਟੀ, ਸ੍ਰੀ ਅਮ੍ਰਿਤਸਰ, 2016.
19. ਸੰਖੇਪ ਇਤਿਹਾਸ, ਗੁ: ਸ੍ਰੀ ਫ਼ਤਿਹਗੜ੍ਹ ਸਾਹਿਬ, ਪ੍ਰਕਾਸ਼ਕ, ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ, ਦਸੰਬਰ 2020.
20. ਨਿੱਕੀਆਂ ਜਿੰਦਾਂ ਵੱਡਾ ਸਾਕਾ, ਧਰਮ ਪ੍ਰਚਾਰ ਕਮੇਟੀ, (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ ਸਾਹਿਬ, ਦਸੰਬਰ 2017.
21. ਡਾ. ਪਰਮਵੀਰ ਸਿੰਘ, ਬਾਬਾ ਬੰਦ ਸਿੰਘ ਬਹਾਦਰ ਦੇ ਜਨਮ ਅਸਥਾਨ ਬਾਰੇ ਖੋਜ (ਧਰਮ ਤੇ ਵਿਰਸਾ), ਰੋਜ਼ਾਨਾ ਅਜੀਤ (ਜਲੰਧਰ), 8 ਨਵੰਬਰ 2021.

ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼ ਲੇਖ

# ਸਤਿਗੁਰੂ ਸੈਣ ਜੀ

# 'ਹਿਰਦੇ ਵਸਿਆ ਪਾਰ ਬ੍ਰਹਿਮ ਭਗਤਾਂ ਮਹਿ ਗਣਿਆ।।'



ਐਚ.ਐਲ.ਕਪੂਰ

ਭਗਤੀ ਮੱਤ ਭਾਰਤ ਦੇ ਦੱਖਣ ਵਿਚ ਪੈਦਾ ਹੋਇਆ। ਇਹਨਾਂ ਦੇ ਭਗਤੀ ਮੱਤ ਦੇ ਅਧਿਆਤਮਵਾਦ ਦਾ ਕੇਂਦਰ ਬਿੰਦੂ ਅਵਤਾਰਵਾਦ ਸੀ। ਪ੍ਰਮੁੱਖ ਮੰਨੇ ਜਾਂਦੇ ਤਿੰਨ ਦੇਵਤਿਆਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਵਿਚੋਂ ਵਿਸ਼ਨੂੰ ਨੂੰ ਈਸ਼ਵਰ ਰੂਪ ਦੀ ਮਾਨਤਾ ਦਿੱਤੀ ਗਈ। ਇਹੋ ਵਿਸ਼ਵਾਸ ਵੈਸ਼ਨਵ ਭਗਤੀ ਮੱਤ ਦੇ ਅਧਿਆਤਮਵਾਦ ਦਾ ਮੂਲ ਆਧਾਰ ਬਣਿਆ। ਭਗਤੀ ਮੱਤ ਦਾ ਦੂਸਰਾ ਨਾਮ ਵੈਸ਼ਨਵ ਧਰਮ ਹੈ। ਭਗਤਾਂ ਨੂੰ ਵੈਸ਼ਨਵ ਵੀ ਕਿਹਾ ਜਾਂਦਾ ਹੈ। ਕੁਝ ਦੇਵਤਿਆਂ ਦੀ ਪੂਜਾ, ਖਾਸ ਕਰ 'ਰੁਦ੍ਰ' ਦੀ ਪੂਜਾ ਜਿਸ ਨੂੰ ਪਿੱਛੋਂ ਸ਼ਿਵ ਜੀ ਹੀ ਮੰਨਿਆ ਜਾਣ ਲੱਗਾ, ਆਰੀਆ ਦੇ ਆਉਣ ਅਤੇ ਉਸ ਦੇ ਵਧਣ ਫੁੱਲਣ ਤੋਂ ਪਹਿਲਾਂ ਹੋਣ ਦੇ ਸਬੂਤ ਵਿਦਵਾਨਾਂ ਨੇ ਲੱਭੇ ਹਨ। ਕੁਦਰਤ ਦੀ ਬਖਸ਼ੀ ਹਰ ਚੀਜ਼ ਜਿਵੇਂ:- ਹਵਾ, ਪਾਣੀ, ਸੂਰਜ, ਚੰਦ, ਅਗਨੀ, ਦਰਖ਼ਤ, ਮੀਂਹ, ਪਹਾੜ ਆਦਿ ਨੂੰ ਦੇਵਤਾ ਮੰਨ ਕੇ ਉਸ ਦੀ ਪੂਜਾ ਕੀਤੀ ਜਾਂਦੀ ਸੀ। ਇਸ ਪੂਜਾ ਦੇ ਕਰਮ ਤੇ ਬ੍ਰਾਹਮਣਵਾਦ ਤੇ ਪ੍ਰੋਹਿਤਵਾਦ ਦਾ ਪੂਰਨ ਕਬਜ਼ਾ ਸੀ। ਇਹਨਾਂ ਕੁਦਰਤੀ ਵਸਤਾਂ ਦੀ ਭੋਲੇ-ਭਾਲੇ ਲੋਕਾਂ ਨੂੰ ਕੋਈ ਵਿਗਿਆਨਕ ਸੋਝੀ ਨਹੀਂ ਸੀ। ਪ੍ਰੋਹਿਤ ਦੀ ਵਿਚੋਲਗੀ ਤੋਂ ਬਿਨਾਂ ਇਸਦਾ ਕੋਈ ਵੀ ਧਰਮ ਦਾ ਕਰਮ ਸੰਪੂਰਨ ਨਹੀਂ ਮੰਨਿਆ ਜਾਂਦਾ ਸੀ। ਇਸ ਵਿਚ ਖਾਸ ਤੌਰ ਤੇ ਪੁੰਨ-ਦਾਨ ਦਾ ਕਰਮ ਖਾਸ ਮਹੱਤਤਾ ਰੱਖਦਾ ਸੀ। ਇਸ ਕਰਮ ਦੀ ਆੜ ਵਿਚ ਹੀ ਪ੍ਰੋਹਿਤ ਵਰਗ ਭੋਲੀ-ਭਾਲੀ ਜਨਤਾ ਨੂੰ ਆਰਥਿਕ ਤੌਰ 'ਤੇ ਲੁੱਟਦਾ ਸੀ। ਬੁੱਧ ਮੱਤ ਨੇ ਇਸ ਤਰ੍ਹਾਂ ਦੇ ਕਰਮ ਕਾਂਡੀ ਜਾਲ ਦੀਆਂ ਤੰਦਾਂ ਤੋੜੀਆਂ ਤੇ ਮਨੁੱਖ ਦੇ ਸੁਤੰਤਰ ਚਿੰਤਨ ਨੂੰ, ਸੁਤੰਤਰਤਾ ਤੇ ਧਰਮ ਦੇ ਇਖਲਾਕੀ ਪੱਖ ਨੂੰ ਪ੍ਰਮੁੱਖਤਾ ਦਿੱਤੀ।

ਕੁਝ ਸਮੇਂ ਬਾਅਦ ਸਰਗੁਣਵਾਦੀ ਧਾਰਾਂ ਦੀਆਂ ਵੀ ਦੋ ਸ਼ਾਖਾਵਾਂ ਹੋ ਗਈਆਂ 'ਆਲਵਰ' ਭਗਤਾਂ ਦਾ ਇਕ ਦਲ 'ਵੈਸ਼ਨਵ', ਦੂਜਾ ਸ਼ੰਕਰਾਚਾਰੀਆ ਨੂੰ ਮਹਾਨ ਸ਼ੰਕਰ (ਰੁਦ੍ਰ-ਸ਼ਿਵਜੀ) ਦਾ ਅਵਤਾਰ ਮੰਨਣ ਵਾਲਿਆਂ ਦਾ 'ਸ਼ੈਵਮਤ'। ਇਹਨਾਂ ਦੋਹਾਂ ਮੱਤਾਂ ਵਿਚੋਂ ਦੱਖਣ ਵਿਚ 'ਸ਼ੈਵਮਤ' ਦਾ ਜ਼ੋਰ ਬਹੁਤ ਵੱਧ ਗਿਆ। ਇਸ ਕਾਰਨ ਦੋਵਾਂ ਦਲਾਂ ਵਿਚ ਆਪਸੀ ਮਾਰੂ ਝਗੜੇ ਸ਼ੁਰੂ ਹੋ ਗਏ।

ਇਨ੍ਹਾਂ ਭਗਤੀ ਦਲਾਂ ਵਿਚ ਵਿਸ਼ਨੂੰ ਮੱਤ ਦੇ ਆਚਾਰੀਆ ਰਾਮਾਨੁਜ ਜੀ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਉਹਨਾਂ ਨੇ ਸਰਗੁਣ ਭਗਤੀ ਨੂੰ ਉਪਾਸਨਾ ਦੀ ਉੱਚ ਕੋਟੀ ਦੇ ਸ਼ਾਸਤ੍ਰੀ ਅਰਥਾਂ ਦੀ ਕਸਵੱਟੀ ਉਤੇ ਪੂਰੇ ਉਤਰਨ ਦੇ ਆਧਾਰ ਵੀ ਦਿੱਤੇ। ਨਾਲ ਹੀ ਨਾਰੀ ਤੱਤਵ ਦਾ ਸੁਮੇਲ ਵੀ ਪ੍ਰਗਟਾ ਦਿੱਤਾ। ਨਾਰਾਇਣ ਅਤੇ ਲੱਛਮੀ ਦੀ ਲੀਲਾ ਨੂੰ ਭਗਤੀ ਮੱਤ ਦਾ ਮੂਲ ਰੂਪ ਮੰਨਿਆ ਗਿਆ। ਵਿਸ਼ਨੂੰ ਲਕਸ਼ਮੀ ਦੀ ਕਲਪਨਾ ਨੇ ਅੱਗੇ ਚੱਲ ਕੇ 'ਕ੍ਰਿਸ਼ਨ ਲੀਲਾ' ਅਤੇ 'ਰਾਧਾ ਕ੍ਰਿਸ਼ਨ' ਦੀ ਭਗਤੀ ਨੂੰ ਉਭਾਰਿਆ ਅਤੇ ਉਪਾਸਨਾ ਦਾ ਜਾਪ ਮੰਤਰ 'ਰਾਧਾ ਕ੍ਰਿਸ਼ਨ' ਦਾ ਮੰਤਰ ਦਿੱਤਾ। ਇਸ ਨਾਲ ਮੰਦਰਾਂ ਦੀ ਧੜਾ-ਧੜ ਉਸਾਰੀ ਹੋਣ ਲੱਗ ਪਈ ਤੇ 'ਰਾਧਾ ਕ੍ਰਿਸ਼ਨ' ਦੀ ਭਗਤੀ ਸਿਖਰਾਂ ਤੇ ਪਹੁੰਚ ਗਈ। ਮੰਦਰਾਂ ਵਿਚ ਦਲਿਤਾਂ ਤੇ ਛੂਦਰਾਂ ਨੂੰ ਜਾਣ ਤੋਂ ਰੋਕ ਦਿੱਤਾ ਗਿਆ, ਉਹ ਇਸ ਤਰ੍ਹਾਂ ਪ੍ਰਭੂ-ਭਗਤੀ ਦੀ ਉਪਾਸਨਾ ਨਾਲ, ਉਸ ਦੀ ਪ੍ਰਾਪਤੀ ਨਾ ਕਰ ਸਕੇ।

ਸਵਾਮੀ ਰਾਮਾਨੰਦ ਜੀ, ਆਚਾਰੀਆ ਰਾਮਾਨੁਜ ਪੱਧਤੀ ਦੇ ਚੌਧਵੇਂ ਆਚਾਰੀਆ ਸਨ। ਉਹਨਾਂ ਨੇ ਰਾਮਾਨੁਜ ਜੀ ਦੀ 'ਰਾਧਾ ਕ੍ਰਿਸ਼ਨ' ਭਗਤੀ ਦੇ ਉਲਟ 'ਰਾਮ ਭਗਤੀ' ਤੇ ਜ਼ੋਰ ਦਿੱਤਾ। ਉਹ ਉੱਤਰੀ ਭਾਰਤ ਵਿਚ ਰਾਮ ਭਗਤੀ ਸ਼ਾਖਾ ਨੂੰ ਬੜੇ ਜ਼ੋਰ ਨਾਲ ਪ੍ਰਚੱਲਿਤ ਕਰਨ ਵਾਲੇ ਮੁਢਲੇ ਆਚਾਰੀਆ ਮੰਨੇ ਜਾਂਦੇ ਹਨ। ਰਾਮਾਨੰਦ ਜੀ ਨੇ ਆਪਣੀ ਪੁਰਾਣੀ 'ਸੰਪ੍ਰਦਾਇ-ਰਾਮਾਨੁਜੀ' ਕ੍ਰਿਸ਼ਨ ਭਗਤੀ ਤੋਂ ਵੱਖਰੀ 'ਰਾਮ ਭਗਤੀ ਸ਼ਾਖਾ' ਖੜ੍ਹੀ ਕੀਤੀ ਅਤੇ ਜਾਤ-ਪਾਤ ਦਾ ਬੰਧਨ ਤੋੜ ਕੇ ਭਗਤੀ ਲਈ ਕਥਿਤ ਛੂਦਰਾਂ ਅਤੇ ਅਛੂਤਾਂ ਨੂੰ ਸ਼ਾਮਲ ਕਰਕੇ, ਉਦਾਰਵਾਦੀ ਹੋਣ ਦਾ ਕਰਮ ਕੀਤਾ।

ਇਸ ਤਰ੍ਹਾਂ ਕ੍ਰਿਸ਼ਨ ਭਗਤੀ ਜੋ ਭਗਤੀ ਮੱਤ ਦੀ ਪਹਿਲੀ ਪ੍ਰਚੱਲਿਤ ਪ੍ਰਣਾਲੀ ਸੀ, ਦੀ ਲੀਹ ਤੋੜਨ ਵਾਲੇ ਹੋਣ ਕਾਰਨ, ਰਾਮਾਨੰਦ ਜੀ ਆਪਣਾ ਵਿਸ਼ੇਸ਼ ਅਸਥਾਨ ਰੱਖਦੇ ਹਨ। ਇਸ ਤਰ੍ਹਾਂ ਰਾਮਾਨੰਦ ਜੀ ਉੱਤਰੀ ਭਾਰਤ ਵਿਚ ਭਗਤ-ਮੰਡਲੀ ਦੀ ਪ੍ਰਥਮ ਸ਼ਖਸੀਅਤ ਸਨ। ਪਹਿਲਾਂ ਇਹ ਸਰਗੁਣਵਾਦੀ ਸਨ ਤੇ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਣ ਉਪਰੰਤ ਪ੍ਰਭਾਵਿਤ ਹੋਕੇ ਨਿਰਗੁਣਵਾਦੀ ਬਣ ਗਏ ਜੋ ਅੰਤ ਵਿਚ ਇਹ ਗੁਰਮਤਿ ਦੇ ਧਾਰਨੀ ਬਣ ਕੇ ਪ੍ਰਵਾਨ ਚੜ੍ਹੇ। ਇਹਨਾਂ ਦੀ ਬਾਣੀ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ।

ਨਾਭਾ ਦਾਸ ਜੀ ਦੀ 'ਭਗਤ ਮਾਲਾ' ਵਿਚ ਰਾਮਾਨੰਦ ਜੀ ਦੇ ਸਮਕਾਲੀ ਹੋਣ ਦਾ ਸਬੂਤ ਵੀ ਮਿਲਦਾ ਹੈ, ਜਿਹਨਾਂ ਦੇ ਨਾਮ ਨਿਮਨ-ਲਿਖਤ ਅਨੁਸਾਰ ਹਨ:

**ਅਨੰਤ ਨੰਦ, ਕਬੀਰ, ਸੁਖਾ,**
**ਸੁਰਸੁਰਾ, ਪਦਮਾਵਤ, ਨਰ ਹਰਿ।।**
**ਪੀਪਾ, ਭਾਵਾਨੰਦ, ਰਵਿਦਾਸ, ਧੰਨਾ,**
**ਸੈਣ, ਸੁਰਸਰੀ ਕੀ ਘਰ ਹਰਿ।**

ਉਕਤ ਸੂਚੀ ਵਿਚੋਂ ਸੈਣ, ਕਬੀਰ, ਰਵਿਦਾਸ, ਧੰਨਾ ਤੇ ਪੀਪਾ ਜੀ ਦੀ ਬਾਣੀ ਹੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸੈਣ ਜੀ ਦਾ ਰਚਿਤ ਇਕ ਪਦਾ ਜੋ ਧਨਾਸਰੀ ਰਾਗ ਵਿਚ ਹੈ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ:

ਧੂਪ ਦੀਪ ਘ੍ਰਿਤ ਜਾਜਿ ਆਰਤੀ।। ਵਾਰਨੇ ਜਉ ਕਮਲਾ ਪਤੀ।।
ਮੰਗਲਾ ਹਰਿ ਮੰਗਲਾ।। ਨਿਤ ਮੰਗਲੁ ਰਾਜਾ ਰਾਮ ਰਾਇ ਕੋ।।
ਉਤਮ ਦੀਅਰਾ ਨਿਰਮਲ ਬਾਤੀ।।
ਤੁਹੀ ਨਿਰੰਜਨ ਕਮਲਾ ਪਾਤੀ।।
ਰਾਮਾ ਭਗਤਿ ਰਾਮਾਨੰਦ ਜਾਨੈ।। ਪੂਰਨ ਪਰਮਾਨੰਦ ਬਖਾਨੈ।।
ਮਦਨ ਮੂਰਤਿ ਭੈ ਤਾਰਿ ਗੋਬਿੰਦੇ।। ਸੈਨੁ ਭਣੈ ਭਜੁ ਪਰਮਾਨੰਦੇ।।

ਉਕਤ ਪਦੇ ਦੇ ਭਾਵ ਅਰਥ ਹਨ: ਮੈਂ ਕਮਲਾਪਤੀ (ਕਮਲਾਪਤੀ ਤੋਂ ਭਾਵ ਹੈ ਮਾਇਆ ਦੇ ਮਾਲਕ) ਤੋਂ ਕੁਰਬਾਨ ਜਾਂਦਾ ਹਾਂ। ਮੇਰੇ ਲਈ ਆਰਤੀ ਦੀ ਸਮੱਗਰੀ, ਧੂਪ ਦੀਪ ਘ੍ਰਿਤ (ਭਾਵ ਆਰਤੀ ਦਾ ਸਮਾਨ) ਵੀ ਤੇਰੇ ਤੋਂ ਵਾਰੀ ਜਾਂਦਾ ਹੈ। ਸਭਨਾ ਜੀਆਂ ਵਿਚ ਵਸੇ ਹੋਏ (ਰਾਮ, ਭਾਵ ਪ੍ਰਮਾਤਮਾ) ਰਾਜਾ ਰਾਮ ਦੇ ਗੁਣ ਗਾਉਣੇ, ਮੇਰੀ ਆਰਤੀ ਹੈ। ਉਤਮ ਦੀਅਰਾ ਨਿਰਮਲ ਬਾਤੀ ਮੇਰਾ ਸਭ ਕੁਝ ਓਹੀ ਹੈ, ਹੇ ਮਾਇਆ ਤੋਂ ਰਹਿਤ-ਨਿਰੰਜਨ-ਹਰੀ ਸਭ ਕੁਝ ਤੂੰ ਹੀ ਹੈ। ਤੂੰ ਹੀ ਮਾਇਆ ਦਾ ਮਾਲਕ ਭਾਵ ਕਮਲਾਪਤੀ ਹੈ। ਹੇ ਪ੍ਰਮਾਤਮਾ, ਤੂੰ ਆਪ ਹੀ ਨਿਰਗੁਣ ਤੇ ਸਰਗੁਣ ਵੀ ਆਪਰੀ ਹੈ। 'ਰਾਮ' ਦੀ ਭਗਤੀ ਰਾਮਾਨੰਦ ਹੀ ਜਾਣਦੇ ਹਨ। ਪਰ ਤੇਰੀ ਪ੍ਰਾਪਤੀ ਦੇ ਪਰਮਆਨੰਦ ਦੀ ਵਿਆਖਿਆ ਤੂੰ ਆਪ ਹੀ ਕਰ ਸਕਦਾ ਹੈ, ਕੋਈ ਹੋਰ ਕਰ ਸਕਦਾ ਭਾਵ ਕੋਈ ਕਿਵੇਂ ਕਹਿ ਸਕਦਾ ਹੈ। ਹੇ ਸੁੰਦਰ (ਮਦਨ) ਮੂਰਤਿ (ਸਰਬ ਸੁੰਦਰਤਾ ਦੇ ਧਾਰਨੀ) ਗੋਬਿੰਦ ਜੀਓ। ਮੈਨੂੰ ਭਵ-ਸਾਗਰ ਭਾਵ ਜਨਮ-ਮਰਨ ਦੇ ਚੱਕਰ ਤੋਂ ਪਾਰ ਲਾਵੋ। ਸੈਣ, ਤੇਰਾ ਭਜਨ ਗਾਉਂਦਾ ਹੋਇਆ, ਇਹੋ ਆਰਤੀ ਕਰਦਾ ਹੈ ਕਿ ਉਹ ਤੇਰੇ ਪਰਮਆਨੰਦ ਦਾ ਰਸ ਸਦਾ ਮਾਣਦਾ ਰਹੇ।



ਇਸ ਪਦੇ ਵਿਚ 'ਰਾਮਾਨੰਦ' ਦਾ ਨਾਮ ਆਇਆ ਹੈ। ਜੋ ਵਿਅਕਤੀ ਰਾਮਾਨੰਦ, ਇਕ ਹਸਤੀ ਤੋਂ ਵਿਲੱਖਣ ਅਰਥ ਕਰਦੇ ਹਨ- ਰਾਮਾ-ਆਨੰਦ- ਪ੍ਰਮਾਤਮਾ ਦੇ ਮੇਲ ਦਾ ਆਨੰਦ, ਉਹਨਾਂ ਦਾ ਨਿਸ਼ਾਨਾ ਹਿਸ ਆਲੋਚਨਾ ਤੋਂ ਬਚਾਓ ਕਰਨਾ ਹੈ, ਕਿ ਰਾਮਾਨੰਦ ਜੀ ਦਾ ਨਾਮ ਵਿਚ ਆ ਜਾਣ ਕਾਰਨ, ਇਹ ਆਰਤੀ 'ਰਾਮਾਨੰਦ' ਜੀ ਅੱਗੇ ਹੀ ਕੀਤੀ ਨਾ ਸਮਝੀ ਜਾਵੇ।

ਭਗਤ ਬਾਣੀ ਬਾਰੇ ਵਿਰੋਧੀ ਵਿਚਾਰਧਾਰਾ ਰੱਖਣ ਵਾਲੇ ਵਿਅਕਤੀ 'ਰਾਮਾਨੰਦ' ਦਾ ਨਾਮ ਆ ਜਾਣ ਕਾਰਨ ਇਸ ਬਾਰੇ ਵਿਰੋਧੀ ਵਿਚਾਰਧਾਰਾ ਰੱਖਦੇ ਹਨ। ਉਹਨਾਂ ਦਾ ਮੱਤ ਹੈ ਕਿ ਸੈਣ ਜੀ ਨੇ ਇਹ ਆਰਤੀ ਆਪਣੇ ਗੁਰੂ ਰਾਮਾਨੰਦ ਜੀ ਦੀ ਕੀਤੀ ਹੈ ਨਾ ਕਿ ਪਾਰਬ੍ਰਹਮ ਪ੍ਰਮੇਸ਼ਰ ਦੀ। ਪ੍ਰੰਤੂ, ਤੂੰ ਹੀ ਨਿਰੰਜਨ ਕਮਲਾਪਤੀ, ਤੁਕ ਤੋਂ ਸਪਸ਼ਟ ਹੈ, ਸੈਣ ਜੀ ਆਰਤੀ ਰਾਮਾਨੰਦ ਦੀ ਨਹੀਂ ਨਿਰੰਜਨ ਦੀ ਕਰ ਰਹੇ ਹਨ, ਨਿਰੰਜਨ ਸ਼ਬਦ ਦੀ ਵਰਤੋਂ ਇੱਥੇ ਮਾਇਆ ਦੇ ਪਤੀ ਵਿਸ਼ਨੂੰ ਦੇ ਸੰਕੇਤ ਰਾਹੀਂ ਕੀਤੀ ਹੈ। ਜਿਹਨਾਂ ਦਾ ਕਮਲਾਪਤੀ ਨਾਮ ਵੀ ਕਿਹਾ ਜਾਂਦਾ ਹੈ।

ਸੈਣ ਜੀ ਦਾ ਜਨਮ ਸੰਮਤ 1457 ਨੂੰ ਸਾਧੂ ਗੁਰੂਆਂ ਦੇ ਵਰ ਨਾਲ, ਮੱਘਰ ਦੀ ਪੂਰਨਮਾਸ਼ੀ ਨੂੰ ਪਿਤਾ ਮੁਕੰਦ ਰਾਏ ਤੇ ਮਾਤਾ ਜੀਵਨ ਦੇਵੀ ਦੇ ਘਰ, ਪਿੰਡ ਸੋਹਲ-ਠੱਠੀਆਂ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਹਨਾਂ ਦੀ ਜਾਤ ਜਾਂ ਗੋਤ ਗੋਲ੍ਹਣ ਸੀ। ਬਾਰਾਂ ਸਾਲ ਦੀ ਉਮਰ ਵਿਚ ਉਹ ਲਾਹੌਰ ਗਏ ਤੇ ਖ਼ਲੀਫ਼ਾ ਅਜੀਮ ਖਾਂ ਨੂੰ ਆਪਣਾ ਉਸਤਾਦ ਧਾਰਿਆ। ਉਹਨਾਂ ਪਾਸੋਂ ਉਹਨਾਂ ਨੇ ਜਰਾਹ (ਦੇਸੀ ਹਿਕਮਤ, ਜਿਨ੍ਹਾਂ ਵਿਚ ਫੋੜੇ ਫਿਨਸੀਆਂ ਦੀ ਚੀਰ ਫਾੜ ਤੇ ਚਮੜੀ ਦੇ ਰੋਗਾਂ ਦਾ ਇਲਾਜ ਹੁੰਦਾ ਹੈ) ਤੇਲ ਮਾਲਸ਼ ਤੇ ਹਜ਼ਾਮਤ ਬਣਾਉਣ ਦਾ ਕੰਮ ਸਿੱਖਿਆ। ਉਹਨਾਂ ਦਿਲਾਂ ਵਿਚ ਉਹ ਲਾਹੌਰ ਵਿਖੇ ਆਪਣੀ ਭੂਆ ਸੋਭੀ ਦੇ ਘਰ ਰਹਿੰਦੇ ਸਨ। ਅਠਾਰਾਂ ਸਾਲ ਦੀ ਉਮਰ ਵਿਚ ਜੱਲੋ ਦੀ ਸਪੁੱਤਰੀ ਸਾਹਿਬ ਦੇਵੀ ਨਾਲ ਵਿਆਹ ਹੋਇਆ। ਉਹਨਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ ਤੇ ਉਸ ਦਾ ਨਾਮ 'ਨਈ' ਰੱਖਿਆ। ਸਮੇਂ ਦੇ ਗੇੜ ਨਾਲ, ਇਨ੍ਹਾਂ ਦੇ ਪੁੱਤਰ ਦੇ ਨਾਮ ਦੇ ਸ਼ਬਦਾਂ ਨਾਲ ਕੰਨਾਂ (ਾ) ਦੀ ਲਗ, ਲੱਗ ਜਾਣ ਨਾਲ ਸ਼ਬਦ 'ਨਈ' ਬਣ ਗਿਆ ਤੇ ਇਸ ਤੋਂ ਬਾਅਦ ਇਸ ਵਰਗ ਨੂੰ ਨਾਈ ਕਿਹਾ ਜਾਣ ਲੱਗ ਪਿਆ। ਇਹ ਨਾਈ ਇਕ ਕਿੱਤਾ ਹੈ ਜਾਤ ਨਹੀਂ ਹੈ।

ਸੈਣ ਜੀ, ਪੈਦਲ ਤੁਰ ਕੇ ਹਰਦੁਆਰ ਦੀ ਯਾਤਰਾ ਨੂੰ ਗਏ। ਰਸਤੇ ਵਿਚ ਇਕ ਸਾਧੂ ਨੇ ਸੈਣ ਜੀ ਦੇ ਪੈਰਾਂ ਵਿਚ ਪਦਮ ਰੇਖਾ ਦੇਖ ਕੇ ਕਿਹਾ, ਤੁਸੀਂ ਕਿਸੇ ਰਿਆਸਤ ਦੇ ਰਾਜਾ ਬਣਨਾ ਹੈ ਜਾਂ ਕਿਸੇ ਉੱਚੀ ਪਦਵੀ ਤੇ ਪਹੁੰਚਣਾ ਹੈ, ''ਸੈਣ ਜੀ ਨੇ ਉੱਤਰ ਦਿੱਤਾ ਕਿ ਮੇਰਾ ਕੰਮ ਤਾਂ ਟਹਿਲ ਸੇਵਾ ਕਰਨਾ ਹੈ। ਮੈਂ ਗਰੀਬ ਕੀ ਬਣ ਸਕਦਾ ਹਾਂ? ਸੈਣ ਜੀ ਹਰਿਦੁਆਰੋਂ ਦਿੱਲੀ ਪੁੱਜੇ। ਉਥੋਂ ਉਹ ਰਿਆਸਤ ਰੀਵਾ ਦੇ ਬੁੰਧੇਲਖੰਡ ਦੀ ਰਾਜਧਾਨੀ ਬਾਧੋਗੜ੍ਹ ਚਲੇ ਗਏ। ਸੈਣ ਜੀ ਆਪਣੇ ਕੰਮ ਵਿਚ ਬਹੁਤ ਨਿਪੁੰਨ ਹੋਣ ਕਾਰਨ ਰੀਵਾ ਦੇ ਰਾਜੇ ਜੈਪਾਲ ਸਿੰਘ ਦੇ ਨਿੱਜੀ ਟਹਿਲੀਏ ਬਣ ਗਏ। ਇੱਥੇ ਉਹਨਾਂ ਕੋਈ ਰਹਿੰਦਿਆਂ, ਸੈਣ ਜੀ ਦਾ ਭਗਤਾਂ ਤੇ ਸਾਧੂ-ਸੰਤਾਂ ਨਾਲ ਸਤਸੰਗ ਵੀ ਚੱਲਦਾ ਰਿਹਾ। ਇੱਥੇ ਉਹਨਾਂ ਦੀ ਲਗਨ ਭਗਤੀ ਵਿਚ ਤੇ ਸਾਧੂ ਸੰਤਾਂ ਦੀ ਸੇਵਾ ਵਿਚ ਲੱਗੀ ਰਹਿੰਦੀ ਸੀ। ਸੈਣ ਜੀ ਦਾ ਰੂਪ ਧਾਰ ਕੇ ਪ੍ਰਮੇਸ਼ਰ ਵੱਲੋਂ ਰਾਜੇ ਦੀ ਸੇਵਾ ਕਰਨ ਦਾ ਚਮਤਕਾਰ ਇੱਥੇ ਹੀ ਘਟਿਆ ਸੀ, ਜਾਂ ਜਿਵੇਂ ਦੂਸਰੀ ਕਥਾ ਹੈ ਕਿ ਰਾਜੇ ਨੇ ਸ਼ੀਸ਼ੇ ਵਿਚ ਚੱਤਰਭੁਜ ਮੂਰਤ ਦਾ ਦੈਵੀ ਝਲਕਾਰਾ ਵੱਜਦਾ ਦੇਖਿਆ। ਇਹ ਚਮਤਕਾਰ ਦੇਖ ਕੇ ਰਾਜਾ ਸੈਣ ਜੀ ਦਾ ਭਗਤ ਬਣ ਗਿਆ ਤੇ ਉਹਨਾਂ ਨੂੰ ਆਪਣਾ ਗੁਰੂ ਧਾਰ ਲਿਆ। ਸੈਣ ਜੀ ਥੋੜ੍ਹੀ ਦੇਰ ਬਾਅਦ ਰੀਵਾ ਦੇ ਬਾਧਵਗੜ੍ਹ ਵਿਚ ਆਪਣੀਆਂ ਖੜ੍ਹਾਵਾਂ ਦੀ ਨਿਸ਼ਾਨੀ ਰੱਖ ਕੇ ਆਪ ਕਾਸ਼ੀ (ਬਨਾਰਸ) ਆ ਗਏ ਤੇ ਇੱਥੇ ਰਾਮਾਨੰਦ ਜੀ ਦੇ ਡੇਰੇ ਦੀ ਇਕ ਕੋਠੜੀ ਵਿਚ ਰਹਿਣ ਲੱਗ ਪਏ। ਇੱਥੇ ਹੀ ਉਨ੍ਹਾਂ ਨੇ ਰਾਮਾਨੰਦ ਜੀ ਨੂੰ ਆਪਣਾ ਗੁਰੂ ਧਾਰ ਲਿਆ। ਇਸ ਜਗ੍ਹਾ ਤੇ ਉਨ੍ਹਾਂ ਨੇ ਬਾਰਾਂ ਸਾਲ ਤਪ ਕੀਤਾ। ਇੱਥੇ ਹੀ ਉਨ੍ਹਾਂ ਦਾ ਉਕਤ ਦੱਸੇ ਰਾਮਾਨੰਦ ਜੀ ਦੇ ਸਮਕਾਲੀਆਂ ਨਾਲ ਮਿਲਾਪ ਹੁੰਦਾ ਹੈ। ਸ੍ਰੀ ਨਾਮਦੇਵ, ਤ੍ਰਿਲੋਚਨ, ਧੰਨਾ, ਰਵਿਦਾਸ, ਕਬੀਰ ਜੀ ਆਦਿ ਭਗਤਾਂ ਨਾਲ ਮੇਲ ਹੋਣ ਨਾਲ ਵਾਹਵਾ ਸਤਿਸੰਗ ਬਣਿਆ। ਇਹ ਸਾਰੇ ਭਗਤ ਸਾਹਿਬਾਨ ਪਹਿਲਾ ਸਰਗੁਣ ਭਗਤੀ ਦੇ ਉਪਾਸ਼ਕ ਸਨ ਤੇ ਅਵਤਾਰਵਾਦ ਵਿਚ ਵਿਸ਼ਵਾਸ ਰੱਖਦੇ ਸਨ ਤੇ ਮੂਰਤੀ ਪੂਜਾ ਕਰਦੇ ਸਨ। ਬਾਅਦ ਵਿਚ ਗੁਰੂ ਨਾਨਕ ਦੇਵ ਜੀ ਦੇ ਮਿਲਾਪ ਤੇ ਪ੍ਰਭਾਵ ਨਾਲ ਇਹ ਸਭ ਨਿਰਗੁਣਵਾਦੀ ਬਣ ਗਏ।

ਇਨ੍ਹਾਂ ਹੀ ਦਿਨਾਂ ਵਿਚ ਇਕ ਵਾਰ ਕਾਸ਼ੀ ਵਿਖੇ ਬਾਧਵਗੜ੍ਹ ਦੇ ਸ਼ਰਧਾਲੂ ਰਾਜਾ ਸਾਹਿਬ, ਸੈਣ ਜੀ ਦੇ ਦਰਸ਼ਨਾਂ ਨੂੰ ਆਏ। ਰਾਜੇ ਨੇ ਸੈਣ ਜੀ ਨੂੰ ਪੰਜ ਸੌ ਮੋਹਰਾਂ ਭੇਟ ਕੀਤੀਆਂ। ਸੈਣ ਜੀ ਨੇ ਮੋਹਰਾਂ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਰਾਜੇ ਨੂੰ ਕਿਹਾ, ''ਅਗਲੇ ਜਨਮ ਵਿਚ ਲਵਾਂਗੇ, ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਬਣ ਕੇ 'ਸਾਹਿਬ ਸਿੰਘ ਜੀ' ਦੇ ਰੂਪ ਵਿਚ ਸੀਸ ਭੇਟ ਕਰਕੇ ਸਿੱਖ ਪੰਥ ਚਲਾਵਾਂਗੇ।'' ਸੈਣ ਜੀ, ਆਪਣੇ ਜੀਵਨ ਦੇ ਅੰਤਿਮ ਸਮੇਂ ਦੌਰਾਨ ਕੁਝ ਬਿਮਾਰ ਰਹਿਣ ਲੱਗੇ। ਉਹਨਾਂ ਦੇ ਸਾਥੀ ਭਗਤਾਂ ਨੇ ਉਹਨਾਂ ਦਾ ਕਾਸ਼ੀ ਵਿਚ ਰਹਿੰਦੇ ਸਮੇਂ ਵੈਦਾਂ-ਹਕੀਮਾਂ ਤੋਂ ਇਲਾਜ ਕਰਵਾਇਆ। ਇਸ ਤਰ੍ਹਾਂ ਸੈਣ ਜੀ ਨੇ ਮਹਿਸੂਸ ਕੀਤਾ ਕਿ ਸ਼ਾਇਦ ਉਹ ਜੀਵਨ ਦੇ ਅੰਤਿਮ ਸਮੇਂ ਦੇ ਨੇੜੇ ਪਹੁੰਚ ਗਏ ਹਨ ਤਾਂ ਉਹਨਾਂ ਨੇ ਸ੍ਰੀ ਨਾਮਦੇਵ ਜੀ ਪਾਸ ਆਪਣੀ ਇੱਛਾ ਜ਼ਾਹਿਰ ਕੀਤੀ ਕਿ ਮੇਰੇ ਪੁੱਤ ਨੂੰ, ਮੇਰੇ ਕੋਲ ਬੁਲਾਅ ਲਿਆ ਜਾਵੇ। ਭਗਤ ਸ੍ਰੀ ਨਾਮਦੇਵ ਜੀ ਨੇ ਪੰਜਾਬ ਤੋਂ ਕਿਸੇ ਆਪਣਾ ਸ਼ਰਧਾਲੂ ਨੂੰ ਭੇਜ ਕੇ ਉਹਨਾਂ ਦੇ ਪੁੱਤਰ 'ਨਈ' ਨੂੰ ਬੁਲਾਅ ਲਿਆ। ਕੁਝ ਸਮੇਂ ਬਾਅਦ ਉਹ ਕਾਸ਼ੀ ਵਿਖੇ ਹੀ ਚਲਾਣਾ ਕਰ ਗਏ।

ਨਾਮਦੇਵ, ਤ੍ਰਿਲੋਚਨ, ਰਵਿਦਾਸ, ਕਬੀਰ, ਧੰਨਾ ਜੀ ਤੇ ਉਹਨਾਂ ਦੇ ਪੁੱਤਰ ਨੇ ਸੈਣ ਜੀ ਦੀ ਅਰਥੀ ਨੂੰ ਮੋਢਾ ਦਿੱਤਾ। ਉਸ ਸਮੇਂ ਰੀਵਾ ਦਾ ਰਾਜਾ ਮਰ ਚੁੱਕਾ ਸੀ, ਉਸ ਦਾ ਭਰਾ ਸੈਣ ਜੀ ਦੇ ਚਲਾਣੇ ਸਮੇਂ ਕਾਸ਼ੀ ਵਿਖੇ ਪੂਜਾ ਭੇਟ ਲੈ ਕੇ ਪੁੱਜਿਆ ਸੀ। ਭਗਤ ਸੈਣ ਜੀ ਦੇ ਚਲਾਣੇ ਦਾ ਸੰਮਤ ਕਿਤੇ ਵੀ ਦਿੱਤਾ ਗਿਆ ਨਹੀਂ ਮਿਲਦਾ ਹੈ।

ਪਿੰਡ ਸੋਹਲ-ਠੱਠੀਆਂ ਵਿਖੇ ਭਗਤ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ 'ਨਈਆਣਾ' ਬਣਿਆ ਹੋਇਆ ਹੈ। ਇਸੇ ਹੀ ਗੁਰਦੁਆਰੇ ਵਿਚ ਭਗਤ ਜੀ ਦੀਆਂ ਖੜ੍ਹਾਵਾਂ ਵੀ ਪਈਆਂ ਹੋਈਆਂ ਦੱਸੀਆਂ ਜਾਂਦੀਆਂ ਹਨ। ਇਹ ਵੀ ਲਿਖਿਆ ਹੋਇਆ ਹੈ ਕਿ ਉਨ੍ਹਾਂ ਦੇ ਪੁੱਤਰਾਂ ਨੂੰ ਇਕ ਹਜ਼ਾਰ ਦੀ ਹੁੰਡੀ ਕਰਾਰ ਕੇ, ਜੋ 'ਰੀਵਾ' ਦੇ ਰਾਜੇ ਨੇ ਭੇਟ ਕੀਤੀਆਂ ਸਨ। ਇਉਂ ਮੋਹਰਾਂ ਉਨ੍ਹਾਂ ਦੇ ਪੁੱਤਰਾਂ ਦੇ ਨਾਮ ਸੇਠ ਸੁੰਦਰ ਦਾਸ, ਗੁਰੂ ਬਾਜ਼ਾਰ ਚੱਕ ਰਾਮ ਦਾਸ ਦੇ ਨਾਂ ਭੇਜੀਆਂ ਸੀ। ਇਸੇ ਹੀ ਪੈਸੇ ਨਾਲ ਗੁਰਦੁਆਰੇ ਦੀ ਉਸਾਰੀ ਸ਼ੁਰੂ ਕਰਾਈ ਗਈ ਸੀ। ਸੈਣ ਜੀ ਦੀ ਯਾਦ ਵਿਚ ਕਈ ਹੋਰ ਥਾਂਵਾਂ ਤੇ ਵੀ ਗੁਰਦੁਆਰੇ ਅਤੇ ਮੰਦਰ ਬਣੇ ਹੋਏ ਹਨ। ਜਿਵੇਂ:- ਲਾਹੌਰ, ਅੰਮ੍ਰਿਤਸਰ, ਭਵਾਨੀ, ਬੜਵਾ, ਨੂਰਪੁਰ ਬੇਦੀ, ਹੁਸ਼ਿਆਰਪੁਰ ਤੇ ਜਲੰਧਰ ਆਦਿ। ਜਲੰਧਰ ਜ਼ਿਲ੍ਹੇ ਦੇ ਪਿੰਡ ਪ੍ਰਤਾਪਪੁਰੇ (ਤਸੀਲ ਫਿਲੌਰ) ਵਿਖੇ ਹਰ ਸਾਲ ਸੈਣ ਜੀ ਦੀ ਯਾਦ ਵਿਚ ਸਾਲਾਨਾ ਜੋੜ ਮੇਲਾ ਦੀਵਾਲੀ ਤੋਂ ਟਿੱਕਾ ਭਾਈ ਦੂਜ ਵਾਲੇ ਦਿਨ ਤੱਕ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਮਹਾਂਰਾਸ਼ਟਰ ਤੇ ਰਾਜਸਥਾਨ ਵਿਚ ਵੀ ਉਹਨਾਂ ਦੀਆਂ ਯਾਦਗਾਰਾਂ ਬਣੀਆਂ ਹੋਈਆਂ ਹਨ। ਭਗਤੀ ਮੱਤ ਦੇ ਗ੍ਰੰਥਾਂ ਵਿਚ ਕਈ ਕਥਾਵਾਂ ਪ੍ਰਸਿੱਧ ਹਨ ਕਿ ਸੈਣ ਜੀ ਬਾਧਓਗੜ੍ਹ ਜੰਮੇ ਪਲੇ ਤੇ ਉਥੇ ਹੀ ਰਾਜੇ ਦੀ ਨੌਕਰੀ ਕੀਤੀ ਸੀ। ਮਹਾਨ ਕੋਸ਼ ਅਨੁਸਾਰ ਸੈਣ ਜੀ ਦਾ ਵੰਸ਼ ਵਾਧਵਗੜ੍ਹ ਰਹਿੰਦਾ ਹੈ।

ਇਹ ਸਭ ਕਿਆਸ-ਅਰਾਈਆਂ ਹੀ ਹਨ। ਪਰ ਵਿਦਵਾਨਾਂ ਨੇ ਸਾਬਤ ਕਰ ਦਿੱਤਾ ਹੈ ਕਿ ਸੈਣ ਜੀ ਪੰਜਾਬ ਦੇ ਹੀ ਜੰਮਪਲ ਸਨ ਤੇ ਅੱਜ ਵੀ ਉਹਨਾਂ ਦਾ ਵੰਸ਼ ਪਿੰਡ ਸੋਹਲ-ਠੱਠੀਆਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਚੱਲ ਰਿਹਾ ਹੈ। ਜਦੋਂ ਗੁਰੂ ਨਾਨਕ ਦੇਵ ਜੀ ਦੇਸ਼ ਰਟਨ ਕਰਦੇ ਹੋਏ ਕਾਸ਼ੀ ਗਏ ਸਨ, ਅਯੁੱਧਿਆ ਅਤੇ ਬਨਾਰਸ ਵਿਚ, ਸੈਣ ਜੀ ਦਾ ਹੋਰਨਾਂ ਭਗਤਾਂ ਨਾਲ, ਗੁਰੂ ਨਾਨਕ ਦੇਵ ਜੀ ਨਾਲ, ਮੇਲ ਹੋਣ ਦਾ ਪ੍ਰਸੰਗ ਸਾਖੀਆਂ ਵਿਚ ਮਿਲਦਾ ਹੈ। ਭਗਤ ਮੰਡਲੀ ਵੱਲੋਂ ਅਯੁੱਧਿਆ ਵਿਚ, ਗੁਰੂ ਨਾਨਕ ਦੇਵ ਜੀ ਨਾਲ ਮਿਲਣ ਦੀ ਆਗਿਆ ਲੈਣ ਲਈ ਸਣ ਜੀ ਹੀ ਭੇਜੇ ਗਏ ਸਨ।

**ਗ੍ਰੰਥ ਸੈਣ ਸਾਗਰ:**

ਇਹ ਗ੍ਰੰਥ ਸੈਣ ਜੀ ਦੀ ਆਪਣੀ ਰਚਨਾ ਨਹੀਂ ਹੈ, ਸਗੋਂ ਉਹਨਾਂ ਦੇ ਕਿਸੇ ਸ਼ਰਧਾਲੂ ਭਗਤ ਕਵੀ ਦੀ ਰਚਨਾ ਹੈ। ਇਸ ਗ੍ਰੰਥ ਵਿਚ ਸੈਣ ਜੀ ਦੀ ਬਾਣੀ ਦਾ ਸੰਗ੍ਰਹਿ ਹੈ। 'ਗ੍ਰੰਥ ਸੈਣ ਸਾਗਰ' 'ਗੁਰੂ ਗ੍ਰੰਥ ਸਾਹਿਬ' ਜੀ ਦੀ ਮੰਗ ਵਿਚ ਰਚਿਆ ਗਿਆ ਗ੍ਰੰਥ ਹੈ। 'ਗੁਰੂ ਗ੍ਰੰਥ ਸਾਹਿਬ' ਵਰਗੀਆਂ ਬਾਣੀਆਂ, ਰਾਗ ਅਤੇ ਸ਼ਬਦਾਂ ਦੀ ਬਣਤਰ ਅਤੇ ਪ੍ਰਭਾਵ ਰੱਖਣ ਦਾ ਯਤਨ ਕੀਤਾ ਗਿਆ ਹੈ। 'ਗੁਰੂ ਗ੍ਰੰਥ ਸਾਹਿਬ' ਵਰਗੇ ਗ੍ਰੰਥਾਂ ਦੀ ਰਚਨਾ ਕਰਨ ਦੇ ਮੋਢੀ, ਸੋਢੀ ਮਿਹਰਬਾਨ ਜੀ ਸਨ। 'ਸੈਣ ਸਾਗਰ ਗ੍ਰੰਥ' ਵੀ ਇਸੇ ਲੜੀ ਦਾ ਇਕ ਗ੍ਰੰਥ ਹੈ। ਚੰਗੀ ਤਰ੍ਹਾਂ ਪੜਤਾਲਿਆਂ ਪਤਾ ਲੱਗਦਾ ਹੈ ਕਿ ਇਸ ਗ੍ਰੰਥ ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਤੋਂ ਪਿੱਛੋਂ ਲਿਖੇ ਹੋਣ ਦੇ ਕਈ ਸਬੂਤ ਇਸ ਗ੍ਰੰਥ ਵਿਚ ਮਿਲਦੇ ਹਨ। ਇਸ ਦਾ ਆਰੰਭ 'ਜਪੁਜੀ' ਤੋਂ ਹੁੰਦਾ ਹੈ। ਇਸ ਪਿੱਛੋਂ ਆਰਤੀ ਹੈ। ਉਸ ਪਿੱਛੋਂ ਜਨਮ ਸਾਖੀ ਸ੍ਰੀ ਸੈਣ ਜੀ ਆਉਂਦੀ ਹੈ। ਜਨਮ ਸਾਖੀ ਲਿਖਾਉਣ ਵਾਲੇ ਸੈਣ ਜੀ ਦੇ ਪਿਤਾ ਮਕੰਦ ਰਾਇ, ਲਿਖਣ ਵਾਲੇ ਦਾ ਨਾਮ ਕੋਲੂ ਬ੍ਰਾਹਮਣ ਦੱਸਿਆ ਗਿਆ ਹੈ। ਇਸ ਪਿੱਛੋਂ ਪਰਚੀਆਂ ਸ੍ਰੀ ਸੈਣ ਭਗਤ ਕੀਆਂ ਹਨ। ਇਨ੍ਹਾਂ ਪਰਚੀਆਂ ਵਿਚ ਸੈਣ ਜੀ ਦੇ ਜੀਵਨ ਤੇ ਚਮਤਕਾਰਾਂ ਨੂੰ ਕਈ ਵਾਰ ਦੁਹਰਾਇਆ ਗਿਆ ਹੈ। ਪਰਚੀਆਂ ਵਿਚ ਧੰਨਾ, ਰਵਿਦਾਸ, ਤ੍ਰਿਲੋਚਨ, ਸਧਨਾ, ਨਾਮਦੇਵ, ਸੂਰਦਾਸ ਦੇ ਨਾਮ ਆਉਂਦੇ ਹਨ:-

**ਧੰਨਾ ਤੇ ਰਵਿਦਾਸ ਜੀ ਤ੍ਰਿਲੋਚਨ ਸਧਨਾ ਜਾਣ।।**
**ਸੂਰਦਾਸ ਅਰ ਨਾਮਦੇਵ ਕੀਰਤਨ ਕੀਤਾ ਜਾਮ।।**

ਆਰਤੀ ਪਿੱਛੋਂ ਸਿਰੀ ਰਾਗ, ਮਾਝ, ਗਾਉੜੀ, ਆਸਾ, ਗੂਜਰੀ, ਦੇਵ ਗੰਧਾਰੀ, ਬਿਹਾਗੜਾ, ਧਨਾਸਿਰੀ, ਟੋਡੀ, ਰਾਗ ਕਲਿਆਣ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਹਿੰਡੋਲ, ਜੈਜਾਵੰਤੀ, ਨਟ, ਮਾਲੀ ਗਉੜਾ, ਕੇਦਾਰਾ, ਮਲ੍ਹਾਰ, ਕਾਨੜਾ, ਪ੍ਰਭਾਤੀ, ਵਡਹੰਸ, ਭੈਰਉ, ਤੁਖਾਰੀ, ਭੈਰਵੀ ਮਾਝ, ਗੋਂਡ, ਸੂਹੀ ਰਾਗਾਂ ਦੇ ਸਿਰਲੇਖ ਦੇ ਕੇ ਸੈਣ ਜੀ ਵੱਲੋਂ ਅਧਿਆਤਮਕ ਭਾਵ ਦੀ ਬਾਣੀ ਰਚੀ ਦੱਸ ਕੇ ਲਿਖੀ ਹੈ। ਪਦੇ, ਸ਼ਲੋਕਾਂ ਤੇ ਪਾਉੜੀ ਦੇ ਅੰਤ ਵਿਚ 'ਸੈਣ' ਛਾਪ ਦੀ ਵਰਤੋਂ ਵੀ ਕੀਤੀ ਗਈ ਹੈ। ਇਸ ਗ੍ਰੰਥ ਦੇ 786 ਸਫ਼ੇ ਹਨ। 'ਸ੍ਰੀ ਸੈਣ ਸਾਗਰ ਗ੍ਰੰਥ' ਇਕ ਹੱਥ ਲਿਖਤ ਗ੍ਰੰਥ ਹੈ। ਇਹ ਪਿੰਡ ਅਕਾਲਗੜ੍ਹ ਨਜ਼ਦੀਕ ਮਹਿਤਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਵਰਗੀ ਡਰਾਈਵਰ ਸ. ਹਰਜਿੰਦਰ ਸਿੰਘ ਗੋਲੂ ਦੇ ਘਰ ਸੁਸ਼ੋਭਿਤ ਹੈ। ਸ੍ਰੀ ਸੈਣ ਜੀ ਦੀ 'ਸੈਣ ਸਾਗਰ ਗ੍ਰੰਥ' ਵਿਚ ਦਰਜ ਬਾਣੀ ਅਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕਰਨ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਪਲਬਧ ਹੋ ਜਾਂਦੀ ਤਾਂ ਉਨ੍ਹਾਂ ਦੀ ਕਾਫੀ ਬਾਣੀ ਉਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋ ਜਾਣੀ ਸੀ।

ਸੈਣ ਜੀ ਦੇ ਰਚਿਤ ਸਵੱਈਏ ਵੀ ਹਨ। ਉਹਨਾਂ ਦੀ ਰਚਨਾ ਦੀ ਇਕ ਟੂਕ ਨਿਮਨ-ਲਿਖਤ ਇਸ ਤਰ੍ਹਾਂ ਹੈ:

ਸੈਣ ਦਾਸ ਮੈਂ ਬਲ ਬਲ ਜਾਵਾਂ, ਗੁਰੂ ਪੂਰੇ ਮਨਮਾਨੀ।।

ਉਨ੍ਹਾਂ ਦੇ ਰਚੇ ਹੋਏ ਪਦਿਆਂ ਦਾ ਇਕ ਨਮੂਨਾ ਇਸ ਪ੍ਰਕਾਰ ਹੈ:

ਪਾਉਣ ਪਾਣੀ ਜੁ ਸਿਮਰ ਕੇ ਪ੍ਰਿਥੀ ਤੇ ਅਕਾਸ਼।।
ਚੰਦ ਸੂਰਜ ਜੋ ਸਿਮਰਦੇ ਫਿਰਦੇ ਦਿਨ ਤੇ ਰਾਤ।।

ਸੈਣ ਜੀ ਨੇ ਰਾਗ ਕੇਦਾਰਾ ਵਿਚ 'ਕਿਆ ਮੇਰਾ ਕਿਆ ਤੇਰਾ' ਸ਼ਬਦ ਗਾਇਆ। ਮਾਝ ਰਾਗ ਵਿਚ ਵੀ ਇਸੇ ਤਰ੍ਹਾਂ:

ਰਾਮ ਨਾਮ ਭਜ ਪਰਾਨੀ ਗੁਰ ਪੇਖਣ ਕੈਤਾਈ।।
ਰਤਨ ਨਾਮ ਪ੍ਰਭ ਜੀ ਮੋਹਨ ਪ੍ਰਭ ਗੁਸਾਈ।।

ਕਈ ਥਾਵਾਂ ਤੇ ਮੀਰਾ ਬਾਈ ਦੇ ਭਜਨਾਂ ਵਾਲਾ ਰੰਗ ਵੀ ਦੇਖਣ ਨੂੰ ਮਿਲਦਾ ਹੈ:

ਬਲਿ ਬਲਿ ਮੈਂ ਇਸ ਸਤਿਗੁਰ ਕੋ ਜਾਉ।
ਸਤਿਗੁਰੁ ਮੇਲ ਮਿਲਾਵੈ।
ਪ੍ਰੇਮ ਪਿਆਲਾ ਪ੍ਰਭ ਦੀਆ ਘਰ ਹੀ ਮਾਹਿ ਸਮਾਨੇ।
ਜੋਗੀ ਜਤੀ ਤਪੀ ਪਚ ਹਾਰੇ ਘਰ ਕਾ ਭੇਦ ਨਾ ਜਾਨੈ।
ਸਤਿਗੁਰੁ ਸਤ ਸਰੂਪ ਹੈ ਭੇਦ ਨਾ ਕਾਹੂ ਪਾਏ।

(ਬਾਕੀ ਅਗਲੇ ਸਫੇ 'ਤੇ)

# 'ਹਿਰਦੇ ਵਸਿਆ ਪਾਰ ਬ੍ਰਹਿਮ ਭਗਤਾਂ ਮਹਿ ਗਣਿਆ।।'

(ਸਫਾ 29 ਦੀ ਬਾਕੀ)

ਪੂਰਨ ਹਰਿ ਹਰਿ ਜਾਣ ਲੈ ਸੁਚ
ਪ੍ਰਭ ਕਰਣ ਕਾਰਣ ਗੁਜਾਏ।

ਸੈਣ ਜੀ ਨੇ ਆਪਣੇ ਕਿੱਤੇ ਬਾਰੇ ਇਕ ਕਬਿੱਤ ਲਿਖਿਆ ਹੈ-

ਕੈਚੀ ਕਮਾਨ ਨਹੇਰਨ ਕੇ ਤੀਖੇ ਬਾਣ, ਉਸਤਰਾ ਤਲਵਾਰ ਸਾਰ ਹਾਥ ਕੀ ਸਫਾਈ ਹੈ।
ਪਟਾਰੀ ਪਟਾਸ ਕਟੋਰੀ ਭਰੀ ਪਾਸ,
ਅਮੋਲਕ ਚਮਕਾਇ ਧਰੀ ਮਾਣ ਕੀ ਚਤਰਾਈ ਹੈ।
ਅਹਿ ਅਨੂਪ ਚਾਲ ਹਾਥ ਸੇ ਬਣਾਇ ਧਰੀ,
ਜੈਸਾ ਮੁਖ ਹੋਤਾ ਬੀਚ ਤੈਸਾ ਹੀ ਦਿਖਾਈ।
ਪਾਂਚੋਂ ਹਥਿਆਰ ਹੋ ਬਜ਼ਾਰ ਮੇ ਲਗਾਈ ਫੇਰੀ,
ਬੰਦਾ ਜਿਹਾ ਸਿਪਾਹੀ ਸੈਣ ਕਹੈ ਉਹ ਨਾਈ ਹੈ।

ਸੈਣ ਜੀ ਨੇ ਆਪਣੇ ਕਿੱਤੇ ਨੂੰ ਇਕ 'ਮਰਾਠੀ ਅਭੰਗ' ਵਿਚ ਅਜਿਹਾ ਅਧਿਆਤਮਕ ਰੰਗ ਦਿੱਤਾ ਹੈ, ਜਿਸ ਵਿਚੋਂ ਉਹਨਾਂ ਦੀ ਵਿਦਵਤਾ ਤੇ ਉੱਚੀ ਸੂਝ-ਬੂਝ ਝਲਕਾਰੇ ਮਾਰਦੀ ਹੈ। ਆਪਣੇ ਕਿੱਤੇ ਦੀ ਅਜਿਹੀ ਅਧਿਆਤਮਕ ਵਿਆਖਿਆ ਕੋਈ ਵਿਦਵਾਨ ਮਹਾਂਪੁਰਸ਼ ਹੀ ਕਰ ਸਕਦਾ ਹੈ:

ਹਮ ਪਤਲੀ ਹਜਾਮਤ ਬਣਾਏਂਗੇ,
ਬਿਬੇਕ ਕਾ ਦਰਪਣ ਦਿਖਾਏਂਗੇ।
ਅਭਿਮਾਨ ਕੀ ਚੋਟੀ ਦਬਾਏਂਗੇ,
ਭਾਵ ਰਸ ਕੀ ਬਗਲ ਸਾਫ ਕਰੇਂਗੇ।
ਸ਼ਾਂਤੀ ਕੇ- ਜਲ ਸੇ ਸਿਰ ਭਿਗੋਏਂਗੇ,
ਕਾਮ ਕ੍ਰੋਧ ਕੇ ਨਾਖ਼ਨ ਕਾਟੇਂਗੇ।
ਔਰ ਚਾਰੋਂ ਵਰਣੋਂ ਕੀ ਸੇਵਾ ਕਰੇਂਗੇ।

### ਸੈਣ ਜੀ ਦੀ ਰਚਨਾ- 'ਕਬੀਰ ਰਵਿਦਾਸ ਸੰਵਾਦ'

ਸੈਣ ਜੀ ਰਚਿਤ- 'ਕਬੀਰ ਰਵਿਦਾਸ ਸੰਵਾਦ' ਦੀਆਂ ਕਈ ਪੁਰਾਤਨ ਲਿਖਤਾਂ ਹਿੰਦੀ ਅਤੇ ਗੁਰਮੁਖੀ ਵਿਚ ਵੀ ਕਈ ਵਿਦਵਾਨਾਂ ਦੀਆਂ ਸਾਂਭੀਆਂ ਹੋਈਆਂ ਮਿਲਦੀਆਂ ਹਨ। ਇਸ ਰਚਨਾ ਵਿਚ ਕਬੀਰ ਜੀ ਅਤੇ ਰਵਿਦਾਸ ਜੀ ਦੀ ਨਿਰਗੁਣ ਅਤੇ ਸਰਗੁਣ ਭਗਤੀ ਪ੍ਰਤੀ ਚਰਚਾ ਬੜੀ ਉੱਚ ਪਾਏ ਦੀ ਹੈ। ਦੋਹਾਂ ਭਗਤਾਂ ਦੇ ਇਕ ਦੂਸਰੇ ਉਪਰ ਨਿਰਗੁਣ ਅਤੇ ਸਰਗੁਣ ਬਾਰੇ ਵਿਚਾਰਾਂ ਦੇ ਇਕ ਦੂਸਰੇ ਉਪਰ ਪ੍ਰਸ਼ਨ ਤੇ ਉਤਰ ਹਨ। ਰਵਿਦਾਸ ਜੀ ਅਵਤਾਰਵਾਦ ਦੇ ਹੱਕ ਵਿਚ ਆਪਣੇ ਵਿਚਾਰ ਉਭਾਰਦੇ ਹਨ ਅਤੇ ਕਬੀਰ ਜੀ ਅਵਤਾਰਵਾਦ ਦਾ ਵਿਰੋਧ ਕਰਦੇ ਹਨ। ਦੋਹਾਂ ਦਾ ਸੰਵਾਦ ਸੁਣਨ ਅਤੇ ਰਚਣ ਵਾਲੇ ਹਨ ਭਗਤ ਸ੍ਰੀ ਸੈਣ ਜੀ, ਸ੍ਰੀ ਰਾਮ ਚੰਦਰ ਜੀ ਬਾਰੇ ਨਿਮਨ ਕੁਝ ਪੰਕਤੀਆਂ ਹਨ। ਕਬੀਰ ਜੀ ਕਹਿੰਦੇ ਹਨ:

ਸੁਨ ਰਵਿਦਾਸ ਉਹ ਰਾਜਾ ਕਹੀਐ,
ਕਰਣ ਕਾਰਣ ਉਹ ਨਾਹੀਂ।
ਅਦ੍ਰਿਸ਼ਟ ਅਗੋਚਰ ਦ੍ਰਿਸ਼ਟਿ ਨਾ ਆਵੈ,
ਗੁਪਤ ਰਹੇ ਮਨ ਮਾਹੀਂ।

ਰਵਿਦਾਸ ਜੀ ਨੂੰ ਕਬੀਰ ਜੀ ਹੋਰ ਵਿਸਥਾਰ ਵਿਚ ਦੱਸਦੇ ਹਨ:

ਕਾਚੇ ਗੁਰ ਤੇ ਭਰਮ ਨ ਟੂਟੇ, ਮਿਟੈ ਨ ਆਵਣ ਜਾਣੀ।।
ਮ੍ਰਿਤਕ ਪੱਥਰ ਲੈ ਲੈ ਪੁਜਹਿ, ਤੈਂ ਤਤ ਬਸਤ ਨਹੀਂ ਜਾਣੀ।।
ਸੁਨ ਰਵਿਦਾਸ! ਬ੍ਰਹਮ ਨ ਗੋਪੀ ਬ੍ਰਹਮ ਨਾ ਗੋਕਲ, ਬ੍ਰਹਮ ਰੂਪ ਕੋ ਅਵਤਰੀ ਮਾਇਆ।।
ਪੂਰਨ ਬ੍ਰਹਮ ਕਹੀਐ ਅਬਿਨਾਸੀ,
ਸੋ ਕਿਨਹੁ ਬਰਲੈ ਪਾਇਆ।।
ਸਤਿਗੁਰ ਮਿਲੈ ਤਾਂ ਬੁਧਿ ਬਤਾਵੈ,
ਬਿਨ ਗੁਰ ਭਰਮ ਨਾ ਕੋਈ।।
ਜੋ ਕੁਛ ਹੋਇ ਤਾਂ ਦ੍ਰਿਸ਼ਟੀ ਆਵੇ,
ਤੇ ਜਗਤ ਨਹੀਂ ਜਾਨੀ ਕਾਈ।।

ਰਵਿਦਾਸ ਜੀ, ਕਬੀਰ ਜੀ ਨੂੰ ਪ੍ਰਸ਼ਨ ਕਰਦੇ ਹਨ:

ਸੁਨ ਕਬੀਰ ਰਵਿਦਾਸ ਕਰਹੂ ਹੈ
ਤੁਮ ਕਹੀਅਹੁ ਬ੍ਰਹਮ ਗਿਆਨੀ।
ਬ੍ਰਹਮ ਬ੍ਰਹਮ ਕਰ ਭਰਮ ਭੁਲਾਨੇ ਤਤ ਬਸਤ ਨਹੀਂ ਜਾਨੀ।
ਤਤੁ ਹਮਾਰੋ ਨੰਦ ਕੇ ਨੰਦਨ, ਪ੍ਰਗਟ ਭਏ ਜਗ ਮਾਹੀ।
ਤੁਮਰਾ ਬ੍ਰਹਮ ਕਿਨੈ ਨਹੀਂ ਦੇਖਿਆ?
ਤੁਮ ਲਾਜ ਮਰਤ ਕਿਉ ਨਹੀਂ?

ਕਬੀਰ ਜੀ ਜਵਾਬ ਦਿੰਦੇ ਹਨ:

ਰਵਿਦਾਸ, ਬ੍ਰਹਮ ਗਿਆਨ ਬਿਨ, ਬ੍ਰਹਮ ਧਿਆਨ ਬਿਨ ਹਿਰਦਾ ਸ਼ੁਧ ਨਾ ਹੋਈ।।
ਏਕੋ ਬ੍ਰਹਮ ਸਗਲ ਮਹਿ ਵਰਤੈ, ਦੂਜਾ ਅਵਰ ਨਾ ਕੋਈ।।
ਜੋ ਠਾਕਰ ਤੁਮ ਹੀ ਕਰ ਜਾਨਿਆ,
ਤਿਨ ਭੀ ਬ੍ਰਹਮ ਨਾ ਚਾਖਿਆ।।
ਸ਼ਬਦ ਅਤੀਤ ਏਕੋ ਹੈ, ਬਿਨ ਗੁਰ ਕਿਤੇ ਨਾ ਲਖਿਆ।।

ਸੰਬਾਦ ਦਾ ਅੰਤਿਮ ਪਦਾ:

ਪਥਰ ਪੋਟ ਬਿਮਲ ਜਲ ਤਾਰਹੁ ਗੁਰ ਖੋਜਹੁ ਦੋ ਸੂਰਾ।।
ਜੋ ਗੁਰ ਮਿਲੈ ਤਾਂ ਸਹਸਾ ਬਿਨਸੈ ਅਨਹਦ ਵਾਜੇ ਤੂਰਾ।।
ਅਨਹਦ ਵਾਜੇ ਤਾਂ ਮਨੁਆ ਲਾਗੈ ਸੋਗ ਬਿਓਗ ਬਿਨਾਸੇ।।
ਕਹੈ ਕਬੀਰ ਸੁਨਹੁ ਰਵਿਦਾਸਾ ਸਭਿ ਕਾਰਜ ਅਹਿਰਾਸੇ।।

ਸੰਵਾਦ ਸੰਪੂਰਨ ਹੁੰਦਾ ਹੈ:

ਦੇਵੀ, ਸੈਨ, ਰਵਿਦਾਸ,
ਕਬੀਰੈ ਚਹੂੰ ਮਿਲ ਅੰਮ੍ਰਿਤ ਮਥਿਆ।।
ਕਹਿਤ ਪੁਨੀਤ ਸੁਨਤੇ ਪਵਿਤ੍ਰ ਜਪੰਦਿਆਂ ਕੁਲ ਤਾਰਿਆ।।
ਤਿਨ ਜੀਤਾ ਸਭ ਸੰਸਾਰ, ਜਿਨ ਮਨੂਆ ਮਾਰਿਆ।।
ਬੋਲੋ ਜੀ ਵਾਹਿਗੁਰੂ।।

'ਕਬੀਰ ਰਵਿਦਾਸ ਸੰਵਾਦ' ਬਾਰੇ ਪ੍ਰਸਿੱਧ ਵਿਦਵਾਨ ਸ੍ਰੀ ਰਾਮ ਕੁਮਾਰ ਵਰਮਾ ਆਪਣੀ ਪ੍ਰਸਿੱਧ ਰਚਨਾ 'ਕਬੀਰ' ਵਿਚ ਸੰਵਾਦ ਬਾਰੇ ਚਰਚਾ ਕਰਦਿਆਂ ਨਿਰਣਾ ਕੱਢਦੇ ਹਨ: 'ਕਬੀਰ ਔਰ ਰੈਦਾਸ ਸੰਵਾਦ' ਯਹ 69 (ਉਨੱਤਰ) ਛੰਦੋਂ ਮੇਂ ਲਿਖਾ ਗਿਆ ਹੈ, ਔਰ ਇਸ ਮੇਂ ਕਬੀਰ ਰੈਦਾਸ ਕਾ ਸੰਵਾਦ ਵਰਣਨ ਹੈ। ਯਹ ਸੈਣ ਵਹੀ ਹੈ। ਜਿਸਕਾ ਜ਼ਿਕਰ ਸ੍ਰੀ ਨਾਭਾ ਦਾਸ ਜੀ ਨੇ ਅਪਨੀ 'ਭਗਤ ਮਾਲਾ' ਮੇਂ ਸ੍ਰੀ ਰਾਮਾਨੰਦ ਕੇ ਸ਼ਿਸ਼ੋ ਮੇਂ ਕੀਆ ਹੈ। ਇਸ ਅਵਤਰਣ ਸੇ ਗਯਾਤ ਹੋਤਾ ਹੈ ਕਿ ਕਬੀਰ ਔਰ ਰਵਿਦਾਸ ਏਕ ਹੀ ਗੁਰੂ ਕੇ ਸ਼ਿਸ਼ ਥੇ। ਇਨ ਸ਼ਿਸ਼ੋ ਕੇ ਸਾਥ ਸੈਣ ਜੀਕਾ ਨਾਮ ਭੀ ਹੈ। ਸੈਣ ਦੁਆਰਾ ਯਹ ਨਿਰਦੇਸ਼ ਪ੍ਰਮਾਣਿਤ ਹੈ।'

### ਸੈਣ ਜੀ ਦਾ ਸਮਾਂ:

ਭਗਤ ਸੈਣ ਜੀ ਬਾਰੇ ਭਗਤਮਾਲਾ ਵਿਚ ਪ੍ਰਸੰਗ ਹੈ ਕਿ ਸੈਣ ਜੀ ਜਿਸ ਰਾਜੇ ਦੀ ਸੇਵਾ ਵਿਚ ਸਨ, ਉਹ ਰਾਜਾ ਵੀ ਸੈਣ ਜੀ ਦੀ ਮਹਾਨ ਅਧਿਆਤਮਕ ਸ਼ਖਸੀਅਤ ਤੇ ਸੰਗਤ ਦੇ ਪ੍ਰਭਾਵ ਕਾਰਨ ਉਹਨਾਂ ਦਾ ਭਗਤ ਬਣ ਗਿਆ। ਇਸ ਪ੍ਰਭਾਵ ਨੂੰ ਹੀ ਅਸੀਂ ਚਮਤਕਾਰ ਕਹਿ ਸਕਦੇ ਹਾਂ। ਹਰ ਸਾਧੂ-ਸੰਤ ਮਹਾਤਮਾ ਪਹਿਲਾਂ ਮਨੁੱਖ ਹਨ ਤੇ ਫਿਰ ਆਪਣੇ ਗੁਣਾਂ ਕਾਰਨ ਵਧੀਆ ਮਨੁੱਖ ਹਨ, ਜੋ ਆਪਣੇ ਵਧੀਆ ਗੁਣਾਂ ਨਾਲ ਤੇ ਪ੍ਰਭਾਵ ਨਾਲ ਹਰ ਜਨ-ਸਧਾਰਨ ਨੂੰ ਵਧੀਆ ਜੀਵਨ ਜਾਚ ਅਪਨਾਉਣ ਦੀ ਪ੍ਰੇਰਨਾ ਦਿੰਦੇ ਹਨ ਤੇ ਮਨੁੱਖ ਨੂੰ ਵਧੀਆ ਨੈਤਿਕ ਜੀਵਨ ਜਿਊਣ ਦੀ ਪ੍ਰੇਰਨਾ ਵੀ ਦਿੰਦੇ ਹਨ। ਮਨੁੱਖ ਨੂੰ ਰੱਬ ਕਹਿਣਾ ਗਲਤ ਹੈ, ਜੇ ਮਨੁੱਖ ਹੀ ਰੱਬ ਹੈ ਤਾਂ ਫਿਰ ਰੱਬ ਕੀ ਹੈ? ਬੱਸ ਇਸ ਤਰ੍ਹਾਂ ਦੇ ਵਧੀਆ ਗੁਣ ਹੋਣ ਕਾਰਨ ਹੀ ਸੈਣ ਜੀ ਨੂੰ ਰਾਜੇ ਨੇ ਨੌਕਰੀ ਤੇ ਨਾ ਆਉਣ ਕਾਰਨ ਕੁਝ ਵੀ ਨਹੀਂ ਕਿਹਾ ਹੋ ਸਕਦਾ ਹੈ? ਉਕਤ ਦੱਸੇ ਗਏ ਸੈਣ ਜੀ ਦੀ ਜੀਵਨੀ ਨਾਲ ਜੋੜੇ ਗਏ ਚਮਤਕਾਰ ਤੇ ਫਿਰ 'ਸਾਹਿਬ ਸਿੰਘ ਜੀ' ਦੇ ਰੂਪ ਵਿਚ ਅਵਤਾਰ ਧਾਰ ਕੇ ਆਉਣ ਦੀ ਭਵਿੱਖਬਾਣੀ ਨੂੰ ਯਥਾਰਥਕ ਤੇ ਵਿਗਿਆਨਕ ਨਜ਼ਰੀਏ ਤੋਂ ਸੱਚ ਨਹੀਂ ਮੰਨਿਆ ਜਾ ਸਕਦਾ। ਇਹ ਤਾਂ ਸੈਣ ਜੀ ਦੇ ਭਗਤਾਂ ਦੀਆਂ ਉਹਨਾਂ ਦੇ ਜੀਵਨ ਨਾਲ ਜੋੜੀਆਂ ਗਈਆਂ ਮਿੱਥਾਂ ਹੀ ਹਨ ਹੋਰ ਕੁਝ ਵੀ ਨਹੀਂ ਹੈ। ਭਗਤੀ ਲਹਿਰ ਦੇ ਤਕਰੀਬਨ ਸਭ ਭਗਤਾਂ ਨਾਲ ਇਸ ਤਰ੍ਹਾਂ ਦੇ ਚਮਤਕਾਰ ਤੇ ਕਰਾਮਾਤਾਂ ਉਹਨਾਂ ਦੇ ਭਗਤਾਂ ਦੀਆਂ ਹੀ ਜੋੜੀਆਂ ਗਈਆਂ ਮਿੱਥਾਂ ਹਨ। ਭਗਤਾਂ ਨੇ ਤਾਂ ਸਗੋਂ ਅਨੇਕਾਂ ਕਸ਼ਟਾਂ ਤੇ ਵਿਰੋਧਾਂ ਦਾ ਸਾਹਮਣਾ ਕੀਤਾ। ਉਸ ਸਮੇਂ ਦੇ ਬ੍ਰਾਹਮਣਵਾਦ ਤੇ ਸਾਮਰਾਜੀ ਤਾਕਤਾਂ ਨੇ ਇਨ੍ਹਾਂ ਭਗਤਾਂ ਦੀ ਲੋਕ-ਲਹਿਰ ਨੂੰ ਦਬਾਉਣ ਦਾ ਸਿਰਤੋੜ ਯਤਨ ਕੀਤਾ, ਪਰ ਉਹ ਕਾਮਯਾਬ ਨਹੀਂ ਹੋਏ, ਸਗੋਂ ਭਗਤਾਂ ਨੇ ਸੰਗਠਿਤ ਹੋ ਕੇ ਸਮਾਜਿਕ ਬਰਾਬਰੀ ਦਾ ਹੱਕ ਪ੍ਰਾਪਤ ਕਰਨ ਲਈ, ਛੂਤ-ਛਾਤ ਨੂੰ ਖਤਮ ਕਰਨ ਲਈ, ਸਮਾਜਿਕ ਕੁਰੀਤੀਆਂ ਦੂਰ ਕਰਨ ਲਈ ਬ੍ਰਾਹਮਣਵਾਦ ਤੇ ਸਾਮਰਾਜੀ ਤਾਕਤਾਂ ਦਾ ਡੱਟ ਕੇ ਵਿਰੋਧ ਕੀਤਾ ਤੇ ਆਮ ਜਨ-ਸਧਾਰਨ ਨੂੰ ਆਪਣੇ ਨਾਲ ਜੋੜ ਲਿਆ ਤੇ ਇਸ ਨੂੰ ਇਕ ਲੋਕ-ਲਹਿਰ ਦੇ ਰੂਪ ਵਿਚ ਪ੍ਰੀਵਰਤਿਤ ਕਰ ਦਿੱਤਾ। ਇਹ ਗੱਲ ਨਾਭਾ ਜੀ ਦੀ ਭਗਤ ਮਾਲਾ ਅਤੇ ਉਸ ਦੇ ਟੀਕਾਕਾਰ ਪ੍ਰਿਯਦਾਸ ਨੇ ਪ੍ਰਮਾਣਿਤ ਕੀਤੀ ਹੈ:

ਬਾਧੇਗੜ੍ਹ ਬਾਸ ਹਰਿ ਸਾਧੂ ਆਸ ਲਾਗੀ,
ਪਰਹੀ ਮਤਿ ਸੁਰਤਿ ਪ੍ਰਭੂ ਪਰਚੇ ਦਿਖਾਯੋ ਹੈ।
ਕਰ ਨਿਤਨੇਮ ਚਲਾਯੇ ਭੂਪ ਕੋ ਲਗਾਊ ਤੇਲ,
ਪਯੋ ਮਗ ਮੇਲ ਸੰਤ, ਫਿਰ ਘਰ ਆਯੋ ਹੈ।
ਟਹਿਲ ਬਨਾਯੋ ਕਰੀ ਨ੍ਰਿਪ ਕੀ ਨਾ ਸੇਕ ਧਰੀ,
ਧਰ ਉਰ ਸਾਂਯ ਜਾਯ ਭੂਪਤ ਰਿਝਾਯੋ ਹੈ।
ਪਾਛੋ ਸੈਣ ਰਾਗਯੋ ਪੰਧ ਪੂਛੇ, ਹਿਯ ਰੰਗ ਛਯੋ,
ਭਯੋ ਅਚਰਜ ਰਾਜਾ ਬਚਨ ਸੁਨਾਯੋ ਹੈ।

ਬਾਧਵਗੜ੍ਹ (ਰੀਵਾ) ਦੇ ਰਾਜੇ ਦਾ ਦੂਜਾ ਨਾਮ ਰਾਮ ਚੰਦਰ ਸੀ। ਇਸ ਰਾਜੇ ਦਾ ਰਾਜ ਕਾਲ 1554 ਤੋਂ 1591 ਈਸਵੀ (ਬਿਕ੍ਰਮੀ 1649) ਹੈ। ਇਸ ਤਰ੍ਹਾਂ ਸੈਣ ਜੀ ਦਾ ਸਮਾਂ ਵੀ ਬਿਕ੍ਰਮੀ ਦੀ ਸੋਲਵੀਂ ਸਦੀ ਦੇ ਮੱਧਕਾਲ ਤੋਂ ਪਿੱਛੋਂ ਤੱਕ ਬਣਦਾ ਹੈ। ਇਹ ਗੱਲ ਵੀ ਯਾਦ ਰੱਖਣ ਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਚਲਾਣੇ ਦਾ ਬਿਕ੍ਰਮੀ ਸੰਮਤ ਅੱਸੂ 1596 ਹੈ। ਇਸ ਲਈ ਇਨ੍ਹਾਂ ਸੰਮਤਾਂ ਤੋਂ ਗੱਲ ਸਾਫ ਹੋ ਜਾਂਦੀ ਹੈ ਕਿ ਸ੍ਰੀ ਰਾਮਾਨੰਦ ਜੀ ਤੇ ਉਹਨਾਂ ਦੇ ਚੇਲੇ ਭਗਤਾਂ ਦਾ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਹੋਣਾ ਨਿਸ਼ਚਿਤ ਹੈ।

ਗੁਰੂ ਨਾਨਕ ਦੇਵ ਜੀ ਨੇ ਰਾਮਾਨੰਦ ਜੀ ਨੂੰ ਅਵਤਾਰਵਾਦ ਦੇ ਚੱਕਰ ਵਿਚੋਂ ਕੱਢ ਕੇ ਨਿਰਾਕਾਰ, ਬ੍ਰਹਮ ਦਾ ਰਹੱਸ ਸਮਝਾਇਆ ਤੇ ਇਹੋ ਪ੍ਰਭਾਵ ਉਹਨਾਂ ਦੇ ਚੇਲਿਆਂ ਤੇ ਪਿਆ ਤੇ ਸਭ ਤੋਂ ਪਹਿਲਾਂ ਕਬੀਰ ਜੀ ਨੇ ਇਹ ਪ੍ਰਭਾਵ ਗ੍ਰਹਿਣ ਕੀਤਾ। ਇਸ ਪ੍ਰਾਪਤੀ ਦਾ ਵਰਣਨ ਰਾਮਾਨੰਦ ਜੀ ਨੇ ਆਪਣੇ ਪਦਿਆਂ ਵਿਚ ਕੀਤਾ ਹੈ, ਜਿਹੜੇ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਨਹੀਂ ਹਨ। ਨਿਮਨ-ਲਿਖਤ ਪਦੇ ਦੀਆਂ ਸਤਰਾਂ ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਦਰਜ ਹਨ:

ਸਤਿਗੁਰੂ ਮੈਂ ਬਲਿਹਾਰੀ ਤੋਰ।
ਜਿਨ ਸਕਲ ਵਿਕਲ ਭਰਮ ਜਾਰੇ ਮੋਰ।
ਰਾਮਾਨੰਦ ਰਮੈ ਏਕ ਬ੍ਰਹਮ।
ਗੁਰ ਕੋ ਏਕ ਸ਼ਬਦ ਕਾਟੇ ਕੋਟ ਕਰਮ।

ਉਕਤ ਭਗਤਾਂ ਦੇ ਸਮਕਾਲੀ ਹੋਣ ਦਾ ਪ੍ਰਮਾਣ ਸੈਣ ਜੀ ਦੀਆਂ ਨਿਮਨ ਲਿਖਤ ਸੱਤਰਾਂ ਤੋਂ ਜ਼ਾਹਿਰ ਹੁੰਦਾ ਹੈ:

ਰਾਮ ਭਗਤ ਰਾਮਾ ਨੰਦ ਜਾਨੈ,
ਪੂਰਨ ਪਰਮਾਨੰਦ ਬਖਾਨੈ।।

ਕਬੀਰ ਜੀ ਦਾ ਕਥਨ ਵੀ ਇਹ ਪ੍ਰਗਟ ਕਰਦਾ ਹੈ ਕਿ ਰਾਮਾਨੰਦ ਜੀ ਉਹਨਾਂ ਦੇ ਗੁਰੂ ਹਨ:

ਭਗਤ ਦ੍ਰਾਵੜ ਊਪਜੀ, ਲਾਏ ਰਾਮਾਨੰਦ।।
ਪ੍ਰਗਟ ਕਰੀ ਕਬੀਰ ਨੇ, ਸਾਤਦੀਪ ਨਵ ਖੰਡ।।
ਰਾਮਾਨੰਦ ਰਾਮ ਰਸ ਮਾਤੇ।
ਕਹਿ ਕਬੀਰ ਹਮ ਕਹਿ ਕਹਿ ਥਾਕੇ।।
ਕਾਂਸ਼ੀ ਮੇਂ ਹਮ ਪ੍ਰਗਟ ਭਏ ਹੈ। ਰਾਮਾਨੰਦ ਚੇਤਾਏ।।
ਗੁਰੂ ਰਾਮਾਨੰਦ ਚਰਨ ਕਮਲ ਪਰ, ਦੀਨੀ ਵਾਰ।।

ਪ੍ਰਸਿੱਧ ਇਤਿਹਾਸਕ ਰਾਮ ਚੰਦਰ ਸ਼ੁਕਲ ਜੀ ਨੇ ਸ੍ਰੀ ਸੈਣ ਜੀ ਬਾਰੇ ਇਸ ਤਰ੍ਹਾਂ ਲਿਖਿਆ ਹੈ:-

ਸੈਣ ਭਗਤ ਰਾਮਾਨੰਦ ਕੇ ਸ਼ਿਸ਼ੋ ਮੇਂ ਪ੍ਰਸਿੱਧ ਹੈ। ਯੇ ਸੈਣ ਭਗਤ ਬਾਧਵਗੜ੍ਹ ਨਰੇਸ਼ ਕੇ ਨਾਈ ਥੇ। ਰਾਮਾਨੰਦ ਜੀ ਸੇ ਦੀਖਸ਼ਾ ਲੇਨੇ ਕੇ ਉਪਰਾਂਤ ਹੀ ਸੈਣ ਜੀ ਪੱਕੇ ਭਗਤ ਹੁਏ ਹੋਂਗੇ ਔਰ ਉਨ ਕੇ ਬਾਰੇ ਮੇਂ ਕਥਾ ਪ੍ਰਸਿੱਧ ਹੁਈ ਹੋਗੀ। ਤੋਂ ਸੰਬਤ 1575 ਜਾਂ 1580 ਤੱਕ ਰਾਮਾਨੰਦ ਜੀ ਕਾ ਰਹਿਨਾ ਠਹਿਰਤਾ ਹੈ। ਉਨ ਕਾ ਸਮਯ ਬਿਕ੍ਰਮੀ ਕੀ 15ਵੀਂ ਸ਼ਤੀ ਕੇ ਚਤ੍ਰਥ ਔਰ 16ਵੀਂ ਸ਼ਤੀ ਕੇ ਤ੍ਰਿਤੀਯ ਚਰਨ ਕੇ ਭੀਤਰ ਮਾਨਾ ਜਾ ਸਕਤਾ ਹੈ।''

### ਭਗਤਾਂ ਵਿਚ ਆਪਸੀ ਸਾਂਝ ਹੈ

ਸੈਣ ਜੀ, ਰਵਿਦਾਸ ਜੀ ਤੇ ਕਬੀਰ ਜੀ ਵਿਚ ਆਪਸੀ ਸਾਂਝ ਦੇ ਸੰਕੇਤ ਵੀ ਮਿਲਦੇ ਹਨ। ਇਹ ਤਿੰਨੋਂ ਭਗਤ ਸਮਕਾਲੀ ਸਨ ਤੇ ਇਨ੍ਹਾਂ ਵਿਚ ਵਿਚਾਰਧਾਰਕ ਪੱਖ ਤੋਂ ਸਾਂਝ ਹੋਣ ਦੇ ਵੀ ਸਬੂਤ ਮਿਲਦੇ ਹਨ। ਅਨੰਤ ਦਾਸ ਜੀ ਦੀਆਂ 'ਪਰਚੀਆਂ' ਭਗਤਾਂ ਬਾਰੇ ਇਕ ਪੁਰਾਤਨ ਗ੍ਰੰਥ' ਹੈ। ਉਸ ਦੀ ਰਚਨਾ ਦਾ ਸੰਮਤ 1645 ਹੈ। ਇਸ ਗ੍ਰੰਥ ਵਿਚ ਇਨ੍ਹਾਂ ਤਿੰਨਾਂ ਭਗਤਾਂ ਦੇ ਮੇਲ ਦੇ ਢੁਕਵੇਂ ਜ਼ਿਕਰ ਹਨ। ਇਹਨਾਂ ਭਗਤਾਂ ਦੀ ਏਕਤਾ ਦੇ ਉਸ ਸਮੇਂ ਦੇ ਬ੍ਰਾਹਮਣ ਘੋਰ ਵਿਰੋਧੀ ਸਨ ਕਿਉਂਕਿ ਇਨ੍ਹਾਂ ਨੇ ਬ੍ਰਾਹ-ਮਣਵਾਦ ਤੇ ਸਮਾਜਿਕ ਬਰਾਬਰੀ ਦੇ ਹੱਕ ਲਈ ਆਪਣਾ ਸੰਯੁਕਤ ਮੋਰਚਾ ਖੋਲ੍ਹ ਰੱਖਿਆ ਸੀ। ਇਨ੍ਹਾਂ ਨੇ ਕਈ ਵਾਰ ਇਕ ਸਾਂਝੇ ਮੰਚ ਤੋਂ ਆਪਣੇ ਵਿਚਾਰਾਂ ਦਾ ਪ੍ਰਗਟਾ ਵੀ ਕੀਤਾ।

ਇਤਿਹਾਸਕਾਰਾਂ ਅਨੁਸਾਰ ਉਸ ਸਮੇਂ ਚਿਤੌੜ ਦੀ ਰਾਣੀ ਝਾਲਾਵਾਈ, ਜੋ ਮੀਰਾਬਾਈ ਦੀ ਸੱਸ ਦੱਸੀ ਜਾਂਦੀ ਹੈ, ਰਵਿਦਾਸ ਜੀ ਤੋਂ ਬਹੁਤ ਪ੍ਰਭਾਵਿਤ ਸੀ। ਝਾਲਾਵਾਈ ਰਵਿਦਾਸ ਜੀ ਦੇ ਦਰਸ਼ਨਾਂ ਲਈ ਪਹੁੰਚੀ। ਉੱਚੀ ਕੁੱਲ ਦੇ ਆਹੰਕਾਰੀਆਂ ਵਿਚ, ਖਾਸ ਕਰ ਬ੍ਰਾਹਮਣਾਂ ਵਿਚ ਖਲਬਲੀ ਮੱਚ ਗਈ। ਜਾਤ ਅਭਿਮਾਨੀਆਂ ਵਿਚ ਕਬੀਰ ਤੇ ਸੈਣ ਜੀ ਬਾਰੇ ਪਹਿਲਾਂ ਹੀ ਕਾਫੀ ਤਿੱਖਾ ਵਿਰੋਧ ਚੱਲ ਰਿਹਾ ਸੀ। ਇਸ ਤਰ੍ਹਾਂ ਰਵਿਦਾਸ ਜੀ ਦੀ ਵੱਧ ਰਹੀ ਮਾਨਤਾ ਤੋਂ ਉਹ ਹੋਰ ਔਖੇ ਹੋ ਗਏ।

ਉਕਤ ਦੱਸੇ ਗ੍ਰੰਥਾਂ ਦੀਆਂ ਪਰਚੀਆਂ ਵਿਚ ਲਿਖਿਆ ਹੈ ਕਿ ਰਵਿਦਾਸ ਜੀ, ਸੈਣ ਜੀ ਨੂੰ ਨਾਲ ਲੈ ਕੇ ਕਬੀਰ ਜੀ ਪਾਸ ਸਲਾਹ ਕਰਨ ਗਏ, ਨੇ ਝਾਲਾਵਾਈ ਨੂੰ ਦੀਖਿਆ ਦਿੱਤੀ ਜਾਵੇ ਜਾਂ ਨਾ? ਕਿਉਂਕਿ ਬ੍ਰਾਹਮਣ ਇਸ ਦੇ ਘੋਰ ਵਿਰੋਧੀ ਹਨ। ਰਵਿਦਾਸ ਜੀ ਨੇ ਕਬੀਰ ਜੀ ਨਾਲ ਸਲਾਹ ਕਰਨੀ ਠੀਕ ਸਮਝੀ। ਇਸ ਗੱਲ ਦਾ ਸੰਕੇਤ ਨਿਮਨ-ਲਿਖਤ ਸੱਤਰਾਂ ਤੋਂ ਸਾਫ ਝਲਕਦਾ ਹੈ:

ਏਹ ਬਤਾਈ ਕਬੀਰ ਭਾਈ। ਝਾਲੀ ਸਿੱਖ ਹੋਣ ਹੈ ਆਈ?
ਤਬ ਕਬੀਰ ਮਨ ਉਪਜੀ ਲੱਜਾ।
ਮੇਰੇ ਕਾਮ ਨਾ ਰਾਣੀ ਰਾਜਾ।।
ਨਿਜ ਹਰਿ ਭਗਤ ਸੈਣ ਹੈ ਨਾਉ।।
ਬਾਧੋਘੋ ਗਾਢਿ ਸੌ ਮੋ ਚਲ ਆਉ।।
ਬਾਮਨ ਹਠਿ ਕਰੇ ਆਪ ਘਾਤਾਂ,
ਗਯਾਨ ਧਯਾਨ ਕੀ ਸੁਨੇ ਨਾ ਬਾਤਾਂ।।
ਬ੍ਰਹਮ ਸੀਖ ਦੈ ਤਊ ਮਾਨੈ।
ਹਮਹਿ ਤੁਮਹਿ ਕਮੀਨ ਕਰ ਜਾਨੈ।।
ਭਗਤ ਹੇਤਿ ਹੈ ਦਾਸ ਪਠਾਯੋ। ਸੋ ਕਬੀਰ ਕੋ ਬੂਝਨ ਆਯੋ।।
ਬਾਮਣ ਪੋਲ ਹਮਾਰੀ ਮਰੇਹੀ। ਦੇਹ ਮਤੋਂ ਹਮ ਕੈਸੀ ਕਰਹੀ।
ਕਹੈ ਕਬੀਰ ਨਾਮਾਨੇ ਸਾਖਾ। ਜਿਨ ਖਾਈ ਰਾਜਨ ਕੀ ਭੀਖਾ।।
ਮੈ ਰੈਦਾਸ ਬਹੁਤ ਮਨ ਭਾਈ। ਐਸੀ ਸੀਖ ਕਬੀਰ ਪੜ੍ਹਾਈ।।
ਤਬ ਰੈਦਾਸ ਕਹੈ ਸਮਝਾਈ। ਕੈਸੇ ਕਹੇ ਸੋ ਮਾਨੇ ਭਾਈ।।
ਇਤ ਹਰਿ ਭਗਤ ਸੈਨ ਰੈਦਾਸ।
ਹਰਿ ਗੁਣ ਗਾਵੈ ਢਾਰੇ ਆਸ।।
ਸਾਂਝੀ ਬੇਰ ਸੈਨ ਰੈਦਾਸਾ। ਚਲ ਆਯੋ ਕਬੀਰ ਕੇ ਪਾਸਾ।।
ਆਦਰ ਕਰ ਕਬੀਰ ਬੈਠਾਰੇ। ਸਮਾਚਾਰ ਸਭ ਸੁਨੇ ਤੁਮਾਰੇ।।
ਤਬ ਕਬੀਰ ਕੋ ਬਚਨ ਸੁਨਾਵਾ।
ਚਤੌਰ ਤੇ ਹਮ ਕੋ ਚਲ ਆਵਾ।।
ਆਗਿਆ ਦੇਹ ਤੇਰੀ ਆਸ ਹਰੀ।
ਕਹੋ ਚਲੇ ਕਹੋ ਉਤਰ ਕਰ ਹੀ।।
ਤਬ ਰਵਿਦਾਸ ਬਿਦਾਰੀ ਬਾਤਾ।
ਗੁਰ ਸਮਾਨ ਕਬੀਰ ਵਡ ਭਗਤਾ।।
ਤਾਕੋ ਬੂਝਣ ਪ੍ਰਾਤ ਉਧਾਰੇ। ਆਦਰ ਕਰ ਕਬੀਰ ਬੈਠਾਰੇ।।

ਕਬੀਰ ਜੀ ਨੂੰ ਰਵਿਦਾਸ ਜੀ ਵੱਡੇ ਭਰਾ ਸਮਾਨ ਸਮਝਦੇ ਹਨ ਆਪਣਾ ਗੁਰੂ ਨਹੀਂ। ਕਬੀਰ ਜੀ ਇਸ ਵੇਲੇ ਨਿਰਗੁਣਵਾਦ ਦੇ ਕੱਟੜ ਧਾਰਨੀ ਬਣ ਚੁੱਕੇ ਸਨ ਅਤੇ ਰਵਿਦਾਸ ਜੀ ਅਜੇ ਸਰਗੁਣ ਪ੍ਰਭਾਵੀ ਹੀ ਸਨ। ਪਰਚੀ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਜਦੋਂ ਤਿੰਨ ਭਗਤ ਕਬੀਰ, ਸੈਣ ਅਤੇ ਰਵੀਦਾਸ ਜੀ ਮਿਲ ਕੇ ਸੰਗਤ ਕਰਨ ਲੱਗੇ ਤਾਂ ਚਤ੍ਰਭੁਜ ਦੇ ਦਰਸ਼ਨ ਹੋਏ। ਕਬੀਰ ਜੀ ਉਨ੍ਹਾਂ ਦਰਸ਼ਨਾਂ ਉਤੇ ਨਾ ਪਤੀਜੇ, ਕਬੀਰ ਜੀ ਦੇ ਮਨ ਵਿਚ ਨਿਰਗੁਣ ਰਚ ਚੁੱਕਿਆ ਸੀ:

ਕਬੀਰ ਕੇ ਮਨ ਨਿਰਗੁਣ ਰਾਜੈ,
ਔਰ ਸਭੈ ਮਤ ਕਹੀਯੋ ਕਾਚੈ।।

ਮਹਾਂਰਾਸ਼ਟਰ ਅਤੇ ਸੈਣ ਜੀ ਦਾ ਸਬੰਧ ਵੀ ਕਾਫੀ ਸਮਾਂ ਰਿਹਾ ਹੈ, ਸੈਣ ਜੀ ਬਾਰੇ ਮਰਾਠੀ ਵਿਚ 'ਸਾਰਥੀ ਪ੍ਰਕਾਸ਼ਨ' ਵੱਲੋਂ ਛਾਪੀ ਗਈ ਪੁਸਤਕ ਮਿਲਦੀ ਹੈ। ਇਸ ਦੇ ਲੇਖਕ 'ਗੋਸਾਂਬੀ ਜੀ' ਹਨ। ਇਸ ਵਿਚ ਸੈਣ ਜੀ ਦੀ ਜੀਵਨੀ ਬਾਰੇ ਅਤੇ ਸੈਣ ਜੀ ਦੇ ਗੀਤਾਂ ਬਾਰੇ ਵਿਆਖਿਆ ਹੈ।

ਵਿਦਵਾਨ ਪਰਸ਼ੂ ਰਾਮ ਚਤ੍ਰਵੇਦੀ ਸੈਣ ਜੀ ਬਾਰੇ ਤਿੰਨ ਮੱਤ ਸਾਹਮਣੇ ਲਿਆਉਂਦੇ ਹਨ। ਪਹਿਲਾ ਇਹ ਹੈ ਕਿ ਸੈਣ ਜੀ ਬਿਦਰ ਦੇ ਰਾਜੇ ਪਾਸ ਨੌਕਰੀ ਕਰਦੇ ਹਨ। ਦੂਸਰਾ ਮੱਤ ਸੈਣ ਜੀ ਵਾਧਵਗੜ੍ਹ ਦੇ ਨਰੇਸ਼ ਪਾਸ ਨੌਕਰੀ ਕਰਦੇ ਸਨ। ਤੀਸਰਾ ਮੱਤ ਹੈ ਕਿ ਸੈਣ ਜੀ ਸਰਗੁਣ ਭਗਤੀ ਤੋਂ ਨਿਰਗੁਣ ਵੱਲ ਪ੍ਰਵਰਤਿਤ ਹੋਏ। ਪਹਿਲਾ ਉਹ ਸਰਗੁਣੀ ਵੀ ਸਨ ਤੇ ਬਾਅਦ ਵਿਚ ਨਿਰਗੁਣੀ ਹੋ ਗਏ। ਇੱਥੇ ਇਹ ਗੱਲ ਵੀ ਖਾਸ ਤੌਰ ਤੇ ਯਾਦ ਰੱਖਣੀ ਚਾਹੀਦੀ ਹੈ ਕਿ 'ਕਬੀਰ ਰਵਿਦਾਸ ਸੰਵਾਦ' ਦੇ ਰਚਾਇਤਾ ਸੈਣ ਜੀ ਆਪ ਹਨ। ਇਸ ਸੰਵਾਦ ਦਾ ਸੈਣ ਜੀ ਤੇ ਨਿਰਗੁਣਵਾਦ ਦਾ ਅਸਰ ਨਾ ਹੋਇਆ ਹੋਵੇ, ਇਹ ਕਦੇ ਵੀ ਮੰਨਿ-ਨਆ ਨਹੀਂ ਜਾ ਸਕਦਾ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਉਨ੍ਹਾਂ ਦਾ ਸਤਿਕਾਰ ਚਮਤਕਾਰਾਂ ਕਰਕੇ ਨਹੀਂ ਹੈ, ਸਗੋਂ ਉਨ੍ਹਾਂ ਦੇ ਹਿਰਦੇ ਵਿਚ ਪਾਰ-ਬ੍ਰਹਮ ਦੇ ਵਾਸ ਹੋ ਜਾਣ ਕਾਰਨ ਗਿਣਿਆ ਗਿਆ ਹੈ। ਇਸੇ ਕਰਕੇ ਹੀ ਉਨ੍ਹਾਂ ਦਾ ਨਾਮ ਭਗਤੀ ਮੱਤ ਦੇ ਮਹਾਨ ਭਗਤਾਂ ਵਿਚ ਗਿਣਿਆ ਜਾਂਦਾ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਗੁਰਬਾਣੀ ਦੀਆਂ ਆਸਾ ਰਾਗ ਵਿਚ ਆਈਆਂ ਨਿਮਨ-ਲਿਖਤ ਸੱਤਰਾਂ ਇਸ ਗੱਲ ਦੀ ਸਾਹਦੀ ਭਰਦੀਆਂ ਹਨ:-

ਸੈਣ ਨਾਈ ਬੁਤਕਾਰੀਆ ਓਹੁ ਘਰ ਘਰ ਸੁਣਿਆ।।
ਹਿਰਦੇ ਵਸਿਆ ਪਾਰ ਬ੍ਰਹਿਮੁ ਭਗਤਾਂ ਮਹਿ ਗਣਿਆ।।

ਸਿੱਖ ਧਰਮ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਲਿਤਾਂ ਤੇ ਨੀਵੇਂ ਵਰਗਾਂ ਨਾਲ ਖਲੋ ਕੇ ਜਾਤ ਪਾਤ ਦੇ ਭੇਦ ਭਾਵ ਨੂੰ ਮਿਟਾਇਆ 'ਸਰਬੱਤ ਦੇ ਭਲੇ' ਦੀ ਗੱਲ ਕੀਤੀ। ਲੰਗਰ ਤੇ ਸੰਗਤ ਸ਼ੁਰੂ ਕਰਕੇ 'ਸਮਾਜਿਕ-ਬਰਾਬਰੀ' ਦੀ ਨੀਂਹ ਰੱਖੀ ਤੇ ਮਾਨਵਵਾਦ ਦੀ ਗੱਲ ਕੀਤੀ।

ਉਨ੍ਹਾਂ ਤੋਂ ਬਾਅਦ ਆਉਣ ਵਾਲੇ ਦੂਸਰੇ ਗੁਰੂ ਸਾਹਿਬਾਨ ਨੇ ਵੀ ਇਸ ਸਿਧਾਂਤ ਤੇ ਪਹਿਰਾ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ 'ਸਮਾਜਿਕ-ਬਰਾਬਰੀ' ਦਾ ਇਹ ਸਿਧਾਂਤ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੀ ਸੰਪਾਦਨਾ ਨਾਲ, ਉਸ ਸਮੇਂ ਆਪਣੀ ਚਰਨ-ਸੀਮਾ ਤੇ ਪਹੁੰਚ ਜਾਂਦਾ ਹੈ, ਜਦੋਂ ਉਹ ਵੱਖ ਵੱਖ ਵਰਗਾਂ/ਜਾਤਾਂ ਤੇ ਇਲਾਕਿਆਂ ਦੇ ਰਹਿਬਰਾਂ ਤੇ ਮਹਾਨ ਅਧਿਆਤਮਕ ਸ਼ਖਸੀਅਤਾਂ ਦੀਆਂ ਬਾਣੀਆਂ ਨੂੰ ਸ਼ਬਦ ਗੁਰੂ-ਗੁਰਮਤਿ ਦਾ ਦਰਜਾ ਦੇ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸੰਪਾਦਿਤ ਕਰ ਦਿੰਦੇ ਹਨ। ਇਸ ਤੋਂ ਵੱਡੀ 'ਸਮਾਜਿਕ-ਬਰਾਬਰੀ' ਦੀ ਉਦਾਹਰਣ ਸੰਸਾਰ ਦੇ ਮਾਨਵਵਾਦ ਦੇ ਇਤਿਹਾਸ ਵਿਚ ਕਿਤੇ ਹੋਰ ਨਹੀਂ ਮਿਲਦੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਪੰਜ ਪਿਆਰੇ' ਭਾਵ 'ਪੰਥ-ਖਾਲਸਾ' ਦੀ ਸਿਰਜਣਾ ਕਰਕੇ ਸਿੱਖ ਧਰਮ ਦੇ ਇਸ ਸਿਧਾਂਤ ਨੂੰ ਉਚਾਈਆਂ ਦੀਆਂ ਬੁਲੰਦੀਆਂ ਤੱਕ ਲੈ ਜਾਂਦੇ ਹਨ।

ਉਕਤ ਚਰਚਾ ਕਰਨ ਉਪਰੰਤ ਇਸ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਸਤਿਗੁਰੂ ਸੈਣ ਜੀ ਭਗਤੀ ਲਹਿਰ ਦੇ ਸਿਰਮੌਰ ਭਗਤਾਂ ਵਿਚ ਗਿਣੇ ਜਾਂਦੇ ਹਨ। ਉਹ ਪਹਿਲਾਂ ਸਰਗੁਣਵਾਦੀ ਸਨ ਤੇ ਬਾਅਦ ਵਿਚ ਸਾਰੀ ਭਗਤ ਮੰਡਲੀ ਤੇ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਲਾਪ ਤੇ ਉਹਨਾਂ ਦੀ ਨਿਰਗੁਣਵਾਦੀ ਵਿਚਾਰਧਾਰਾ ਉਤੇ ਖੁੱਲ੍ਹ ਕੇ ਹੋਈ ਚਰਚਾ ਦਾ ਬਹੁਤ ਪ੍ਰਭਾਵ ਪਿਆ ਤੇ ਇਹ ਸਾਰੇ ਭਗਤ ਨਿਰਗੁਣਵਾਦੀ ਬਣ ਗਏ। ਸੈਣ ਜੀ ਨੇ ਉਸ ਅਕਾਲ ਪੁਰਖ-ਪਾਰਬ੍ਰਹਮ ਦੀ ਪ੍ਰਾਪਤੀ ਵੀ ਕੀਤੀ ਤੇ ਇਸ ਦਾ ਆਨੰਦ ਵੀ ਮਾਣਿਆ। ਪਹਿਲਾਂ ਇਹ ਆਪਣੇ ਇਸ਼ਟਦੇਵ ਲਈ ਤੜਫਦੇ ਵੀ ਹਨ ਤੇ ਉਸ ਲਈ ਆਪਣੀ ਆਦਰਸ਼ ਪ੍ਰੀਤ ਵੀ ਰੱਖਦੇ ਹਨ। ਉਹਨਾਂ ਵਿਚ ਉਸ ਲਈ ਸ਼ਰਧਾ ਤੇ ਜਗਿਆਸਾ ਵੀ ਹੈ ਅਤੇ ਆਪਣੇ ਇਸ਼ਟ ਦੇਵ ਦੀ ਪ੍ਰਾਪਤੀ ਲਈ ਉਹ ਵਲਵਲੇ ਦੇ ਦੇਸ਼ ਯਾਰੀਆਂ ਤੇ ਉਡਾਰੀਆਂ ਵੀ ਲਾਉਂਦੇ ਹਨ। ਉਹਨਾਂ ਨੇ ਪਰਮ ਆਨੰਦ ਦੇ ਭੇਦ ਵੀ ਲੁਕੋਏ ਨਹੀਂ ਰੱਖੇ।

ਅਵਤਾਰਵਾਦ ਦੀ ਬਿੱਖੜੀ ਘਾਟੀ ਵਿਚੋਂ ਵੀ ਲੰਘੇ। ਉਹਨਾਂ ਨੇ ਠਾਕਰ ਪੂਜਾ ਤੋਂ ਲੈ ਕੇ, ਜੋ ਇਕ ਪੱਥਰ ਪੂਜਣ ਦੀ ਭਗਤੀ ਦੀ ਆਰੰਭਕ ਪ੍ਰਕਿਰਿਆ ਸੀ ਤੇ ਬਾਅਦ ਵਿਚ ਅਵਤਾਰਾਂ ਸ੍ਰੀ ਕ੍ਰਿਸ਼ਨ ਜੀ ਤੇ ਸ੍ਰੀ ਰਾਮ ਚੰਦਰ ਜੀ ਦੇ ਗੁਣ ਗਾਉਣ ਦੀ ਭਾਵਨਾ ਨਾਲ ਆਪਣੀ ਆਤਮਾ ਦੀ ਤ੍ਰਿਪਤੀ ਕੀਤੀ। ਉਹਨਾਂ ਨੇ ਆਪਣੀ ਕਿਰਤ ਨੂੰ ਵੀ ਨਹੀਂ ਲੁਕੋਇਆ, ਸਗੋਂ ਉਸ ਦੀ ਬੜੀ ਵਿਦਵਤਾ ਨਾਲ ਇਕ ਮਰਾਠੀ 'ਅਭਿੰਗ' ਵਿਚ ਅਧਿਆਤਮਕ ਰੰਗਣ ਦੀ ਵਿਆਖਿਆ ਕਰਕੇ ਆਪਣੀ ਉੱਚੀ ਸੂਝ-ਬੂਝ ਦਾ ਦਾਰਸ਼ਨਿਕ ਸਬੂਤ ਵੀ ਦਿੱਤਾ। ਛੂਤ-ਛਾਤ ਨੂੰ ਮਿਟਾਉਣ ਲਈ, ਜਾਤ ਪਾਤ ਨੂੰ ਖਤਮ ਕਰਨ ਲਈ ਤੇ ਸਮਾਜਿਕ ਬਰਾਬਰੀ ਨੂੰ ਪ੍ਰਾਪਤ ਕਰਨ ਲਈ ਜਾਤੀ ਅਭਿਮਾਨੀ ਤੇ ਗਿਆਨ ਅਭਿਮਾਨੀ ਬ੍ਰਾਹਮਣਵਾਦ ਦਾ ਰੱਜ ਕੇ ਵਿਰੋਧ ਕੀਤਾ ਤੇ ਉਹਨਾਂ ਦੇ ਫੈਲਾਏ ਗਏ ਕਰਮ-ਕਾਂਡਾਂ ਤੇ ਅੰਧ-ਵਿਸ਼ਵਾਸਾਂ ਦੇ ਜਾਲ ਦੀਆਂ ਤੰਦਾਂ ਨੂੰ ਨੇਸਤਾਨਾਬੂਤ ਕੀਤਾ। ਇਨ੍ਹਾਂ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਭਗਤੀ ਲਹਿਰ ਨੇ ਇਕ ਲੋਕ-ਲਹਿਰ ਨੂੰ ਜਨਮ ਦਿੱਤਾ, ਜਿਸ ਨਾਲ ਆਮ ਦਲਿਤ ਵਰਗ ਤੇ ਹੋਰ ਕਈ ਵਰਗਾਂ ਨੇ ਜੁੜ ਕੇ ਇਹਨਾਂ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਹਮਲਾ ਮਾਰਨਾ ਆਰੰਭਿਆ।

ਇਸ ਲਹਿਰ ਨੇ ਅਕਾਲ ਪੁਰਖ ਪਾਰਬ੍ਰਹਮ ਦੀ ਪ੍ਰਾਪਤੀ ਲਈ ਮਨੁੱਖ ਦੇ ਸੁਤੰਤਰ ਚਿੰਤਨ ਨੂੰ ਜਨਮ ਦਿੱਤਾ। ਸ੍ਰੀ ਸੈਣ ਜੀ ਦੀ ਸਮੁੱਚੀ ਬਾਣੀ ਤੇ ਖਾਸ ਤੌਰ ਤੇ 'ਕਬੀਰ ਰਵੀਦਾਸ ਸੰਵਾਦ' ਉਨ੍ਹਾਂ ਦੀ ਦਾਰਸ਼ਨਿਕਤਾ ਤੇ ਉਚੀ ਸੂਝ ਬੂਝ ਦੀ ਲਿਖਾਇਕ ਹੈ, ਜੋ ਸਾਨੂੰ ਨਿਰਗੁਣਵਾਦ ਦੀ ਪ੍ਰੇਰਨਾ ਦਿੰਦੀ ਹੈ, ਇਹ ਕਲਾ-ਕ੍ਰਿਤਾ ਤੇ ਉਹਨਾਂ ਦਾ ਉੱਚਾ ਤੇ ਸੁੱਚਾ ਅਧਿਆਤਮਕ ਜੀਵਨ ਮਾਨਵਤਾ ਲਈ ਸਦਾ ਪ੍ਰੇਰਨਾ ਸਰੋਤ ਬਣਿਆ ਰਹੇਗਾ।


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED
TIRES
WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

**3525 Highway 99, West Corning, CA 96021**

Across the Street from TA Truck Stop